# PUNJAB VIDHAN SABHA

## DEBATES

***Thursday the 21st February, 2019***

***Vol. VII- No. 7***

OFFICIAL REPORT

CONTENTS


| | |
|---|---|
| Starred Questions and Answers | (7) 1 |
| Short Notice Starred Question and Answer | (7) 39 |
| Postponed Starred Question and Answer | (7) 40 |
| Unstarred Questions and Answers | (7) 42 |
| Matters raised during Zero Hour and Statements made by the Ministers thereon | (7) 47 |
| Welcome announcement by the Speaker | (7) 61 |
| Matters raised during Zero Hour and Statements made by the Ministers thereon *(Resumption)* | (7) 62 |
| Walk out | (7) 67 |
| Matters raised during Zero Hour and Statements made by the Ministers thereon *(Resumption)* | (7) 68 |
| Welcome announcement by the Speaker | (7) 70 |
| Matters raised during Zero Hour and Statements made by the Ministers thereon *(Resumption)* | (7) 71 |
| Calling Attention Notices under Rule 66 | (7) 76 |
| Presentation of Report of the Committee | (7) 108 |



**Punjab Vidhan Sabha Secretariat, Chandigarh**

**Price. Rs............**

| | |
|---|---|
| Non- official Resolution | (7) 108 |
| Official Resolution Reg. Paying Tributes and Bowing Head before Unparallel Sacrifice of the Martyrs of Nankana Sahib on the completion of 99 years of this incident | (7) 108 |
| Non-Official Resolution Reg. Preparing a Master plan and sanctioning a special fund for sufficient and safe buildings for Govt. Primary and Elementary schools by roping in the NRIs | (7) 128 |
| Appendix | (i) |

## ਪੰਜਾਬ ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ. | ਨਾਮ | ਮਹਿਕਮਾ/ਮਹਿਕਮੇ |
|---|---|---|
| 1. | ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ | ਪ੍ਰਸ਼ਾਸਕੀ ਸੁਧਾਰ, ਖੇਤੀਬਾੜੀ ਅਤੇ ਕਿਸਾਨ ਭਲਾਈ, ਬਾਗਬਾਨੀ, ਭੂਮੀ ਤੇ ਜਲ ਸੰਭਾਲ, ਸ਼ਹਿਰੀ ਹਵਾਬਾਜ਼ੀ, ਰੱਖਿਆ ਸੇਵਾਵਾਂ ਭਲਾਈ, ਕਰ ਤੇ ਆਬਕਾਰੀ, ਆਮ ਪ੍ਰਸ਼ਾਸਨ, ਗ੍ਰਹਿ ਮਾਮਲੇ ਤੇ ਨਿਆਂ, ਪ੍ਰਾਹੁਣਾਚਾਰੀ, ਨਿਵੇਸ਼ ਪ੍ਰੋਤਸਾਹਨ ਤੇ ਲੋਕ ਸੰਪਰਕ, ਕਾਨੂੰਨੀ ਤੇ ਵਿਧਾਨਕ ਮਾਮਲੇ, ਪਰਸੋਨਲ, ਵਾਤਾਵਰਨ, ਚੌਕਸੀ, ਜੰਗਲੀ ਜੀਵ, ਪ੍ਰਵਾਸੀ ਭਾਰਤੀ ਮਾਮਲੇ, ਫੂਡ ਪ੍ਰੋਸੈਸਿੰਗ |
| | Captain Amarinder Singh Chief Minister | Administrative Reforms, Agriculture and Farmers' Welfare, Horticulture, Conservation of Land and Water, Civil Aviation, Defence Services Welfare, Excise & Taxation, General Administration, Home Affairs and Justice, Hospitality, Investment Promotion, Information & Public Relations, Legal & Legislative Affairs, Personnel, Environment, Vigilance, Wildlife, NRI Affairs, Food Processing |
| 2. | ਸ਼੍ਰੀ ਬ੍ਰਹਮ ਮਹਿੰਦਰਾ | ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ, ਸੰਸਦੀ ਮਾਮਲੇ, ਚੋਣਾਂ, ਸ਼ਿਕਾਇਤ ਨਿਵਾਰਨ ਮੰਤਰੀ |
| | Shri Brahm Mohindra | Health & Family Welfare, Medical Education & Research , Parliamentary Affairs, Elections, Removal of Grievances Minister |

| | | |
|---|---|---|
| 3. | ਸਰਦਾਰ ਨਵਜੋਤ ਸਿੰਘ ਸਿੱਧੂ<br>Sardar Navjot Singh Sidhu | ਸਥਾਨਕ ਸਰਕਾਰ, ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ ਮੰਤਰੀ<br>Local Government, Tourism and Cultural Affairs Minister |
| 4. | ਸਰਦਾਰ ਮਨਪ੍ਰੀਤ ਸਿੰਘ ਬਾਦਲ<br>Sardar Manpreet Singh Badal | ਵਿੱਤ, ਯੋਜਨਾ, ਪ੍ਰੋਗਰਾਮ ਲਾਗੂਕਰਨ, ਪ੍ਰਸ਼ਾਸਨ ਸੁਧਾਰ ਮੰਤਰੀ<br>Finance, Planning, Programme Implementation, Governance Reforms Minister |
| 5. | ਸਰਦਾਰ ਸਾਧੂ ਸਿੰਘ<br>Sardar Sadhu Singh | ਜੰਗਲਾਤ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ, ਛਪਾਈ ਤੇ ਲਿਖਣ ਸਮੱਗਰੀ ਮੰਤਰੀ<br>Forests, Social Justice, Empowerment Minorities,<br>Printing &Stationery Minister |
| 6. | ਸ਼੍ਰੀ ਓਮ ਪ੍ਰਕਾਸ਼ ਸੋਨੀ<br>Shri Om Parkash Soni | ਸਕੂਲ ਸਿੱਖਿਆ, ਆਜ਼ਾਦੀ ਘੁਲਾਟੀਏ ਮੰਤਰੀ<br>School Education , Freedom Fighters Minister |
| 7. | ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ<br>Sardar Tript Rajinder Singh Bajwa | ਦਿਹਾਤੀ ਵਿਕਾਸ ਤੇ ਪੰਚਾਇਤਾਂ, ਮਕਾਨ ਤੇ ਸ਼ਹਿਰੀ ਵਿਕਾਸ ਮੰਤਰੀ<br>Rural Development & Panchayats, Housing & Urban Development Minister |
| 8. | ਰਾਣਾ ਗੁਰਮੀਤ ਸਿੰਘ ਸੋਢੀ<br>Rana Gurmeet Singh Sodhi | ਖੇਡਾਂ ਅਤੇ ਯੁਵਕ ਮਾਮਲੇ ਮੰਤਰੀ<br>Sports and Youth Affairs Minister |

| | |
|---|---|
| 9. ਸਰਦਾਰ ਚਰਨਜੀਤ ਸਿੰਘ ਚੰਨੀ | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਰੁਜ਼ਗਾਰ ਉਤਪਤੀ, ਸਾਇੰਸ ਤੇ ਤਕਨਾਲੋਜੀ ਮੰਤਰੀ |
| Sardar Charanjit Singh Channi | Technical Education and Industrial Training, Employment Generation, Science & Technology Minister |
| 10. ਸ਼੍ਰੀਮਤੀ ਅਰੁਨਾ ਚੌਧਰੀ | ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ, ਟਰਾਂਸਪੋਰਟ ਮੰਤਰੀ |
| Smt. Aruna Chaudhary, | Social Security, Women & Child Development, Transport Minister |
| 11. ਸ਼੍ਰੀਮਤੀ ਰਜ਼ੀਆ ਸੁਲਤਾਨਾ | ਉਚੇਰੀ ਸਿੱਖਿਆ, ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ |
| Smt. Razia Sultana | Higher Education, Water Supply & Sanitation Minister |
| 12. ਸਰਦਾਰ ਸੁਖਜਿੰਦਰ ਸਿੰਘ ਰੰਧਾਵਾ | ਸਹਿਕਾਰਤਾ, ਜੇਲ੍ਹਾਂ ਮੰਤਰੀ |
| Sardar Sukhjinder Singh Randhawa | Cooperation, Jails Minister |
| 13. ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ | ਮਾਲ, ਪੁਨਰਵਾਸ ਅਤੇ ਕੁਦਰਤੀ ਆਫਤਾਂ ਪ੍ਰਬੰਧਨ, ਜਲ ਸਰੋਤ, ਖਾਣਾਂ ਤੇ ਭੂ-ਵਿਗਿਆਨ ਮੰਤਰੀ |
| Sardar Sukhbinder Singh Sarkaria | Revenue, Rehabilitation and Disaster Management, Water Resources, Mines & Geology Minister |
| 14. ਸਰਦਾਰ ਗੁਰਪ੍ਰੀਤ ਸਿੰਘ ਕਾਂਗੜ | ਊਰਜਾ, ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ |
| Sardar Gurpreet Singh Kangar | Power, New and Renewable Energy Sources Minister |

| | |
|---|---|
| 15. ਸਰਦਾਰ ਬਲਬੀਰ ਸਿੰਘ ਸਿੱਧੂ<br>Sardar Balbir Singh Sidhu | ਪਸ਼ੂ ਪਾਲਣ, ਡੇਅਰੀ ਵਿਕਾਸ, ਕਿਰਤ ਮੰਤਰੀ<br>Animal Husbandry, Dairy Development, Labour Minister |
| 16. ਸ਼੍ਰੀ ਵਿਜੈ ਇੰਦਰ ਸਿੰਗਲਾ<br>Shri Vijay Inder Singla | ਲੋਕ ਨਿਰਮਾਣ, ਸੂਚਨਾ ਤਕਨਾਲੋਜੀ ਮੰਤਰੀ<br>Public Works, Information Technology Minister |
| 17. ਸ਼੍ਰੀ ਸੁੰਦਰ ਸ਼ਾਮ ਅਰੋੜਾ<br>Shri Sunder Sham Arora | ਉਦਯੋਗ ਤੇ ਕਮਰਸ ਮੰਤਰੀ<br>Industries & Commerce Minister |
| 18. ਸ਼੍ਰੀ ਭਾਰਤ ਭੂਸ਼ਣ ਆਸ਼ੂ<br>Shri Bharat Bhushan Ashu | ਖੁਰਾਕ ਤੇ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ<br>Food & Civil Supplies and Consumer Affairs Minister |

## PUNJAB VIDHAN SABHA

*Thursday, the 21st February, 2019*

The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 AM. Mr. Speaker (Rana Kanwar Pal Singh) in the Chair.

-----

## STARRED QUESTIONS AND ANSWERS

### ਜੰਗਲ ਦੀ ਫੈਂਸਿੰਗ ਕਰਨ ਬਾਰੇ

***2048. ਸਰਦਾਰ ਸੰਤੋਖ ਸਿੰਘ :** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਗਗੜੇਵਾਲ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਲਗਭਗ 500 ਏਕੜ ਵਿੱਚ ਫੈਲੇ ਜੰਗਲ ਦੀ ਫੈਂਸ ਨਾ ਹੋਣ ਕਾਰਨ ਜੰਗਲੀ ਜਾਨਵਰ ਕਿਸਾਨਾਂ ਦੀਆਂ ਫਸਲਾਂ ਦਾ ਨੁਕਸਾਨ ਕਰਦੇ ਹਨ; ਜੇਕਰ ਅਜਿਹਾ ਹੈ ਤਾਂ ਕੀ ਜੰਗਲਾਤ ਏਰੀਏ ਦੇ ਬਾਹਰ ਲਗਭਗ 3 ਕਿਲੋਮੀਟਰ ਫੈਂਸ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਤਾਂ ਕਿ ਕਿਸਾਨਾਂ ਨੂੰ ਇਸ ਭਾਰੀ ਪਰੇਸ਼ਾਨੀ ਤੋਂ ਬਚਾਇਆ ਜਾ ਸਕੇ ਅਤੇ ਜੰਗਲੀ ਜਾਨਵਰਾਂ ਦੀ ਵੀ ਸੁਰੱਖਿਆ ਹੋ ਸਕੇ?

**ਸਰਦਾਰ ਸਾਧੂ ਸਿੰਘ :** ਸ਼੍ਰੀਮਾਨ ਜੀ, ਪਿੰਡ ਗਗੜੇਵਾਲ ਵਿੱਚ 522 ਏਕੜ ਰਕਬੇ ਨੂੰ ਸਾਲ 1957 ਵਿੱਚ ਰਿਜ਼ਰਵ ਫਾਰੈਸਟ ਘੋਸ਼ਿਤ ਕੀਤਾ ਗਿਆ ਹੈ। ਇਸ ਜੰਗਲ ਦੇ ਆਲੇ ਦੁਆਲੇ ਕਿਸਾਨਾਂ ਦੀਆਂ ਫਸਲਾਂ ਦਾ ਨੁਕਸਾਨ ਜੰਗਲੀ ਜਾਨਵਰਾਂ ਤੋਂ ਜ਼ਿਆਦਾ ਅਵਾਰਾ ਪਸ਼ੂਆਂ ਵਲੋਂ ਕੀਤਾ ਜਾਂਦਾ ਹੈ। ਇਸ ਜੰਗਲ ਨੂੰ ਫੈਂਸ ਕਰਨ ਸਬੰਧੀ ਹਾਲ ਦੀ ਘੜੀ ਕਿਸੇ ਵੀ ਸਕੀਮ ਵਿੱਚ ਉਪਬੰਧ ਨਹੀਂ ਹੈ।

**ਸਰਦਾਰ ਸੰਤੋਖ ਸਿੰਘ :** ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਮੰਤਰੀ ਸਾਹਿਬ ਆਸ਼ਵਾਸਨ ਦਿਵਾਉਣ ਕਿ ਪਿੰਡ ਗਗੜੇਵਾਲ ਦੇ ਜੰਗਲ ਦੀ ਬਾਊਂਡਰੀ ਕਦੋਂ ਤੱਕ ਬਣਾ ਦਿੱਤੀ ਜਾਵੇਗੀ?

**ਮਾਨਯੋਗ ਸਪੀਕਰ :** ਮੰਤਰੀ ਜੀ, ਇਹ ਬਾਊਂਡਰੀ ਬਣਾਉਣ ਦਾ ਤੁਹਾਡਾ ਕੋਈ ਖਿਆਲ ਹੈ ਜੀ?

**ਮੰਤਰੀ :** ਸਪੀਕਰ ਸਾਹਿਬ, ਗਗੜੇਵਾਲ ਜੰਗਲ ਨੂੰ ਫੈਂਸ ਕਰਨ ਸਬੰਧੀ ਹਾਲ

[ਜੰਗਲਾਤ ਮੰਤਰੀ]

ਦੀ ਘੜੀ ਕਿਸੇ ਕਿਸਮ ਦਾ ਉਪਬੰਧ ਨਹੀਂ ਹੈ ਪ੍ਰੰਤੂ ਬੀੜ ਗਗੜੇਵਾਲ ਦੀ ਫੈਂਸਿੰਗ ਲਈ ਪ੍ਰੋਜੈਕਟ ਬਣਾ ਕੇ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਅਧੀਨ ਸਬਮਿਟ ਕੀਤਾ ਜਾਵੇਗਾ । ਇਹ ਪ੍ਰੋਜੈਕਟ ਪ੍ਰਵਾਨ ਹੋਣ ਉਪਰੰਤ ਅਤੇ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਤਹਿਤ ਫੰਡ ਪ੍ਰਾਪਤ ਹੋਣ ਉਪਰੰਤ ਇਸ ਬੀੜ ਦੀ ਫੈਂਸਿੰਗ ਸਬੰਧੀ ਅਗਲੀ ਕਾਰਵਾਈ ਕੀਤੀ ਜਾਵੇਗੀ।

-----

**ਨਿਸ਼ਾਨ ਵਾਲਾ ਪ੍ਰਸ਼ਨ ਨੰ: 2043**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----

**ਨਿਸ਼ਾਨ ਵਾਲਾ ਪ੍ਰਸ਼ਨ ਨੰ: 2026**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1709**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----

**ਨਿਸ਼ਾਨ ਵਾਲਾ ਪ੍ਰਸ਼ਨ ਨੰ: 2065**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1976**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----

## ਨਿਸ਼ਾਨ ਵਾਲਾ ਪ੍ਰਸ਼ਨ ਨੰ: 1931**

**ਮਾਨਯੋਗ ਸਪੀਕਰ :** ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਉ ਕਰ ਦਿੱਤੀ ਹੈ।

-----

**ਸਹਿਕਾਰਤਾ ਅਤੇ ਜੇਲ੍ਹਾਂ ਮੰਤਰੀ (ਬੈਠੇ-ਬੈਠੇ) :** ਸਪੀਕਰ ਸਾਹਿਬ, ਸੈਸ਼ਨ ਅੱਧੇ ਘੰਟੇ ਬਾਅਦ ਨਾ ਕਰ ਲਈਏ ਜੀ?

**ਮਾਨਯੋਗ ਸਪੀਕਰ :** ਅਫਸੋਸ ਹੈ, It shows their seriousness.

----

## ਵੈਟਰਨਰੀ ਹਸਪਤਾਲ ਪਿੰਡ ਧਨੌਲਾ ਜ਼ਿਲ੍ਹਾ ਬਰਨਾਲਾ ਦੀ ਮੁਰੰਮਤ ਕਰਵਾਉਣਾ

***1758. ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਪਿੰਡ ਧਨੌਲਾ, ਜ਼ਿਲ੍ਹਾ ਬਰਨਾਲਾ ਵਿਖੇ ਵੈਟਰਨਰੀ ਹਸਪਤਾਲ ਅੰਗਰੇਜ਼ਾਂ ਦੇ ਸਮੇਂ 1936 ਵਿੱਚ ਬਣਿਆ ਸੀ;

(ਅ) ਕੀ ਇਹ ਵੀ ਠੀਕ ਹੈ ਕਿ ਇਸ ਸਮੇਂ ਹਸਪਤਾਲ ਦੀ ਹਾਲਤ ਬਹੁਤ ਖਸਤਾ ਹੈ ਅਤੇ ਉਸ ਦੀ ਮੁਰੰਮਤ ਦੀ ਲੋੜ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੀ ਮੁਰੰਮਤ ਕਦੋਂ ਤੱਕ ਕਰਵਾਏ ਜਾਣ ਦੀ ਸੰਭਾਵਨਾ ਹੈ?

**ਸਰਦਾਰ ਬਲਬੀਰ ਸਿੰਘ ਸਿੱਧੂ :** (ੳ) ਹਾਂ ਜੀ।

(ਅ) ਇਸ ਸਮੇਂ ਪਸ਼ੂ ਹਸਪਤਾਲ ਦੀ ਹਾਲਤ ਚੰਗੀ ਨਹੀਂ ਹੈ ਅਤੇ ਹਸਪਤਾਲ ਦੀ ਨਵੀਂ ਬਿਲਡਿੰਗ ਦੀ ਉਸਾਰੀ ਦੀ ਲੋੜ ਹੈ। ਆਰ.ਕੇ.ਵੀ.ਆਈ. ਸਕੀਮ ਅਧੀਨ ਸਾਲ 2019-20 ਵਿੱਚ ਹਸਪਤਾਲਾਂ ਦੀਆ ਨਵੀਆਂ ਉਸਾਰੀਆਂ ਲਈ ਫੰਡਜ਼ ਦੀ ਮੰਗ ਕੀਤੀ ਜਾ ਰਹੀ ਹੈ, ਜਿਵੇਂ ਹੀ ਫੰਡਜ਼ ਪ੍ਰਾਪਤ ਹੁੰਦੇ ਹਨ ਉਸ ਅਨੁਸਾਰ ਹਸਪਤਾਲ ਦੀ ਇਮਾਰਤ ਦੀ ਨਵੀਂ ਉਸਾਰੀ ਕਰਨ ਦਾ ਉਪਰਾਲਾ ਕੀਤਾ ਜਾਵੇਗਾ। ਪ੍ਰੰਤੂ ਹਾਲ ਦੀ ਘੜੀ ਇਸ ਬਾਰੇ ਕੋਈ ਨਿਸ਼ਚਿਤ ਸਮਾਂ ਨਹੀਂ ਦਿੱਤਾ ਜਾ ਸਕਦਾ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਸਪੀਕਰ ਸਾਹਿਬ, ਤੁਹਾਡਾ ਧੰਨਵਾਦ।

---

** For Starred Question No. 1931 and reply thereto, please see Appedix to this Debates.

[ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ]

ਸਪੀਕਰ ਸਾਹਿਬ, ਜਿਵੇਂ ਮੰਤਰੀ ਸਾਹਿਬ ਨੇ ਮੰਨਿਆ ਹੈ ਕਿ ਹਸਪਤਾਲ ਦੀ ਹਾਲਤ ਬਹੁਤ ਖਰਾਬ ਹੈ। ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਹਸਪਤਾਲ ਦੀ ਸਿਰਫ ਖਰਾਬ ਹਾਲਤ ਹੀ ਨਹੀਂ ਹੈ ਸਗੋਂ ਉਥੇ ਬੈਠਣਯੋਗ ਹਾਲਤ ਵੀ ਨਹੀਂ ਹੈ। ਉਸ ਹਸਪਤਾਲ ਦੀ ਚਾਰ-ਦੀਵਾਰੀ ਵੀ ਨਹੀਂ ਹੈ ਜਿਸ ਕਾਰਨ ਜਿਹੜੇ ਅਵਾਰਾ ਪਸ਼ੂ ਹਨ, ਉਹ ਸਾਰਾ ਦਿਨ ਹਸਪਤਾਲ ਦੇ ਅੰਦਰ ਬੈਠੇ ਰਹਿੰਦੇ ਹਨ। ਉਥੇ ਕੇਵਲ ਇੱਕੋ ਹੀ ਕਮਰਾ ਹੈ ਜਿਹੜਾ ਚਾਲੂ ਹਾਲਤ ਵਿੱਚ ਹੈ। ਸਿੱਧੂ ਸਾਹਿਬ, ਸਾਡੇ ਜ਼ਿਲ੍ਹੇ ਦੇ ਹਨ, ਇਸ ਕਰਕੇ ਧਨੌਲਾ ਵਾਸੀਆਂ ਨੇ ਮੈਨੂੰ ਇਹ ਬੇਨਤੀ ਕੀਤੀ ਸੀ ਕਿ ਤੁਸੀਂ ਸਿੱਧੂ ਸਾਹਿਬ ਕੋਲ ਜਾ ਕੇ ਬੇਨਤੀ ਕਰੋ। ਉਹ ਆਪਣੇ ਜ਼ਿਲ੍ਹੇ ਦੇ ਹਨ, ਉਹ ਆਪਾਂ ਨੂੰ ਖਾਲੀ ਹੱਥ ਨਹੀਂ ਮੋੜਨਗੇ। ਸੋ, ਸਿੱਧੂ ਸਾਹਿਬ, ਮੇਰੀ ਇਸੇ ਕਰਕੇ ਇਹ ਬੇਨਤੀ ਹੈ ਕਿ ਇਹ ਧਨੌਲਾ ਏਰੀਆ ਤੁਹਾਡੇ ਆਪਣੇ ਜੱਦੀ ਜ਼ਿਲ੍ਹੇ ਵਿੱਚ ਹੈ। ਕਿਰਪਾ ਕਰਕੇ ਕੋਈ ਟਾਈਮ ਬਾਊਂਡ ਕਰ ਦਿਉ ਕਿ ਇੰਨੇ ਟਾਈਮ ਵਿੱਚ ਜਿਹੜੀ ਲੋੜੀਂਦੀ ਗਰਾਂਟ ਇਸ ਸਕੀਮ ਤਹਿਤ ਆਉਣੀ ਹੈ, ਉਹ ਬਾਅਦ ਵਿੱਚ ਆ ਜਾਵੇਗੀ ਪ੍ਰੰਤੂ ਜਿਹੜੀ ਤੁਸੀਂ ਆਪਣੇ ਵਲੋਂ ਗ੍ਰਾਂਟ ਕੋਈ ਪੰਜ ਜਾਂ ਸੱਤ ਲੱਖ ਰੁਪਏ ਦੀ ਦੇ ਸਕਦੇ ਹੋ, ਜਿੰਨੀ ਵੀ ਤੁਸੀਂ ਦੇ ਸਕਦੇ ਹੋ ਜਿਸ ਨਾਲ ਉਥੇ ਇੱਕ ਦੋ ਕਮਰਿਆਂ ਦੀ ਅਤੇ ਚਾਰ-ਦੀਵਾਰੀ ਦੀ ਉਸਾਰੀ ਹੋ ਸਕੇ, ਉਨੀ ਕੁ ਤਾਂ ਤੁਸੀਂ ਦੇ ਦਿਉ।

**ਮਾਨਯੋਗ ਸਪੀਕਰ :** ਸਿੱਧੂ ਸਾਹਿਬ, ਮੈਂਬਰ ਸਾਹਿਬ ਮਾਪਿਆਂ ਦੀ ਦੁਹਾਈ ਦਿੰਦੇ ਹਨ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ, ਡਾਕਟਰ ਸੁਖਵਿੰਦਰ ਕੁਮਾਰ, ਸ਼੍ਰੀ ਬਲਦੇਵ ਸਿੰਘ ਖਹਿਰਾ, ਸਰਦਾਰ ਕੰਵਰਜੀਤ ਸਿੰਘ, ਸਰਦਾਰ ਦਿਲਰਾਜ ਸਿੰਘ ਭੂੰਦੜ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ਼੍ਰੀ ਦਿਨੇਸ਼ ਕੁਮਾਰ ਅਤੇ ਸ਼੍ਰੀ ਅਰੁਣ ਨਾਰੰਗ ਕਾਲੇ ਕੱਪੜੇ ਪਾ ਕੇ ਸਦਨ ਵਿੱਚ ਦਾਖ਼ਲ ਹੋਏ।)

**ਮੰਤਰੀ :** ਸਪੀਕਰ ਸਾਹਿਬ, ਮੈਂ ਆਪਣੇ ਛੋਟੇ ਵੀਰ ਨੂੰ ਇਸ ਗੱਲ ਦਾ ਭਰੋਸਾ ਦਿਵਾਉਂਦਾ ਹਾਂ ਕਿ ਜੇਕਰ ਪੰਜ ਲੱਖ, ਦਸ ਲੱਖ ਜਾਂ ਪੰਦਰਾਂ ਲੱਖ ਵੀ ਲੱਗੇ ਤਾਂ ਮੈਂ ਉਹ ਆਪਣੇ ਅਖਤਿਆਰੀ ਫੰਡ ਵਿੱਚੋਂ ਦੇ ਦਿਆਂਗਾ ਪਰ ਇਨ੍ਹਾਂ ਦਾ ਕੰਮ ਕਰਕੇ ਜ਼ਰੂਰ ਦਿਆਂਗਾ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਕਿਰਪਾ ਕਰਕੇ ਟਾਈਮ ਬਾਊਂਡ ਕਰ ਦਿਉ।

**ਮੰਤਰੀ :** ਦੇਖੋ ਜੀ, 31 ਮਾਰਚ ਤੋਂ ਬਾਅਦ ਜਦੋਂ ਇਹ ਚੋਣ ਜ਼ਾਬਤਾ ਖਤਮ ਹੋਵੇਗਾ, ਸਭ ਤੋਂ ਪਹਿਲਾਂ ਤੁਹਾਡਾ ਕੰਮ ਕਰ ਦਿਆਂਗੇ। ਹੋਰ ਦੱਸੋ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਧੰਨਵਾਦ ਜੀ।

------

## ਨਿਸ਼ਾਨ ਵਾਲਾ ਪ੍ਰਸ਼ਨ ਨੰ: 1717**

**ਮਾਨਯੋਗ ਸਪੀਕਰ :** ਇਸ ਪ੍ਰਸ਼ਨ ਨੂੰ ਪੋਸਟਪੋਨ ਕਰ ਦਿੰਦੇ ਹਾਂ, ਮੰਤਰੀ ਜੀ ਵੀ ਐਬਸੈਂਟ ਹਨ।

-----

## ਪਪਰਾਲਾ ਪਿੰਡ ਦੀ ਫਿਰਨੀ ਵਾਲੀ ਸੜਕ ਦੀ ਰੀਕਾਰਪੈਟਿੰਗ ਕਰਨਾ

***1770. ਸਰਦਾਰ ਅਮਰਜੀਤ ਸਿੰਘ ਸੰਦੋਆ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਪਰਾਲਾ ਪਿੰਡ ਦੀ ਫਿਰਨੀ ਵਾਲੀ ਸੜਕ ਦੀ ਹਾਲਤ ਬਹੁਤ ਖਸਤਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਉਸ ਸੜਕ ਦੀ ਰੀਕਾਰਪੈਟਿੰਗ ਕੀਤੇ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ) :** ਹਾਂ ਜੀ, ਇਸ ਸੜਕ ਦੀ ਰੀਕਾਰਪੈਟਿੰਗ ਦਾ ਕੰਮ ਜੂਨ, 2020 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ।ਸਪੀਕਰ ਸਾਹਿਬ, ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਸ ਪਿੰਡ ਦੀ ਜਿਹੜੀ ਫਿਰਨੀ ਹੈ ਉਥੇ ਸੜਕ ਮਾੜੀ ਹੈ ਉਸ ਲਈ 12 ਲੱਖ ਰੁਪਏ ਦਾ ਐਸਟੀਮੇਟ ਪਾਸ ਹੋ ਗਿਆ ਹੈ ਤੇ ਇਹ ਬਹੁਤ ਛੇਤੀ ਬਣ ਜਾਵੇਗੀ।

**ਮਾਨਯੋਗ ਸਪੀਕਰ :** ਜਲਦੀ ਬਣ ਜਾਵੇਗੀ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਪੀਕਰ ਸਾਹਿਬ, ਤੁਹਾਡਾ ਬਹੁਤ- ਬਹੁਤ ਧੰਨਵਾਦ ਕਿ ਮੰਤਰੀ ਸਾਹਿਬ ਨੇ ਇਸ ਸੜਕ ਨੂੰ ਜਲਦੀ ਬਣਾਉਣ ਦਾ ਜਵਾਬ ਦਿੱਤਾ ਹੈ। ਇਥੇ ਸਾਡੇ ਵਿੱਤ ਮੰਤਰੀ ਸਾਹਿਬ ਵੀ ਬੈਠੇ ਹਨ, ਇਨ੍ਹਾਂ ਨੇ ਕਿਹਾ ਹੈ ਕਿ ਬੜਾ ਵਿਕਾਸ ਕਰ ਦਿੱਤਾ ਹੈ। ਮੈਂ ਪੂਰੇ ਰੋਪੜ ਹਲਕੇ ਦੀ ਸੜਕਾਂ ਦੀ ਗੱਲ

---

** ਪ੍ਰਸ਼ਨ ਨੰ: 1717 ਥੋੜ੍ਹੀ ਮੋਹਲਤ ਵਾਲੇ ਪ੍ਰਸ਼ਨ ਤੋਂ ਬਾਅਦ ਟੇਕ-ਅੱਪ ਕਰ ਲਿਆ ਗਿਆ।

[ਸਰਦਾਰ ਅਮਰਜੀਤ ਸਿੰਘ ਸੰਦੋਆ]

ਕਰਨ ਲੱਗਾ ਹਾਂ, ਤੁਸੀਂ ਜ਼ਰਾ ਸੁਣ ਲੈਣਾ। ਘਨੌਲੀ ਤੋਂ ਨਾਲਾਗੜ੍ਹ ਜਿਹੜੀ ਰੋਡ ਹੈ, ਉਸ ਸੜਕ ਉਤੇ ਬਹੁਤ ਖੱਡੇ ਹਨ, ਉਥੇ ਕੋਈ ਜਾ ਨਹੀਂ ਸਕਦਾ, ਤੁਹਾਡਾ ਮੰਤਰੀ ਗੱਡੀ ਟਪਾ ਨਹੀਂ ਸਕਦਾ । ਰੋਪੜ ਤੋਂ ਬੇਲਾ ਰੋਡ ਹੈ, ਇਹ ਸਾਡਾ ਮੇਨ ਸ਼ਹਿਰ ਹੈ। ਇਸੇ ਤਰ੍ਹਾਂ ਰੋਪੜ ਤੋਂ ਬੇਲੇ ਅਤੇ ਚਮਕੌਰ ਸਾਹਿਬ ਨੂੰ ਜਾ ਨਹੀਂ ਸਕਦੇ। ਮੰਤਰੀ ਸਾਹਿਬ ਦਾ ਹਲਕਾ ਵੀ ਨਾਲ ਪੈਂਦਾ ਹੈ, ਉਹ ਵੀ ਇੱਥੇ ਨਹੀਂ ਹਨ। ਤੀਸਰੀ ਅਨੰਦਪੁਰ ਸਾਹਿਬ ਤੋਂ ਬੰਗੇ ਵਾਲੀ ਸੜਕ ਹੈ। ਮੈਂ ਸਾਰੀਆਂ ਸੜਕਾਂ ਦੀ ਗੱਲ ਕਰਦਾ ਹਾਂ ਜਿੱਥੇ ਜਿੱਥੇ ਵੀ ਮੈਂ ਧਰਨੇ ਲਗਾਏ ਹਨ। ਉਥੇ ਸਾਡੇ ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੂੰ ਲੈ ਗਏ ਅਤੇ ਮੁੱਖ ਮੰਤਰੀ ਸਾਹਿਬ ਕੋਲੋਂ 24 ਕਰੋੜ ਰੁਪਏ ਦਾ ਐਲਾਨ ਵੀ ਕਰਵਾਇਆ ਸੀ ਪਰ ਸੜਕ ਹਾਲੇ ਬਣਨੀ ਸ਼ੁਰੂ ਨਹੀਂ ਹੋਈ..

**ਮਾਨਯੋਗ ਸਪੀਕਰ :** ਉਸ ਦਾ ਟੈਂਡਰ ਲੱਗ ਗਿਆ ਹੈ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਠੀਕ ਹੈ ਜੀ। ਸਪੀਕਰ ਸਾਹਿਬ, ਇੱਕ ਰੋਪੜ ਤੋਂ ਅਬਿਆਣਾ ਦੀ ਸੜਕ ਦੇ ਟੈਂਡਰ ਨੂੰ ਹੋਏ ਵੀ ਦੋ ਸਾਲ ਹੋ ਗਏ ਹਨ।

**ਮਾਨਯੋਗ ਸਪੀਕਰ :** ਇੱਕ ਮਿੰਟ, ਇੱਕ ਮਿੰਟ, ਇੱਕ ਮਿੰਟ। ਸੰਦੋਆ ਜੀ, ਇਹ ਜਨਰਲ ਸੜਕਾਂ ਤਾਂ ਜ਼ੁਬਾਨੀ ਵਜ਼ੀਰ ਸਾਹਿਬ ਨੂੰ ਯਾਦ ਨਹੀਂ ਹੋ ਸਕਦੀਆਂ ਹਨ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਰ, ਟਾਈਮ ਹੀ ਨਹੀਂ ਮਿਲਦਾ ਹੈ। ਮੈਂ ਤਾਂ ਸਾਰੀਆਂ ਸੜਕਾਂ ਦੇ ਸਵਾਲ ਲਗਾਏ ਹੋਏ ਹਨ ਅਤੇ ਲੋਕਾਂ ਨੇ ਮੈਨੂੰ ਪੁੱਛਣਾ ਹੈ।

**ਮਾਨਯੋਗ ਸਪੀਕਰ :** ਸੰਦੋਆ ਜੀ, ਤੁਹਾਡੇ ਤੋਂ ਬਿਨਾਂ 115 ਮੈਂਬਰ ਹੋਰ ਵੀ ਹਨ। ਸਭ ਦਾ ਹੀ ਟਾਈਮ ਹੈ। ਇੱਕ ਮੈਂਬਰ ਦਾ ਟਾਈਮ ਨਹੀਂ ਹੁੰਦਾ ਹੈ ਕਿ ਤੁਹਾਨੂੰ ਇਕੱਲਿਆਂ ਨੂੰ ਹੀ ਟਾਈਮ ਮਿਲਣਾ ਹੈ। ਜਿਸ ਸੜਕ ਦੀ ਗੱਲ ਕਰਨੀ ਹੈ, ਉਸ ਦੀ ਗੱਲ ਕਰੋ। ਜੇ ਕੋਈ ਹੋਰ ਗੱਲ ਕਰਨੀ ਹੈ ਤਾਂ ਵੱਖਰਾ ਸਵਾਲ ਦਿਓ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਪੀਕਰ ਸਾਹਿਬ, ਸਾਰੀਆਂ ਮੇਨ ਸੜਕਾਂ ਦੇ ਵੱਖਰੇ ਸਵਾਲ ਲਗਾਏ ਗਏ ਹਨ।

**ਮਾਨਯੋਗ ਸਪੀਕਰ:** ਠੀਕ ਹੈ, ਫਿਰ ਜਿਹੜਾ ਲੱਗ ਗਿਆ, ਉਹ ਲੱਗ ਗਿਆ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਪੀਕਰ ਸਾਹਿਬ, ਪੂਰੇ ਹਲਕੇ ਦੀਆਂ ਸਾਰੀਆਂ ਸੜਕਾਂ ਤਾਂ ਟੁੱਟੀਆਂ ਪਈਆਂ ਹਨ।

**ਮਾਨਯੋਗ ਸਪੀਕਰ :** ਤੁਸੀਂ ਹਲਕੇ ਦਾ ਸਵਾਲ ਵੱਖਰਾ ਦਿਓ।

**ਸਰਦਾਰ ਅਮਰਜੀਤ ਸਿੰਘ ਸੰਦੋਆ:** ਸਪੀਕਰ ਸਾਹਿਬ, ਹਲਕੇ ਦੇ ਵੱਖਰੇ

ਸਵਾਲ ਦਿੱਤੇ ਹਨ ** **

-----

**ਨਿਸ਼ਾਨ ਵਾਲਾ ਪ੍ਰਸ਼ਨ ਨੰ: 2023**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----

**ਫਗਵਾੜਾ ਵਿਖੇ ਸਥਿਤ ਗੋਲ ਚੌਂਕ ਦਾ ਨਾਮ ਬਦਲਣਾ**

***2090. ਸਰਦਾਰ ਸਿਮਰਜੀਤ ਸਿੰਘ ਬੈਂਸ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਫਗਵਾੜਾ ਵਿਖੇ ਸਥਿਤ ਗੋਲ ਚੌਂਕ ਦਾ ਨਾਮ ਬਦਲ ਕੇ ਸੰਵਿਧਾਨ ਚੌਂਕ ਰੱਖਣ ਦੀ ਪ੍ਰਵਾਨਗੀ ਮਾਨਯੋਗ ਮੁੱਖ ਮੰਤਰੀ ਦੁਆਰਾ ਦਿੱਤੀ ਜਾ ਚੁੱਕੀ ਹੈ ਅਤੇ ਇਸ ਸਬੰਧ ਵਿੱਚ ਨਗਰ ਨਿਗਮ, ਫਗਵਾੜਾ ਨੇ ਵੀ ਆਪਣੀ ਸਹਿਮਤੀ ਦੇ ਦਿੱਤੀ ਹੈ;

(ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਗੋਲ ਚੌਂਕ ਦਾ ਨਾਮ ਬਦਲ ਕੇ ਸੰਵਿਧਾਨ ਚੌਂਕ ਰੱਖ ਦਿੱਤਾ ਗਿਆ ਹੈ? ਜੇਕਰ ਨਹੀਂ ਤਾਂ ਇਸ ਦੇ ਕਾਰਨ ਕੀ ਹਨ ਅਤੇ ਅਜਿਹਾ ਕਦੋਂ ਤੱਕ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਨਵਜੋਤ ਸਿੰਘ ਸਿੱਧੂ :** (ੳ) ਨਹੀਂ ਜੀ।

(ਅ) ਨਹੀਂ ਜੀ। ਭਾਗ (ੳ) ਵਿੱਚ ਵਰਣਿਤ ਗੋਲ ਚੌਂਕ ਦਾ ਨਾਮ ਅਜੇ ਤੱਕ ਬਦਲ ਕੇ ਸੰਵਿਧਾਨ ਚੌਂਕ ਨਹੀਂ ਰੱਖਿਆ ਹੈ।ਨਗਰ ਨਿਗਮ, ਫਗਵਾੜਾ ਵੱਲੋਂ ਮਿਤੀ 10-01-2018 ਨੂੰ ਹੋਈ ਹਾਊਸ ਦੀ ਮੀਟਿੰਗ ਵਿੱਚ ਗੋਲ ਚੌਂਕ ਦਾ ਨਾਮ ਸੰਵਿਧਾਨ ਚੌਂਕ ਰੱਖਣ ਸਬੰਧੀ ਪ੍ਰਸਤਾਵ ਪੇਸ਼ ਕੀਤਾ ਗਿਆ ਸੀ ਜਿਸ ਨੂੰ ਹਾਊਸ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕਰਨ ਲਈ ਪੈਂਡਿੰਗ ਰੱਖਿਆ ਗਿਆ।ਇਹ ਮੱਦ ਨਗਰ ਨਿਗਮ ਫਗਵਾੜਾ ਦੇ ਪੱਧਰ ਤੇ ਲੰਬਿਤ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਮਾਨਯੋਗ ਸਪੀਕਰ ਸਾਹਿਬ, ਇੱਕ ਤਾਂ

---

**Expunged as ordered by the Hon'ble Speaker

[ਸਰਦਾਰ ਸਿਮਰਜੀਤ ਸਿੰਘ ਬੈਂਸ]

ਮੈਨੂੰ ਜਵਾਬ ਨਹੀਂ ਆਇਆ। ਮੇਰੇ ਟੇਬਲ ਤੇ ਪਹੁੰਚਿਆ ਨਹੀਂ ਹੈ। ਦੂਸਰਾ, ਮੈਂ ਸਤਿਕਾਰਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਵੈਸੇ ਤਾਂ ਹਾਊਸ ਨੇ ਹਾਲੇ ਮਤਾ ਪਾਇਆ ਨਹੀਂ ਹੈ, ਹਾਲੇ ਉਥੇ ਮਤਾ ਪਾਉਣਾ ਹੈ। ਸਪੀਕਰ ਸਾਹਿਬ, ਉਥੇ ਇੱਕ ਵੱਡਾ ਦੁਖਾਂਤ ਹੋਇਆ ਸੀ। ਸੰਵਿਧਾਨ ਇੱਕ ਬੜਾ ਹੀ ਪਵਿੱਤਰ ਲਫਜ਼ ਹੈ ਇਹ ਅਨੇਕਾਂ ਹੀ ਸ਼ਹਾਦਤਾਂ ਤੋਂ ਬਾਅਦ ਸਾਨੂੰ ਨਸੀਬ ਹੋਇਆ ਹੈ, ਜਿਸ ਦੀ ਬਦੌਲਤ ਅੱਜ ਅਸੈਂਬਲੀ ਅਤੇ ਪਾਰਲੀਮੈਂਟ ਹੈ। ਸੰਵਿਧਾਨ ਚੌਂਕ ਨਾਮ ਰੱਖਣ ਉੱਤੇ ਉਥੇ 2 ਕਤਲ ਵੀ ਹੋਏ। ਉਸ ਵੇਲੇ ਮਿਤੀ 24 ਅਪ੍ਰੈਲ ਨੂੰ ਕੈਪਟਨ ਅਮਰਿੰਦਰ ਸਿੰਘ ਹੋਰਾਂ ਨੇ ਬਕਾਇਦਾ ਤੌਰ ਤੇ ਅਨਾਊਂਸਮੈਂਟ ਕੀਤੀ, ਇਸ ਸਬੰਧੀ ਵੀਡੀਓ, ਅਖਬਾਰਾਂ ਦੀਆਂ ਨਿਊਜ਼, ਅੰਗਰੇਜ਼ੀ ਟ੍ਰਿਬਿਊਨ, ਪੰਜਾਬੀ ਅਖਬਾਰਾਂ ਦੀਆਂ ਨਿਊਜ਼ ਮੇਰੇ ਕੋਲ ਹਨ। ਮੁੱਖ ਮੰਤਰੀ ਸਾਹਿਬ ਨੇ ਅਨਾਊਂਸਮੈਂਟ ਕਰ ਦਿੱਤੀ। ਸਪੀਕਰ ਸਾਹਿਬ, ਮੈਂ ਫਿਰ ਤੁਹਾਡੇ ਜ਼ਰੀਏ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਿੰਨੇ ਦਿਨਾਂ ਦੇ ਵਿੱਚ ਇਸ ਚੌਂਕ ਦਾ ਨਾਮ ਬਦਲ ਕੇ ਸੰਵਿਧਾਨ ਚੌਂਕ ਰੱਖ ਦੇਣਗੇ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਅਸੀਂ ਚੁਣੇ ਹੋਏ ਨੁਮਾਇੰਦਿਆਂ ਦੀ ਗੱਲ ਕਰਦੇ ਹਾਂ। ਜੋ ਫਗਵਾੜੇ ਦੀ ਕਮੇਟੀ ਸਾਨੂੰ ਲਿਖ ਕੇ ਭੇਜੇਗੀ, ਅਸੀਂ ਉਸ ਨੂੰ ਇੰਨ-ਬਿੰਨ ਮਨਜ਼ੂਰ ਕਰ ਦਿਆਂਗੇ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਚੁਣੇ ਹੋਏ ਹੀ ਹਨ।

**ਮੰਤਰੀ :** ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਦੀ ਗੱਲ ਦਾ ਜਵਾਬ ਮੁੱਖ ਮੰਤਰੀ ਸਾਹਿਬ ਦੇ ਸਕਦੇ ਹਨ, ਮੈਂ ਨਹੀਂ ਦੇ ਸਕਦਾ। ਤੁਸੀਂ ਜੇਕਰ ਬੱਸ ਤੇ ਚੜ੍ਹਦੇ ਹੋ ਤਾਂ ਉਥੇ ਲਿਖਿਆ ਹੁੰਦਾ ਹੈ ਕਿ ਸਵਾਰੀ ਆਪਣੇ ਸਮਾਨ ਦੀ ਆਪ ਜ਼ਿੰਮੇਵਾਰ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਸਿੱਧੂ ਸਾਹਿਬ ਨੇ ਬੜਾ ਸਾਫ ਤੇ ਸਪੱਸ਼ਟ ਕਰ ਦਿੱਤਾ ਹੈ ਕਿ ਜਿਹੜੀ ਪਰਸੋਂ ਕਾਂਗਰਸ ਵਿੱਚ ਵੰਡੀ ਪਈ ਸੀ, ਦੋ ਖੇਮਿਆਂ ਵਿੱਚ ਸਰਕਾਰ ਵੰਡੀ ਹੋਈ ਸੀ। ਸਿੱਧੂ ਸਾਹਿਬ ਦੇ ਇਸ ਜਵਾਬ ਨਾਲ ਪ੍ਰਤੱਖ ਹੋ ਗਿਆ ਹੈ।

**ਮੰਤਰੀ :** ਮਾਨਯੋਗ ਮੈਂਬਰ ਸਾਹਿਬ, ਨਾ ਕੋਈ ਵੰਡੀ ਸੀ। ਪੰਜੇ ਉਂਗਲੀਆਂ ਹਨ, ਕੋਈ ਛੋਟੀ ਹੈ, ਕੋਈ ਲੰਬੀ ਹੈ, ਕੋਈ ਪਤਲੀ ਹੈ, ਕੋਈ ਮੋਟੀ ਹੈ ਲੇਕਿਨ ਇਹ ਇਕੱਠੀਆਂ ਹੁੰਦੀਆਂ ਹਨ ਅਤੇ ਕੋਈ ਹਜ਼ਾਰ ਗੁਣਾ ਭਾਰ ਚੁੱਕ ਲੈਂਦੀਆਂ

ਹਨ। ਸਾਰੇ ਇਕੱਠੇ ਹੀ ਹਨ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਹੁਣ ਤੁਸੀਂ ਦੂਜੀ ਗੱਲ ਤੇ ਆ ਗਏ। ਦੇਖੋ, ਤੁਸੀਂ ਤਾਂ ਆਪਣੀ ਗੱਲ ਤੇ ਹੀ ਪਲਟਾ ਮਾਰ ਦਿੱਤਾ ਹੈ।

**ਮਾਨਯੋਗ ਸਪੀਕਰ :** ਚਲੋ, ਇਸ ਦੀ ਗੱਲ ਕਰੋ।

**ਮੰਤਰੀ :** ਤੁਸੀਂ ਮੇਰੇ ਭਰਾਵਾਂ ਵਰਗੇ ਹੋ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਤੁਸੀਂ ਕਹਿ ਦਿੱਤਾ ਕਿ ਸਵਾਰੀ ਆਪਣੇ ਸਮਾਨ ਦੀ ਆਪ ਜ਼ਿੰਮੇਵਾਰ ਹੈ ਅਤੇ ਤੁਸੀਂ ਆਪ ਹੀ ਆਪਣੀ ਗੱਲ ਤੇ ਪਲਟਾ ਮਾਰ ਗਏ ਹੋ।

**ਮੰਤਰੀ :** ਤੁਸੀਂ ਮੇਰੇ ਭਰਾ ਵਰਗੇ ਹੋ।

**ਮਾਨਯੋਗ ਸਪੀਕਰ :** ਚੇਅਰ ਨੂੰ ਐਡਰੈੱਸ ਕਰੋ।

**ਸਰਦਾਰ ਸਿਮਰਜੀਤ ਸਿੰਘ ਬੈਂਸ** : ਮੇਰੀ ਸਿਰਫ ਇੰਨੀ ਗੁਜ਼ਾਰਿਸ਼ ਹੈ ਕਿ ਕੀ ਮੰਤਰੀ ਜੀ ਇਸ ਚੌਂਕ ਦਾ ਨਾਂ ਬਦਲ ਕੇ ਸੰਵਿਧਾਨ ਚੌਂਕ ਰੱਖਣ ਦਾ ਇਰਾਦਾ ਰੱਖਦੇ ਹਨ, ਜੇ ਰੱਖਦੇ ਹਨ ਤਾਂ ਕਿੰਨੇ ਸਮੇਂ ਵਿੱਚ?

**ਮਾਨਯੋਗ ਸਪੀਕਰ :** ਉਹ ਕਹਿੰਦੇ ਹਨ ਕਿ ਜੇ ਕਮੇਟੀ ਵਾਲੇ ਭੇਜਣਗੇ ਤਾਂ ਅਸੀਂ ਕਰ ਦਿਆਂਗੇ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਰ, ਮੈਂ ਵੀ ਟਾਈਮ ਹੀ ਮੰਗ ਰਿਹਾ ਹਾਂ, ਮੈਂ ਕਿਹੜਾ ਕੁਝ ਹੋਰ ਕਹਿ ਰਿਹਾ ਹਾਂ।

**ਮਾਨਯੋਗ ਸਪੀਕਰ :** ਟਾਈਮ ਤਾਂ ਹੁਣ ਕਮੇਟੀ ਉਤੇ ਹੈ ਕਿ ਕਮੇਟੀ ਕਿੰਨੀ ਜਲਦੀ ਭੇਜਦੀ ਹੈ।

**ਮੰਤਰੀ :** ਬਿਲਕੁਲ ਜੀ। ਅਖਤਿਆਰ ਕਮੇਟੀ ਕੋਲ ਹੈ। ਚੁਣੇ ਹੋਏ ਨੁਮਾਇੰਦੇ ਉਹ ਹਨ। ਤੁਸੀਂ ਦੱਸੋ ਕਿ ਮੈਂ ਉਨ੍ਹਾਂ ਦੇ ਰੰਗ ਵਿੱਚ ਭੰਗ ਕਿਵੇਂ ਪਾ ਸਕਦਾ ਹਾਂ? ਜੋ ਉਹ ਕਹਿਣਗੇ ਉਹ ਅਸੀਂ ਕਰ ਦਿਆਂਗੇ।

**ਮਾਨਯੋਗ ਸਪੀਕਰ :** ਬੈਂਸ ਸਾਹਿਬ, ਜਵਾਬ ਆ ਗਿਆ ਹੈ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਚੰਗਾ ਜੀ।

----

## ਨਿਸ਼ਾਨ ਵਾਲਾ ਪ੍ਰਸ਼ਨ ਨੰ: 2011

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

----

## ਨਿਸ਼ਾਨ ਵਾਲਾ ਪ੍ਰਸ਼ਨ ਨੰ: 2047

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----

## ਪਿੰਡ ਕੌਹਰੀਆਂ (ਦਿੜ੍ਹਬਾ) ਦੇ ਇਨਡੋਰ ਸਟੇਡੀਅਮ ਨੂੰ ਜ਼ਿਲ੍ਹਾ ਪੱਧਰੀ ਦਰਜਾ ਦੇਣਾ

*1838. **ਸਰਦਾਰ ਸੁਰਜੀਤ ਸਿੰਘ ਧੀਮਾਨ :** ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਜ਼ਿਲ੍ਹਾ ਸੰਗਰੂਰ ਦੇ ਪਿੰਡ ਕੌਹਰੀਆਂ (ਦਿੜ੍ਹਬਾ) ਦੇ ਇਨਡੋਰ ਸਟੇਡੀਅਮ ਨੂੰ ਜ਼ਿਲ੍ਹਾ ਪੱਧਰੀ ਦਰਜਾ ਦੇਣ ਤੇ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

**ਰਾਣਾ ਗੁਰਮੀਤ ਸਿੰਘ ਸੋਢੀ :** ਸ਼੍ਰੀਮਾਨ ਜੀ, ਪਿੰਡ ਕੌਹਰੀਆਂ, ਬਲਾਕ ਦਿੜ੍ਹਬਾ ਵਿਖੇ ਕੋਈ ਇਨਡੋਰ ਸਟੇਡੀਅਮ ਨਹੀਂ ਹੈ। ਇੱਥੇ ਇੱਕ ਗਰਾਊਂਡ ਹੈ, ਜਿਸ ਦੀ ਚਾਰ-ਦੀਵਾਰੀ ਕੀਤੀ ਹੋਈ ਹੈ। ਕੌਹਰੀਆਂ ਇਕ ਪਿੰਡ ਹੈ ਅਤੇ ਇਸ ਨੂੰ ਜ਼ਿਲ੍ਹਾ ਪੱਧਰ ਦੇ ਸਟੇਡੀਅਮ ਦਾ ਦਰਜਾ ਦੇਣ ਦੀ ਕੋਈ ਤਜਵੀਜ਼ ਨਹੀਂ ਹੈ।

**ਸਰਦਾਰ ਸੁਰਜੀਤ ਸਿੰਘ ਧੀਮਾਨ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਟੇਡੀਅਮ ਬਣਾਉਣ ਲਈ ਸਭ ਤੋਂ ਵੱਡੀ ਸਮੱਸਿਆ ਜ਼ਮੀਨ ਦੀ ਹੁੰਦੀ ਹੈ। 1973 ਤੋਂ ਲੈ ਕੇ ਇਸ ਸਟੇਡੀਅਮ ਦੇ ਨਾਂ 52 ਕਨਾਲ ਜ਼ਮੀਨ ਹੈ। ਸਾਡੇ ਬਹੁਤ ਹੀ ਸਤਿਕਾਰਯੋਗ ਸਰਦਾਰ ਚਤਵੰਤ ਸਿੰਘ ਕੌਹਰੀ ਜੀ, ਜੋ ਸਾਬਕਾ ਐਮ.ਐਲ.ਏ. ਵੀ ਰਹੇ ਹਨ, ਉਨ੍ਹਾਂ ਦਾ ਇਹ ਜੱਦੀ ਪਿੰਡ ਹੈ। ਉਹ ਪਿੰਡ ਇੱਕ ਸੈਂਟਰ ਬਣ ਜਾਂਦਾ ਹੈ। ਇਹ ਇੱਕ ਪਿੰਡ ਨਹੀਂ ਹੈ, ਇਸ ਨੂੰ ਇੱਕ ਕਸਬਾ ਕਹਿ ਸਕਦੇ ਹਾਂ। ਉੱਥੇ ਗਰਾਊਂਡ ਹੈ, ਚਾਰ ਦੀਵਾਰੀ ਬਣੀ ਹੋਈ ਹੈ ਅਤੇ ਉਸ ਦਾ ਸਟੇਜ ਵੀ ਬਣਿਆ ਹੋਇਆ ਹੈ। ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਤੁਹਾਡੇ ਜ਼ਰੀਏ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਸ ਸਟੇਡੀਅਮ ਨੂੰ ਮੁਕੰਮਲ ਕਰਕੇ,

ਤਿਆਰ ਕਰਕੇ ਜ਼ਿਲ੍ਹਾ ਪੱਧਰ ਦੇ ਸਟੇਡੀਅਮ ਦਾ ਦਰਜਾ ਦੇਵੋਗੇ?

**ਮੰਤਰੀ :** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੀਆਂ ਬਹੁਤ ਸਾਰੀਆਂ ਸਕੀਮਾਂ ਹਨ ਜਿਸ ਅਧੀਨ ਅਸੀਂ ਡਿਸਟ੍ਰਿਕਟ ਹੈੱਡਕੁਆਰਟਰ ਤੇ ਜ਼ਿਲ੍ਹਾ ਪੱਧਰ ਦੇ ਸਟੇਡੀਅਮ ਬਣਾ ਰਹੇ ਹਾਂ। ਜਿਹੜੇ ਪਿੰਡਾਂ ਵਿੱਚ ਹਨ, ਉਨ੍ਹਾਂ ਵਿੱਚ ਅਸੀਂ ਗਰੀਨ ਫੀਲਡ ਸਥਾਪਤ ਕਰ ਰਹੇ ਹਾਂ। ਜੇਕਰ ਮੈਨੂੰ ਮੈਂਬਰ ਸਾਹਿਬ ਕਹਿਣਗੇ ਤਾਂ ਮੈਂ ਉੱਥੇ ਇੱਕ ਬਹੁਤ ਵਧੀਆ ਗਰੀਨ ਫੀਲਡ ਕਨਵਰਟ ਕਰ ਦਿਆਂਗਾ ਜਿਸ ਵਿੱਚ ਹਰ ਤਰ੍ਹਾਂ ਦੀ ਸਹੂਲਤ ਹੋਵੇਗੀ, ਉਸ ਵਿੱਚ ਫੁੱਟਬਾਲ, ਵਾਲੀਬਾਲ, ਬਾਸਕਟਬਾਲ ਜਾਂ ਜਿਹੜੀਆਂ ਓਪਨ ਗੇਮਜ਼ ਹਨ, ਉਨ੍ਹਾਂ ਦੀ ਸਾਰੀ ਤਜਵੀਜ਼ ਪੇਸ਼ ਕਰਕੇ, ਉੱਥੇ ਬਣਾ ਦਿਆਂਗਾ।

**ਸਰਦਾਰ ਸੁਰਜੀਤ ਸਿੰਘ ਧੀਮਾਨ :** ਸਪੀਕਰ ਸਾਹਿਬ, ਮੰਤਰੀ ਸਾਹਿਬ ਦਾ ਧੰਨਵਾਦ, ਪਰ ਮੈਂ ਨਾਲ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਇਹ ਬਹੁਤ ਵੱਡਾ ਉਪਰਾਲਾ ਹੈ, ਸਾਨੂੰ ਪਿੰਡ ਪਿੰਡ ਵਿੱਚ ਸਟੇਡੀਅਮ ਬਣਾਉਣ ਦੀ ਲੋੜ ਹੈ। ਮੈਂ ਪਹਿਲਾਂ ਹੀ ਕਿਹਾ ਹੈ ਕਿ ਕੌਹਰੀਆਂ ਇੱਕ ਪਿੰਡ ਨਹੀਂ, ਇਹ ਇੱਕ ਕਸਬਾ ਬਣ ਚੁੱਕਾ ਹੈ। ਮੈਂ ਸਮਝਦਾ ਹਾਂ ਕਿ ਜਿੰਨਾ ਛੇਤੀ ਹੋ ਸਕੇ,ਉਨਾ ਛੇਤੀ ਉਹ ਸਟੇਡੀਅਮ ਤਿਆਰ ਕਰਕੇ ਜੋ ਵੀ ਤੁਸੀਂ ਠੀਕ ਸਮਝਦੇ ਹੋ, ਉਸ ਮੁਤਾਬਕ ਨੌਜਵਾਨਾਂ ਵਾਸਤੇ ਖੇਡਣ ਲਈ ਜਗ੍ਹਾ ਦਾ ਪ੍ਰਬੰਧ ਕੀਤਾ ਜਾਵੇ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਕੌਹਰੀਆਂ ਪਿੰਡ ਦਾ ਸਟੇਡੀਅਮ ਹੈ, ਕੀ ਇਹ ਸਟੇਡੀਅਮ ਖੇਲੋ ਇੰਡੀਆ ਸਕੀਮ ਅਧੀਨ ਆ ਸਕਦਾ ਹੈ?। ਜਿਵੇਂ ਧੀਮਾਨ ਸਾਹਿਬ ਨੇ ਕਿਹਾ ਹੈ, ਇਸ ਪਿੰਡ ਨਾਲ ਲਗਭਗ 15 ਪਿੰਡ ਹੋਰ ਪੈਂਦੇ ਹਨ, ਇਹ ਪਿੰਡ ਬਹੁਤ ਵੱਡਾ ਕਸਬਾ ਬਣ ਚੁੱਕਾ ਹੈ। ਉੱਥੇ ਬਹੁਤ ਸਾਰੇ ਪਿੰਡਾਂ ਦੇ ਬੱਚੇ ਖੇਡਦੇ ਹਨ। ਕੀ ਖੇਲੋ ਇੰਡੀਆ ਦੇ ਤਹਿਤ ਇਹ ਸਟੇਡੀਅਮ ਆ ਸਕਦਾ ਹੈ?

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਲੀਡਰ ਆਫ ਦਿ ਆਪੋਜ਼ੀਸ਼ਨ ਸਾਹਿਬ ਅਤੇ ਮੇਰੇ ਦੋਸਤ, ਜਿਹੜੇ ਸਾਡੇ ਐਮ.ਐਲ.ਏ. ਸਾਹਿਬ ਹਨ, ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੇ ਇਹ 8 ਏਕੜ ਜ਼ਮੀਨ ਖੇਡ ਵਿਭਾਗ ਦੇ ਨਾਂ ਕਰਵਾ ਦੇਣਗੇ ਤਾਂ ਅਸੀਂ ਇਸ ਨੂੰ ਖੇਲੋ ਇੰਡੀਆ ਦੇ ਤਹਿਤ ਲਿਆ ਕੇ ਉਥੇ ਇਨਫਰਾਸਟਰਕਚਰ ਬਣਾ ਦਿਆਂਗੇ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਜਿਹੜੀ ਖੇਲੋ ਇੰਡੀਆ ਸਕੀਮ ਹੈ, ਕੀ ਇਸ ਸਕੀਮ ਅਧੀਨ ਜ਼ਮੀਨ ਇਸ ਦੇ ਨਾਂ ਕਰਵਾਉਣੀ ਪਵੇਗੀ? ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜ਼ਮੀਨ ਆਲਰੇਡੀ ਸਟੇਡੀਅਮ ਦੇ ਨਾਂ ਤੇ ਹੈ ਫਿਰ ਤਾਂ ਕੋਈ ਜ਼ਰੂਰਤ ਨਹੀਂ ਹੈ?

**ਮੰਤਰੀ :** ਸਪੀਕਰ ਸਾਹਿਬ, ਖੇਲੋ ਇੰਡੀਆ ਦਾ ਇੱਕ ਰੂਲ ਹੈ ਕਿ ਜਿਹੜੀ ਜ਼ਮੀਨ ਹੈ ਉਹ Sports Department of Punjab ਦੇ ਨਾਂ ਤੇ ਰਜਿਸਟਰ ਹੋਣੀ ਚਾਹੀਦੀ ਹੈ ਫਿਰ ਉਸ ਨੂੰ ਅਸੀਂ ਖੇਲੋ ਇੰਡੀਆ ਅਧੀਨ ਲਿਆ ਕੇ ਇਨਫਰਾਸਟਰੱਕਚਰ ਖੜ੍ਹਾ ਕਰ ਸਕਦੇ ਹਾਂ।

**ਮਾਨਯੋਗ ਸਪੀਕਰ :** ਪੰਜਾਬ ਸਰਕਾਰ ਦੇ ਨਾਂ ਹੋਣੀ ਚਾਹੀਦੀ ਹੈ।

**ਮੰਤਰੀ :** ਸਟੇਡੀਅਮ ਜਿਸ ਦੇ ਨਾਂ ਵੀ ਹੈ, ਜੇਕਰ ਮੈਂਬਰ ਸਾਹਿਬ ਜ਼ਮੀਨ ਕਨਵਰਟ ਕਰਵਾ ਦੇਣਗੇ ਤਾਂ ਅਸੀਂ ਉੱਥੇ ਖੇਲੋ ਇੰਡੀਆ ਸਟੇਡੀਅਮ ਦੇ ਤਹਿਤ ਇਨਡੋਰ ਅਤੇ ਆਊਟ-ਡੋਰ ਦੋਨੋਂ ਸਟੇਡੀਅਮ ਬਣਾ ਸਕਦੇ ਹਾਂ।

**ਸਰਦਾਰ ਸੁਰਜੀਤ ਸਿੰਘ ਧੀਮਾਨ :** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ** ** ਜੇ ਤਾਂ ਸਟੇਡੀਅਮ ਬਣਾਉਣਾ ਹੈ ਤਾਂ ਜਵਾਬ ਦਿਓ ਜੇ ਨਹੀਂ ਬਣਾਉਣਾ ਹੈ ਤਾਂ No ਜਵਾਬ ਦਿਓ। ਇਹ **** ਤੁਸੀਂ।

**ਮਾਨਯੋਗ ਸਪੀਕਰ :** ** ਕੱਟ ਦਿਓ ।

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜ਼ਮੀਨ ਸਾਡੇ ਨਾਂ ਕਰਵਾ ਦਿਓ, ਅਸੀਂ ਸਟੇਡੀਅਮ ਬਣਾ ਦਿਆਂਗੇ। 101% ਬਣਾ ਦਿਆਂਗੇ, ਅਸੀਂ ਇਸੇ ਸਾਲ ਵਿੱਚ ਕੰਮ ਸ਼ੁਰੂ ਕਰਵਾ ਦਿਆਂਗੇ। ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਆਲਰੇਡੀ 83 ਕਰੋੜ ਰੁਪਏ ਦੀਆਂ ਖੇਲੋ ਇੰਡੀਆ ਦੀਆਂ ਸਕੀਮਾਂ ਭੇਜੀਆਂ ਹਨ ਜਿਸ ਵਿੱਚੋਂ 25 ਕਰੋੜ ਰੁਪਏ ਦੀਆਂ ਸਕੀਮਾਂ ਸੈਂਕਸ਼ਨ ਹੋ ਗਈਆਂ ਹਨ। ਅਸੀਂ ਸਭ ਤੋਂ ਪਹਿਲਾਂ ਮੈਂਬਰ ਸਾਹਿਬ ਦਾ ਕੰਮ ਕਰਵਾਵਾਂਗੇ, ਇਹ ਜ਼ਮੀਨ ਤਾਂ ਟ੍ਰਾਂਸਫਰ ਕਰਵਾਉਣ।

**ਮਾਨਯੋਗ ਸਪੀਕਰ :** ਜ਼ਮੀਨ ਟ੍ਰਾਂਸਫਰ ਕਰਵਾ ਦਿਓ ਜੀ। ਚੀਮਾ ਸਾਹਿਬ, ਜਵਾਬ ਆ ਗਿਆ ਹੈ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਜ਼ਮੀਨ ਤਾਂ ਟ੍ਰਾਂਸਫਰ ਕਰਵਾ ਦਿੰਦੇ ਹਾਂ। ਮੰਤਰੀ ਸਾਹਿਬ ਐਸ਼ਿਓਰ ਕਰ ਦੇਣ ਤਾਂ ਕਿ ਕਿਤੇ ਇਹ ਨਾ

**Expunged as ordered by the Chair.

ਹੋਵੇ ਕਿ ਅਸੀਂ ਜ਼ਮੀਨ ਵੀ ਟ੍ਰਾਂਸਫਰ ਕਰਵਾ ਦੇਈਏ ਤੇ ਇਹ ਬਣਾਉਣ ਵੀ ਨਾ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਉਨ੍ਹਾਂ ਨੇ ਕਿਹਾ ਹੈ ਤਾਂ ਜ਼ਿੰਮੇਵਾਰੀ ਨਾਲ ਹੀ ਕਿਹਾ ਹੈ। ਹਾਂ ਜੀ, ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ ਜੀ। ਢੀਂਡਸਾ ਸਾਹਿਬ, ਤੁਸੀਂ ਮੀਤ ਜੀ ਤੋਂ ਬਾਅਦ ਬੋਲਣਾ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਆਪਣੇ ਮੈਨੀਫੈਸਟੋ ਵਿੱਚ ਕਿਹਾ ਸੀ ਕਿ ਅਸੀਂ ਹਰ ਪਿੰਡ ਵਿੱਚ ਇਸ ਤਰ੍ਹਾਂ ਦਾ ਸਟੇਡੀਅਮ ਬਣਾਵਾਂਗੇ ਜਿਸ ਵਿੱਚ ਘੱਟੋ-ਘੱਟ ਪੰਜ ਖੇਡਾਂ ਅਤੇ ਬਲਾਕ ਤੇ ਇਸ ਤਰ੍ਹਾਂ ਦਾ ਸਟੇਡੀਅਮ ਬਣਾਵਾਂਗੇ ਜਿਸ ਵਿੱਚ ਘੱਟੋ-ਘੱਟ 15 ਖੇਡਾਂ ਦਾ ਪ੍ਰਬੰਧ ਹੋਵੇ ਗਾ। ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿੰਡ ਲੈਵਲ ਤੇ ਅਤੇ ਬਲਾਕ ਲੈਵਲ ਤੇ ਜੋ ਸਟੇਡੀਅਮ ਬਣਾਉਣ ਦਾ ਜੋ ਵਾਅਦਾ ਕੀਤਾ ਸੀ ਉਸ ਨੂੰ ਪੂਰਾ ਕਰਨ ਦੀ ਕੀ ਸਰਕਾਰ ਦੀ ਆਉਣ ਵਾਲੇ ਸਮੇਂ ਵਿੱਚ ਕੋਈ ਤਜਵੀਜ਼ ਹੈ?

**ਮੰਤਰੀ :** ਚਲੋ, ਕੋਈ ਗੱਲ ਨਹੀਂ। ਮੈਂ ਕੰਟੀਨਿਊਏਸ਼ਨ ਵਿੱਚ ਇਨ੍ਹਾਂ ਦਾ ਜਵਾਬ ਦੇ ਦਿੰਦਾ ਹਾਂ ਕਿ ਆਲਰੇਡੀ ਮਾਨਯੋਗ ਵਿੱਤ ਮੰਤਰੀ ਸਾਹਿਬ ਨੇ ਬਜਟ ਵਿੱਚ 43 ਕਰੋੜ ਰੁਪਏ ਬਲਾਕ ਪੱਧਰ ਤੇ ਸਟੇਡੀਅਮ ਬਣਾਉਣ ਦਾ ਸਾਨੂੰ ਬਜਟ ਦਿੱਤਾ ਹੈ । ਉਸ ਸਟੇਡੀਅਮਜ਼ ਤੋਂ ਇਲਾਵਾ ਜਿਹੜਾ ਸਾਡਾ ਟੀਚਾ ਹੈ ਕਿ ਪੇਂਡੂ ਖੇਤਰ ਵਿੱਚ ਜਿਹੜੇ ਅਸੀਂ ਖੇਡ ਸਟੇਡੀਅਮ ਬਣਾਉਣੇ ਹਨ ਉਨ੍ਹਾਂ ਨੂੰ ਅਸੀਂ ਗਰੀਨ ਫੀਲਡ ਕਹਿੰਦੇ ਹਾਂ। ਅਸੀਂ ਹਰ ਪਿੰਡ ਵਿੱਚ ਇਹ ਗੱਲ ਕਹੀ ਹੈ ਔਰ we stand by our that commitment ਕਿ ਅਸੀਂ ਹਰ ਪਿੰਡ ਵਿੱਚ ਬਣਾਵਾਂਗੇ। ਅਸੀਂ ਪੇਂਡੂ ਵਿਕਾਸ ਮੰਤਰੀ ਜੀ ਨੂੰ ਲਿਖਿਆ ਹੈ ਅਤੇ ਇਸ ਸਕੀਮ ਨਾਲ ਉਹ ਸਹਿਮਤ ਹਨ ਪਰ ਇਸ ਬਾਰੇ ਅਜੇ ਸਾਨੂੰ ਜਾਣਕਾਰੀ ਜਾਂ ਬਾਕੀ ਜੋ ਲਿਖਤੀ ਰੂਪ ਵਿੱਚ ਆਉਣਾ ਹੈ ਉਹ ਅਜੇ ਨਹੀਂ ਆਇਆ ਹੈ। ਅਸੀਂ ਹਰ ਪਿੰਡ ਵਿੱਚ ਜਿੱਥੇ ਸਾਨੂੰ ਪੰਚਾਇਤਾਂ ਜ਼ਮੀਨ ਦੇਣਗੀਆਂ ਅਸੀਂ ਉੱਥੇ ਗਰੀਨ ਫੀਲਡ ਸਥਾਪਿਤ ਕਰਾਂਗੇ ਅਤੇ ਉਸ ਵਿੱਚ ਜਿਹੜਾ ਇਕੁਇਪਮੈਂਟ ਹੈ, ਚਾਹੇ ਉਹ ਬਾਸਕਟਬਾਲ ਦਾ ਹੈ, ਚਾਹੇ ਉਹ ਵਾਲੀਬਾਲ ਦਾ ਹੈ, ਚਾਹੇ ਹਾਕੀ ਦਾ ਹੈ that would be provided either by the Department or under the schemes of Khelo India. I assure you we will put up everything in the village.

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਜੈ ਕ੍ਰਿਸ਼ਨ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਤੁਸੀਂ ਬਾਅਦ ਵਿੱਚ ਬੋਲ ਲੈਣਾ, ਹਾਂ ਜੀ, ਢੀਂਡਸਾ ਸਾਹਿਬ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਕੀ ਪੰਜਾਬ ਸਰਕਾਰ ਦੀ ਸਿਰਫ ਖੇਲੋ ਇੰਡੀਆ ਸਕੀਮ ਹੀ ਹੈ? ਖੇਲੋ ਇੰਡੀਆ ਸਕੀਮ ਭਾਰਤ ਸਰਕਾਰ ਦੀ ਸਕੀਮ ਹੈ। ਕੀ ਇਹ ਪੰਜਾਬ ਸਰਕਾਰ ਦੀ ਸਕੀਮ ਦੇ ਅੰਡਰ ਸਟੇਡੀਅਮ ਨੂੰ ਪੈਸਾ ਦੇ ਸਕਦੇ ਹਨ? ਉਸ ਦੇ ਅੰਡਰ ਸਟੇਡੀਅਮ ਬਣਾ ਦੇਣਗੇ? ਇਹ ਜਾਂ ਤਾਂ ਪੰਚਾਇਤ ਨੂੰ ਪੈਸੇ ਦੇਣ। ਸਪੀਕਰ ਸਾਹਿਬ, ਗੱਲ ਤਾਂ ਸਟੇਡੀਅਮ ਬਣਾਉਣ ਦੀ ਹੈ, ਉਹ ਚਾਹੇ ਪੰਜਾਬ ਸਰਕਾਰ ਆਪਣੇ ਫੰਡਜ਼ ਵਿੱਚੋਂ ਬਣਵਾਵੇ ਜਾਂ ਪੰਚਾਇਤ ਨੂੰ ਪੈਸਾ ਦੇ ਦੇਵੇ। ਇਹ ਜ਼ਰੂਰੀ ਨਹੀਂ ਹੈ ਕਿ ਸਟੇਡੀਅਮ ਖੇਲੋ ਇੰਡੀਆ ਵਿੱਚ ਹੀ ਬਣ ਸਕਦਾ ਹੈ। ਖੇਲੋ ਇੰਡੀਆ ਭਾਰਤ ਸਰਕਾਰ ਦੀ ਸਕੀਮ ਹੈ, ਜੇ ਉਨ੍ਹਾਂ ਦੀਆਂ ਸ਼ਰਤਾਂ ਹਨ ਤਾਂ ਕੀ ਸਟੇਟ ਗੌਰਮਿੰਟ ਆਪਣੀਆਂ ਸ਼ਰਤਾਂ ਰਿਲੈਕਸ ਕਰਕੇ ਪੈਸਾ ਦੇ ਸਕਦੀ ਹੈ? ਕੀ ਉਸ ਬਾਰੇ ਇਹ ਵਿਚਾਰਨਗੇ?

**ਮੰਤਰੀ :** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਅੰਬ ਖਾਣੇ ਹਨ, ਗੁਠਲੀਆਂ ਨਹੀਂ ਗਿਣਨੀਆਂ ਹਨ। ਜਦ ਅਸੀਂ ਕਹਿ ਦਿੱਤਾ ਹੈ ਕਿ ਅਸੀਂ ਇਨ੍ਹਾਂ ਨੂੰ ਪਿੰਡ ਵਿੱਚ ਸਥਾਪਿਤ ਕਰ ਦਿਆਂਗੇ। ਸਾਨੂੰ ਥੋੜ੍ਹਾ ਜਿਹਾ ਰੂਲਜ਼ ਐਂਡ ਰੈਗੂਲੇਸ਼ਨ ਦਾ ਤਾਂ ਧਿਆਨ ਰੱਖਣਾ ਹੀ ਪੈਣਾ ਹੈ। ਜੇ ਖੇਲੋ ਇੰਡੀਆ ਵਿੱਚ ਸਾਨੂੰ ਪੈਸਾ ਮਿਲ ਰਿਹਾ ਹੈ ਤਾਂ ਅਸੀਂ ਖੇਲੋ ਇੰਡੀਆ ਨੂੰ ਛੱਡ ਕੇ ਕਿਤੇ ਹੋਰ ਪੈਸਾ ਲੈਣ ਕਿਉਂ ਜਾਈਏ? ਜਦੋਂ money is available with the Central Government scheme ਤਾਂ ਸਾਨੂੰ ਜ਼ਮੀਨ ਉਨ੍ਹਾਂ ਦੇ ਨਾਂ ਕਰਵਾਉਣ ਵਿੱਚ ਕੀ ਹਰਜ਼ ਹੈ? If we are ready to make a good stadium ਤਾਂ ਸਾਨੂੰ ਉਹ ਜ਼ਮੀਨ ਦੇ ਦੇਣ ਅਸੀਂ ਉੱਥੇ ਕੰਮ ਸ਼ੁਰੂ ਕਰਵਾ ਦਿਆਂਗੇ। ਆਲਰੇਡੀ ਸੰਗਰੂਰ ਵਿੱਚ ਸ਼ੁਰੂ ਹੋ ਗਿਆ ਹੈ, ਹੁਸ਼ਿਆਰਪੁਰ ਸ਼ੁਰੂ ਹੋ ਗਿਆ ਹੈ। ਇਹ ਮੰਤਰੀ ਸਾਹਿਬ ਬੈਠੇ ਹਨ, ਇਨ੍ਹਾਂ ਨੂੰ ਪੁੱਛੋ ਕੰਮ ਚਲ ਰਿਹਾ ਹੈ।

**ਮਾਨਯੋਗ ਸਪੀਕਰ:** ਹਾਂ ਜੀ, ਰੋੜੀ ਸਾਹਿਬ, ਕੁਝ ਰਹਿ ਗਿਆ ਹੈ? ਰੋੜੀ ਜੀ।
(ਵਿਘਨ)

**ਮੰਤਰੀ:** ਪੈਸਾ ਬਹੁਤ ਹੈ ਜੀ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮਾਹਿਲਪੁਰ ਵਿੱਚ ਪਿਛਲੀ ਸਰਕਾਰ ਵੇਲੇ ਇੱਕ ਸਟੇਡੀਅਮ ਪੰਜ ਕਰੋੜ ਰੁਪਏ ਦੀ ਲਾਗਤ ਨਾਲ ਬਣ ਰਿਹਾ ਸੀ ਪਰ ਇੱਕ ਕਰੋੜ ਰੁਪਏ ਦੇ ਨਾਲ ਜਿੰਨਾ ਕੰਮ ਹੋ ਸਕਿਆ ਹੈ ਉਹ ਹੋਇਆ ਹੈ ਲੇਕਿਨ ਬਾਕੀ ਕੰਮ ਰੁਕ ਗਿਆ ਹੈ । ਉੱਥੇ ਸ਼ਹਿਰ ਦਾ ਸਾਰਾ ਗੰਦਾ ਪਾਣੀ ਉਸ ਸਟੇਡੀਅਮ ਵਿਚ ਆ ਰਿਹਾ ਹੈ ਔਰ ਇਲਾਕੇ ਦੇ ਜਿੰਨੇ ਨਸ਼ੇੜੀ ਹਨ ਉਹ ਸਾਰੇ ਉੱਥੇ ਆ ਕੇ ਨਸ਼ਾ ਕਰਦੇ ਹਨ। ਮੈਂ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਉੱਥੇ ਦੇ ਜਿਹੜੇ ਅਗਲੇ ਚਾਰ ਕਰੋੜ ਰੁਪਏ ਦੇ ਫੰਡ ਰਹਿੰਦੇ ਹਨ, ਕੀ ਉਹ ਪੈਸੇ ਇਸ ਤਰ੍ਹਾਂ ਹੀ ਭੇਜੇ ਜਾਣਗੇ ਜਾਂ ਉਸ ਜ਼ਮੀਨ ਨੂੰ ਵੀ ਖੇਲੋ ਇੰਡੀਆ ਦੇ ਅਧੀਨ ਰਜਿਸਟਰ ਕਰਵਾਉਣਾ ਪਵੇਗਾ ਫਿਰ ਪੈਸੇ ਆਉਣਗੇ?

**ਮਾਨਯੋਗ ਸਪੀਕਰ :** ਇਹ ਵੱਖਰਾ ਸਵਾਲ ਬਣਦਾ ਹੈ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਨਹੀਂ ਸਰ, ਖੇਲੋ ਇੰਡੀਆ ਦੇ ਨਾਲ ਹੀ ਪੁੱਛਿਆ ਹੈ।

**ਮਾਨਯੋਗ ਸਪੀਕਰ :** ਨਹੀਂ, ਨਹੀਂ, ਨਹੀਂ। ਇਸ ਤਰ੍ਹਾਂ ਨਾ ਕਰੋ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਨਹੀਂ ਸਰ, ਇਹੀ ਪੁੱਛਿਆ ਹੈ ਕਿ ਜ਼ਮੀਨ ਖੇਲੋ ਇੰਡੀਆ ਦੇ ਨਾਂ ਕਰਵਾ ਦੇਈਏ?

**ਮਾਨਯੋਗ ਸਪੀਕਰ :** ਨਹੀਂ, ਨਹੀਂ। ਮਾਹਿਲਪੁਰ ਉਨ੍ਹਾਂ ਨੂੰ ਕਿਵੇਂ ਯਾਦ ਹੋ ਸਕਦਾ ਹੈ? ਮਾਹਿਲਪੁਰ ਕਿਵੇਂ ਯਾਦ ਹੋ ਸਕਦਾ ਹੈ?

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਰ, ਇੰਨੀ ਗੱਲ ਪੁੱਛੀ ਹੈ ਕਿ ਜਿਹੜਾ ਚਾਰ ਕਰੋੜ ਰੁਪਿਆ ਰਹਿੰਦਾ ਹੈ ਉਹ ਖੇਲੋ ਇੰਡੀਆ ਦੇ ਨਾਂ ਕਰਵਾਈਏ ਤਾਂ ਆਉਣਗੇ ਜਾਂ ਵੈਸੇ ਹੀ ਆ ਜਾਣਗੇ?

**ਮੰਤਰੀ :** ਮੈਂ ਰਿਕੁਐਸਟ ਕਰਾਂਗਾ ਕਿ ਜਦੋਂ ਵੀ ਸੈਸ਼ਨ ਖਤਮ ਹੋ ਜਾਂਦਾ ਹੈ ਤਾਂ ਮੈਂਬਰ ਸਾਹਿਬ ਮੇਰੇ ਕੋਲ ਦਫਤਰ ਵਿੱਚ ਆ ਜਾਣ ਜਾਂ ਮੈਨੂੰ ਆਪਣੇ ਕੋਲ ਚਾਹ ਤੇ ਬੁਲਾ ਲੈਣ, ਜੋ ਵੀ ਇਨ੍ਹਾਂ ਦੇ ਸਟੇਡੀਅਮ ਦੀ ਪ੍ਰਾਬਲਮ ਹੈ ਉਹ ਮਸਲਾ ਹੱਲ ਕਰ ਦਿਆਂਗਾ।

**ਸਰਦਾਰ ਜੈ ਕ੍ਰਿਸ਼ਨ ਸਿੰਘ:** ਧੰਨਵਾਦ ਸਰ, ਮੈਂ ਇਨ੍ਹਾਂ ਕੋਲ ਜਾ ਕੇ ਚਾਹ ਪੀਵਾਂਗਾ ਪਰ ਫਿੱਕੀ ਪੀਵਾਂਗਾ।

----

## ਨਿਸ਼ਾਨ ਵਾਲਾ ਪ੍ਰਸ਼ਨ ਨੰ: 1908

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਰਕੇ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

----

## ਐਮਰਜੈਂਸੀ ਹਾਲਾਤਾਂ ਵਿੱਚ ਨਕਲ ਜਮ੍ਹਾਂਬੰਦੀ ਦੇਣ ਲਈ ਪਟਵਾਰੀ ਨੂੰ ਅਧਿਕਾਰਤ ਕਰਨਾ

***2001. ਸ਼੍ਰੀ ਜੋਗਿੰਦਰ ਪਾਲ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕਿਸੇ ਦੀ ਜ਼ਮਾਨਤ ਦੇਣ ਵਾਸਤੇ ਨਕਲ ਜਮ੍ਹਾਂਬੰਦੀ ਦੀ ਜ਼ਰੂਰਤ ਹੁੰਦੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਐਮਰਜੈਂਸੀ ਹਾਲਤਾਂ ਵਿੱਚ ਛੁੱਟੀ ਵਾਲੇ ਦਿਨ ਵੀ ਸਰਕਾਰ ਪਟਵਾਰੀ ਨੂੰ ਨਕਲ ਜਮ੍ਹਾਂਬੰਦੀ ਜਾਰੀ ਕਰਨ ਲਈ ਪਾਵਰਾਂ ਦੇਣ ਜਾਂ ਬਦਲਵਾਂ ਪ੍ਰਬੰਧ ਕਰਨ ਦੀ ਇੱਛਾ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ਮਾਲਕੀ ਦਾ ਸਬੂਤ ਹੋਣ ਵਜੋਂ ਜ਼ਮੀਨ ਦੀ ਜਮ੍ਹਾਂਬੰਦੀ ਦੀ ਨਕਲ ਵੀ ਹੋਰ ਚੱਲ-ਅਚੱਲ ਜਾਇਦਾਦ ਦੇ ਨਾਲ-ਨਾਲ ਜ਼ਮਾਨਤ ਹਿੱਤ ਕਿਸੇ ਅਦਾਲਤ ਵਿੱਚ ਪੇਸ਼ ਕੀਤੀ ਜਾ ਸਕਦੀ ਹੈ, ਪਰੰਤੂ ਕੇਵਲ ਜਮ੍ਹਾਂਬੰਦੀ ਹੀ ਜ਼ਰੂਰੀ ਦਸਤਾਵੇਜ਼ ਨਹੀਂ ਹੈ। ਗਜ਼ਟਿਡ ਛੁੱਟੀਆਂ ਵਾਲੇ ਦਿਨ ਪਟਵਾਰੀ ਨੂੰ ਜਮ੍ਹਾਂਬੰਦੀ ਦੀ ਨਕਲ ਜਾਰੀ ਕਰਨ ਦੀਆਂ ਪਾਵਰਾਂ ਦੇਣ ਜਾਂ ਬਦਲਵਾਂ ਪ੍ਰਬੰਧ ਕਰਨ ਦੀ ਕੋਈ ਤਜਵੀਜ਼ ਵਿਭਾਗ ਦੇ ਵਿਚਾਰ ਅਧੀਨ ਨਹੀਂ ਹੈ।

**ਸ਼੍ਰੀ ਜੋਗਿੰਦਰ ਪਾਲ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅੱਜਕੱਲ੍ਹ ਜਮ੍ਹਾਂਬੰਦੀ ਦੀ ਨਕਲ ਕੰਪਿਊਟਰ ਵਿਚੋਂ ਨਿਕਲਦੀਆਂ ਹਨ ਤਾਂ ਕਈ ਵਾਰ ਕੰਪਿਊਟਰ ਖਰਾਬ ਹੁੰਦਾ ਹੈ ਤਾਂ ਫਿਰ ਜਿਸ ਬੰਦੇ ਨੇ ਕੋਈ ਜ਼ਮਾਨਤ ਦੇਣੀ ਹੁੰਦੀ ਹੈ, ਉਸ ਵਾਸਤੇ ਪ੍ਰੇਸ਼ਾਨੀ ਆਉਂਦੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪਟਵਾਰੀ ਨੂੰ ਕੋਈ ਇਸ ਤਰ੍ਹਾਂ ਦੀ ਪਾਵਰ ਦੇ ਦਿੱਤੀ ਜਾਵੇ ਤਾਂ ਕਿ ਉਸ ਦੇ ਘਰੋਂ ਜਾ ਕੇ ਜਮ੍ਹਾਂਬੰਦੀ ਦੀ ਨਕਲ ਲੈ ਸਕਣ?

**ਮੰਤਰੀ :** ਇਹ ਨਕਲਾਂ ਫਰਦ ਕੇਂਦਰਾਂ ਤੋਂ ਮਿਲਦੀਆਂ ਹਨ। ਇਹ ਦੁਬਾਰਾ ਚਾਹੁੰਦੇ ਹਨ ਕਿ ਫਰਦ ਕੇਂਦਰਾਂ ਵਾਲਾ ਕੰਮ ਮੁੱਕ ਜਾਵੇ, ਜੋ ਇਨ੍ਹਾਂ ਦੀ ਮਨਸ਼ਾ ਲੱਗਦੀ ਹੈ ਪਰ ਉਹ ਪਾਸੀਬਲ ਨਹੀਂ ਹੈ। ਉਹ ਨਕਲਾਂ ਫਰਦ ਕੇਂਦਰਾਂ ਵਿੱਚੋਂ ਮਿਲ ਜਾਂਦੀਆਂ ਹਨ। ਛੁੱਟੀ ਵਾਲੇ ਦਿਨ ਲੋੜ ਨਹੀਂ ਪਰ ਜ਼ਮਾਨਤ ਦੇਣ ਲਈ ਇਕੱਲੀ ਇਹੋ ਜਮ੍ਹਾਂਬੰਦੀਆਂ ਦੀ ਲੋੜ ਨਹੀਂ ਪੈਂਦੀ ਬਲਕਿ ਉਸ ਦੇ ਲਈ ਹੋਰ

ਚੱਲ/ਅਚੱਲ ਜਾਇਦਾਦ ਵੀ ਦਿੱਤੀ ਜਾ ਸਕਦੀ ਹੈ।

**ਸ਼੍ਰੀ ਜੋਗਿੰਦਰ ਪਾਲ :** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਆਦਮੀ ਕੋਲ ਇਸ ਤੋਂ ਇਲਾਵਾ ਹੋਰ ਕੋਈ ਜਾਇਦਾਦ ਨਹੀਂ ਹੈ। ਉਸ ਕੋਲ ਕੋਈ 2-4-5 ਕਨਾਲ ਜ਼ਮੀਨ ਹੈ ਤਾਂ ਮੈਂ ਚਾਹੁੰਦਾ ਹਾਂ ਕਿ ਪਟਵਾਰੀ ਜਾਂ ਕਾਨੂੰਗੋ ਨੂੰ ਕੋਈ ਪਾਵਰ ਦਿੱਤੀ ਜਾਵੇ ਕਿ ਉਹ ਛੁੱਟੀ ਵਾਲੇ ਦਿਨ ਵੀ ਜ਼ਮੀਨ ਦੀ ਫਰਦ ਮੁਹੱਈਆ ਕਰਵਾ ਸਕੇ।

**ਮੰਤਰੀ :** ਜੇ ਇਹ ਚਾਹੁੰਦੇ ਹਨ ਤਾਂ ਇਸ ਤੇ ਡਿਸਕਸ ਕਰ ਲੈਂਦੇ ਹਾਂ, ਜੇ ਪਾਸੀਬਲ ਹੋ ਸਕਦਾ ਹੋਇਆ ਤਾਂ ਜ਼ਰੂਰ ਕਰਾਂਗੇ।

**ਸ਼੍ਰੀ ਅਮਨ ਅਰੋੜਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੀ ਫਰਦ, ਜਮ੍ਹਾਂਬੰਦੀ ਲੈਣ ਦੀ ਗੱਲ ਹੁੰਦੀ ਹੈ, no doubt ਇਹ ਫਰਦ ਕੇਂਦਰਾਂ ਵਿੱਚੋਂ ਮਿਲਦੀ ਹੈ ਪਰ ਇਸ ਦੇ ਵਿੱਚ ਇੱਕ ਬਹੁਤ ਵੱਡੀ ਦਿੱਕਤ ਆਉਂਦੀ ਹੈ। ਮੈਂ ਆਪ ਵੀ ਕਈ ਵਾਰ ਫਰਦ ਕੇਂਦਰਾਂ ਵਿੱਚ ਗਿਆ ਹਾਂ। ਸਰ, ਚਲੋ ਇਨ੍ਹਾਂ ਨੇ ਆਰ.ਟੀ.ਐਸ. ਐਕਟ ਡਿਜ਼ੋਲਵ ਕਰ ਦਿੱਤਾ ਪਰ ਉਹ ਐਕਟ ਕਹਿੰਦਾ ਸੀ ਕਿ ਜਿਹੜੀ ਫਰਦ ਹੈ, ਉਹ ਇੱਕ ਦਿਨ ਦੇ ਵਿੱਚ ਮਿਲਣੀ ਚਾਹੀਦੀ ਹੈ, 24 ਘੰਟਿਆਂ ਦੇ ਵਿੱਚ ਮਿਲਣੀ ਚਾਹੀਦੀ ਹੈ। ਮੰਤਰੀ ਜੀ, ਤੁਸੀਂ ਚੈੱਕ ਕਰਵਾਇਓ ਕਿ ਜਦੋਂ ਫਰਦ ਦੀ ਲੋੜ ਹੁੰਦੀ ਹੈ, ਜਦੋਂ ਕਿਸਾਨ ਦੀ ਫਸਲ ਆਈ ਹੁੰਦੀ ਹੈ, ਉਸ ਨੇ ਕੋਈ ਲੋਨ ਲੈਣਾ ਹੁੰਦਾ ਹੈ ਜਾਂ ਕੋਈ ਹੋਰ ਜ਼ਮਾਨਤ ਦੇਣੀ ਹੁੰਦੀ ਹੈ ਤਾਂ ਉਦੋਂ ਫਰਦ ਕੇਂਦਰਾਂ ਦੇ ਵਿੱਚ ਕੀ ਹੁੰਦਾ ਹੈ ਕਿ ਪਹਿਲਾਂ ਬੰਦਾ ਜਾ ਕੇ ਅਪਲਾਈ ਕਰਦਾ ਹੈ, ਉਹ ਉਸ ਨੂੰ ਟੋਕਨ ਦੇ ਦਿੰਦੇ ਹਨ ਕਿ 20-25 ਦਿਨਾਂ ਬਾਅਦ ਆਇਓ। ਜਦੋਂ ਉਹ 25 ਦਿਨਾਂ ਬਾਅਦ ਫਿਰ ਜਾਂਦਾ ਹੈ, ਫਿਰ ਉਸ ਨੂੰ 10.00 ਵਜੇ ਟੋਕਨ ਦੇ ਦਿੰਦੇ ਹਨ ਕਿ ਤੁਸੀਂ 4.00 ਵਜੇ ਆ ਕੇ ਆਪਣੀ ਫਰਦ ਲੈ ਕੇ ਜਾਣਾ। ਜਿਹੜਾ ਅੰਡਰ-ਹੈਂਡ ਉਨ੍ਹਾਂ ਨੂੰ 100, 200, 500 ਰੁਪਏ ਦੇ ਦਿੰਦਾ ਹੈ, ਉਹ ਉਸ ਨੂੰ ਨਾਲ ਦੀ ਨਾਲ ਫਰਦ ਕੱਢ ਕੇ ਦੇ ਦਿੰਦੇ ਹਨ, ਨਹੀਂ ਤਾਂ 20-20, 25-25 ਦਿਨ ਫਰਦ ਲੈਣ ਵਾਸਤੇ ਫਰਦ ਕੇਂਦਰਾਂ ਵਿਚ ਲੋਕਾਂ ਨੂੰ ਧੱਕੇ ਖਾਣੇ ਪੈਂਦੇ ਹਨ। ਮੈਂ ਆਪ ਜ਼ਿਮੀਂਦਾਰ ਭਰਾਵਾਂ ਦੇ ਨਾਲ ਫਰਦ ਕੇਂਦਰ ਵਿੱਚ ਤਿੰਨ ਵਾਰੀ ਗਿਆ ਹਾਂ। ਮੇਰੀ ਬੇਨਤੀ ਇੰਨੀ ਹੈ ਕਿ when it is written in RTS Act, it has to be given in one day. ਫਿਰ ਉੱਥੇ ਜਾਂ ਤਾਂ ਇੰਫ੍ਰਾਸਟਰਕਚਰ ਦੀ ਕਮੀ ਹੈ ਜਾਂ ਸਟਾਫ ਦੀ ਕਮੀ ਹੁੰਦੀ ਹੈ ਜਾਂ ਜਾਣ-ਬੁੱਝ ਕੇ ਲੋਕਾਂ ਨੂੰ ਖੱਜਲ-ਖੁਆਰ ਕੀਤਾ ਜਾਂਦਾ ਹੈ। ਮੰਤਰੀ ਜੀ, ਇਹ

[ਸ਼੍ਰੀ ਅਮਨ ਅਰੋੜਾ]

ਐਨਸ਼ਿਓਰ ਕਰ ਦਿੱਤਾ ਜਾਵੇ ਕਿ ਫਰਦ ਉਸੇ ਦਿਨ ਉਨ੍ਹਾਂ ਲੋਕਾਂ ਨੂੰ ਮਿਲ ਜਾਵੇ।

**ਮੰਤਰੀ :** ਵੈਸੇ ਰੱਖਿਆ ਤਾਂ ਇਹੀ ਗਿਆ ਕਿ ਉਸੇ ਦਿਨ ਫਰਦ ਮਿਲ ਜਾਂਦੀ ਸੀ ਪਰ ਇਨ੍ਹਾਂ ਨੇ ਜਿਹੜੀ ਗੱਲ ਕੀਤੀ ਹੈ, ਇਸ ਬਾਰੇ ਨਾ ਤਾਂ ਕੋਈ ਸ਼ਿਕਾਇਤ ਆਈ ਹੈ। ਅੱਜ ਇਨ੍ਹਾਂ ਨੇ ਇਹ ਗੱਲ ਧਿਆਨ ਵਿੱਚ ਲਿਆਂਦੀ ਹੈ, ਮੈਂ ਇਨ੍ਹਾਂ ਨੂੰ ਐਸ਼ਿਓਰ ਕਰਦਾ ਹਾਂ ਕਿ ਇਸ ਦੇ ਬਾਰੇ ਜਲਦੀ ਹੀ ਇੰਸਟਰਕਸ਼ਨਾਂ ਦੇ ਦਿੱਤੀਆਂ ਜਾਣਗੀਆਂ।

**ਸ਼੍ਰੀ ਅਮਨ ਅਰੋੜਾ :** ਸਪੀਕਰ ਸਾਹਿਬ, ਦਿੱਕਤ ਇਹ ਆਉਂਦੀ ਹੈ ਕਿ ਉਹ ਕੰਮ ਪ੍ਰਾਈਵੇਟ ਕੰਟਰੈਕਟਰਜ਼ ਵਾਲਿਆਂ ਨੂੰ ਦਿੱਤਾ ਹੋਇਆ ਹੈ। ਪ੍ਰਾਈਵੇਟ ਕੰਟਰੈਕਟਰਜ਼ ਨੇ ਪੰਜ-ਪੰਜ, ਸੱਤ-ਸੱਤ ਹਜ਼ਾਰ ਰੁਪਏ ਉਤੇ ਮੁੰਡੇ-ਕੁੜੀਆਂ ਰੱਖੇ ਹੋਏ ਹਨ ਔਰ ਉਹ ਰੈਗੂਲਰ ਬੇਸਿਜ਼ ਤੇ ਇਹ ਕੰਮ ਨਹੀਂ ਕਰਦੇ। It is the fact, ਪਲੀਜ਼, ਇਹ ਤੁਸੀਂ ਆਪ ਚੈੱਕ ਕਰਵਾ ਲਵੋ। ਧੰਨਵਾਦ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਧੰਨਵਾਦ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਦੇ ਧਿਆਨ ਵਿੱਚ ਲਿਆ ਕੇ ਪੁੱਛਣਾ ਚਾਹੁੰਦਾ ਹਾਂ ਕਿ ਕਿਸੇ ਦੀ ਆਨ-ਲਾਈਨ ਰਜਿਸਟਰੀ ਕਰਵਾਉਣ ਲਈ ਤਰੀਕ 20 ਦਿਨ ਜਾਂ 25 ਦਿਨ ਆ ਜਾਂਦੀ ਹੈ, ਲੁਧਿਆਣਾ ਦੇ ਵਿੱਚ ਜ਼ਿਆਦਾ ਰੱਸ਼ ਹੈ। ਉਥੇ ਜਮ੍ਹਾਂਬੰਦੀਆਂ ਚੜ੍ਹਾਉਣ ਦਾ ਕੰਮ ਚੱਲ ਰਿਹਾ ਹੈ। ਜਦੋਂ ਰਜਿਸਟਰੀ ਦੀ ਤਰੀਕ ਆ ਜਾਂਦੀ ਹੈ ਤਾਂ ਲੋਕ ਇਕ ਦਿਨ ਪਹਿਲਾਂ ਫਰਦ ਲੈਣ ਜਾਂਦੇ ਹਨ ਤਾਂ ਉਹ ਕਹਿੰਦੇ ਹਨ ਕਿ ਸਾਡੇ ਰਜਿਸਟਰ ਜਮ੍ਹਾਂਬੰਦੀਆਂ ਕੰਪਲੀਟ ਹੋਣ ਵਾਸਤੇ ਗਏ ਹੋਏ ਹਨ ਅਤੇ ਫਰਦ ਨਹੀਂ ਹੈ। ਉੱਧਰੋਂ ਉਸ ਵਿਅਕਤੀ ਦੀ ਦੂਸਰੇ ਦਿਨ ਦੀ ਰਜਿਸਟਰੀ ਕਰਵਾਉਣ ਦੀ ਐਪੁਆਇੰਟਮੈਂਟ ਆਨ-ਲਾਈਨ ਆਈ ਹੁੰਦੀ ਹੈ। ਕੀ ਮੰਤਰੀ ਜੀ ਐਸਾ ਕੋਈ ਬੰਦੋਬਸਤ ਕਰਨਗੇ ਕਿ ਜਿਸ ਨਾਲ ਆਨ-ਲਾਈਨ ਐਪੁਆਇੰਟਮੈਂਟ ਵਾਲੇ ਲੋਕਾਂ ਨੂੰ ਫਰਦ ਜਾਰੀ ਕਰਕੇ ਖੱਜਲ-ਖੁਆਰੀ ਬੰਦ ਹੋ ਜਾਵੇ?

**ਮੰਤਰੀ :** ਸਪੀਕਰ ਸਾਹਿਬ, ਇਹੋ ਜਿਹੀ ਕੋਈ ਗੱਲ ਅੱਗੇ ਸਾਡੇ ਧਿਆਨ ਵਿੱਚ ਨਹੀਂ ਆਈ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਮੈਂ ਲਿਖ ਕੇ ਡੀ.ਸੀ., ਲੁਧਿਆਣਾ ਨੂੰ ਦਿੱਤੀ ਹੈ, ਮੈਂ ਕਾਪੀ ਤੁਹਾਨੂੰ ਵੀ ਫਾਰਵਰਡ ਕਰ ਦੇਵਾਂਗਾ।

**ਮੰਤਰੀ :** ਤੁਸੀਂ ਕਾਪੀ ਭੇਜ ਦਿਉ, ਮੈਂ ਦੇਖ ਲਵਾਂਗਾ ਜੀ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ

ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੇ ਇੰਤਕਾਲ ਹਨ, ਲੋਕਾਂ ਦੀਆਂ ਜ਼ਮੀਨਾਂ ਦੇ ਇੰਤਕਾਲ ਤਿੰਨ-ਤਿੰਨ, ਚਾਰ-ਚਾਰ ਮਹੀਨੇ ਨਹੀਂ ਹੁੰਦੇ। ਪਹਿਲਾਂ ਪਟਵਾਰੀ ਪੈਸੇ ਮੰਗਦਾ ਹੈ ਫਿਰ ਕਾਨੂੰਗੋ ਪੈਸੇ ਮੰਗਦਾ ਹੈ । ਮੈਂ ਡੀ.ਸੀ., ਰੋਪੜ ਨੂੰ ਕਈ ਵਾਰ ਸ਼ਿਕਾਇਤਾਂ ਕਰ ਚੁੱਕਿਆ ਹਾਂ, ਉਨ੍ਹਾਂ ਉਤੇ ਕੋਈ ਕਾਰਵਾਈ ਕਰਕੇ ਰਾਜ਼ੀ ਨਹੀਂ ਹੈ। ਮੰਤਰੀ ਜੀ, ਰੋਪੜ ਵੱਲ ਜ਼ਰੂਰ ਧਿਆਨ ਰੱਖੋ ਜੀ, ਉੱਥੇ ਲੋਕਾਂ ਦੀ ਜ਼ਮੀਨਾਂ ਦੇ ਇੰਤਕਾਲ ਹੀ ਨਹੀਂ ਕਰਦੇ। ਮੈਨੂੰ ਹਰ ਪਟਵਾਰੀ, ਹਰ ਕਾਨੂੰਗੋ ਅਤੇ ਤਹਿਸੀਲਦਾਰ ਨੂੰ ਫੋਨ ਕਰਨਾ ਪੈਂਦਾ ਹੈ ਕਿ ਲੋਕਾਂ ਦੇ ਇੰਤਕਾਲ ਕਰ ਦਿਓ। ਸਰ, ਇਹ ਗੌਰ ਵਿੱਚ ਰੱਖੋ ਜੀ।

**ਮੰਤਰੀ :** ਸਪੀਕਰ ਸਾਹਿਬ, ਜਦੋਂ ਦੀਆਂ ਰਜਿਸਟਰੀਆਂ ਆਨ ਲਾਈਨ ਹੋਈਆਂ ਹਨ, ਅਸੀਂ ਕੁਝ ਥਾਵਾਂ ਤੇ ਐਪ ਚਲਾਈ ਹੈ ਕਿ ਜਿਹੜਾ ਇੰਤਕਾਲ ਹੈ, ਉਹ ਇੱਕ ਮਹੀਨੇ ਦੇ ਵਿੱਚ-ਵਿੱਚ ਕੀਤੇ ਜਾਣੇ ਜ਼ਰੂਰੀ ਹੋਣ। ਕਿਸੇ ਨੂੰ ਵੀ ਖੱਜਲ-ਖੁਆਰ ਹੋਣ ਦੀ ਲੋੜ ਨਹੀਂ ਹੈ। ਕਿਸੇ ਪਟਵਾਰੀ ਕੋਲ ਜਾਣ ਦੀ ਲੋੜ ਨਹੀਂ ਹੋਵੇਗੀ, ਸਿਰਫ ਤਹਿਸੀਲਦਾਰ ਦੀ ਜ਼ਿੰਮੇਵਾਰੀ ਹੋਵੇਗੀ ਤਾਂ ਕਿ ਉਹ ਇੱਕ ਮਹੀਨੇ ਤੋਂ ਬਾਅਦ ਉਸ ਕੋਲ ਜਾ ਕੇ ਆਪਣਾ ਇੰਤਕਾਲ ਲੈ ਸਕਣ।

**ਮਾਨਯੋਗ ਸਪੀਕਰ :** ਹਾਂ ਜੀ, ਅਗਲਾ ਸਵਾਲ, ਸਰਦਾਰ ਸ਼ਰਨਜੀਤ ਸਿੰਘ ਢਿੱਲੋਂ।

----

## ਨਿਊ ਕਾਲੋਨੀ, ਸਾਹਨੇਵਾਲ (ਜ਼ਿਲ੍ਹਾ ਲੁਧਿਆਣਾ) ਸਬੰਧੀ

***2070. ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਨਿਊ ਕਾਲੋਨੀ, ਸਾਹਨੇਵਾਲ (ਜ਼ਿਲ੍ਹਾ ਲੁਧਿਆਣਾ), ਮਿਊਂਸਿਪਲ ਕਮੇਟੀ, ਸਾਹਨੇਵਾਲ ਦੇ ਸਾਲ 2012 ਵਿੱਚ ਹੋਏ ਇਲੈੱਕਸ਼ਨਾਂ ਵਿੱਚ 6 ਨੰਬਰ ਵਾਰਡ ਸੀ;

(ਅ) ਕੀ ਇਹ ਵੀ ਠੀਕ ਹੈ ਕਿ ਉਪਰੋਕਤ ਭਾਗ (ੳ) ਵਿੱਚ ਵਰਣਿਤ ਕਮੇਟੀ ਦੀਆਂ ਦਸੰਬਰ, 2017 ਵਿੱਚ ਹੋਈਆਂ ਚੋਣਾਂ ਨਿਊ ਕਾਲੋਨੀ, ਸਾਹਨੇਵਾਲ ਦੇ ਵਾਰਡ ਨੰ: 6 ਦਾ ਏਰੀਆ ਕਮੇਟੀ ਦੀ ਹੱਦ ਵਿੱਚੋਂ ਹੀ ਕੱਢ ਦਿੱਤਾ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਅਤੇ ਇਸ ਕਾਲੋਨੀ ਦੀ ਮੌਜੂਦਾ ਸਥਿਤੀ ਕੀ ਹੈ, ਵਿਸਥਾਰਪੂਰਵਕ ਦੱਸਿਆ ਜਾਵੇ?

**ਸਰਦਾਰ ਨਵਜੋਤ ਸਿੰਘ ਸਿੱਧੂ :** (ੳ) ਹਾਂ ਜੀ। ਸਾਲ 2012 ਦੀਆਂ ਚੋਣਾਂ ਵਿੱਚ ਨਿਊ ਕਾਲੋਨੀ, ਸਾਹਨੇਵਾਲ ਦੇ ਵਸਨੀਕਾਂ ਨੇ ਆਪਣੀਆਂ ਵੋਟਾਂ ਵਾਰਡ ਨੰਬਰ 6 ਵਿੱਚ ਪਾਈਆਂ ਸਨ, ਜਦੋਂ ਕਿ ਨਗਰ ਕੌਂਸਲ, ਸਾਹਨੇਵਾਲ ਦੀ ਹੱਦਬੰਦੀ ਅਨੁਸਾਰ ਇਹ ਏਰੀਆ ਵਾਰਡ ਨੰਬਰ 6 ਦਾ ਹਿੱਸਾ ਨਹੀਂ ਸੀ।

(ਅ) ਨਹੀਂ ਜੀ। ਅਸਲ ਵਿਚ ਇਹ ਏਰੀਆ ਵਾਰਡ ਨੰਬਰ 6 ਦਾ ਹਿੱਸਾ ਨਹੀਂ ਸੀ ਪਰੰਤੂ ਇਸ ਕਾਲੋਨੀ ਦੇ ਵਸਨੀਕਾਂ ਵੱਲੋਂ ਸਾਲ 2012 ਦੌਰਾਨ ਵਾਰਡ ਨੰਬਰ 6 ਵਿੱਚ ਗਲਤ ਵੋਟਾਂ ਬਣਵਾਈਆਂ ਅਤੇ ਪਾਈਆਂ ਗਈਆਂ ਸਨ। ਲੇਕਿਨ ਸਾਲ 2017 ਦੀਆਂ ਚੋਣਾਂ ਤੋਂ ਪਹਿਲਾਂ ਇਹ ਧਿਆਨ ਵਿੱਚ ਆਇਆ ਕਿ ਇਹ ਏਰੀਆ ਨਗਰ ਕੌਂਸਲ, ਸਾਹਨੇਵਾਲ ਦੀ ਹੱਦਬੰਦੀ ਤੋਂ ਬਾਹਰ ਹੈ, ਇਸ ਕਾਰਨ ਨਿਊ ਕਾਲੋਨੀ ਦੇ ਵਸਨੀਕ ਇਸ ਵਿੱਚ ਵੋਟ ਪਾਉਣ ਲਈ ਯੋਗ ਨਹੀਂ ਹੈ। ਇਸ ਤਰ੍ਹਾਂ ਉਹ ਨਗਰ ਕੌਂਸਲ ਦੀਆਂ ਚੋਣਾਂ ਸਾਲ 2017 ਵਿੱਚ ਵੋਟਾਂ ਨਹੀਂ ਪਾ ਸਕੇ। ਇਸ ਏਰੀਏ ਨੂੰ ਮਿਊਂਸਿਪਲ ਹੱਦਾਂ ਵਿੱਚ ਸ਼ਾਮਲ ਕਰਨ ਸਬੰਧੀ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ 2012 ਵਿਚ ਕਾਲੋਨੀ ਇਸ ਵਿਚ ਨਹੀਂ ਆਈ, ਇਹ ਮਹਿਕਮੇ ਵੱਲੋਂ ਇਨ੍ਹਾਂ ਨੂੰ ਗਲਤ ਦੱਸਿਆ ਗਿਆ ਹੈ ਕਿ 2012 ਵਿੱਚ ਇੱਥੇ ਵੋਟਾਂ ਬਣੀਆਂ। ਇਹ 2012 ਦੇ ਵਿੱਚ ਨਹੀਂ ਬਣੀਆਂ, ਇਸ ਬਾਰੇ ਮੇਰੇ ਕੋਲ ਪੂਰਾ ਪਰੂਫ ਹੈ। ਇਹ 16.01.1994 ਨੂੰ ਮਿਊਂਸਿਪਲ ਕਮੇਟੀ ਬਣੀ। ਸਾਰਾ ਸਾਹਨੇਵਾਲ ਦਾ ਜਿਹੜਾ ਏਰੀਆ ਸੀ, ਇਹ ਇਸ ਨੋਟੀਫਾਈਡ ਕਮੇਟੀ ਦੇ ਵਿੱਚ ਆਇਆ। ਇਸ ਤੋਂ ਬਾਅਦ ਪੰਜ ਐਮ.ਸੀ. ਇਸ ਵਾਰਡ ਦੇ ਵਿੱਚੋਂ ਬਣੇ। ਇਹ ਵਾਰਡ ਕਿਸੇ ਹੋਰ ਵਾਰਡ ਨਾਲ ਨਹੀਂ ਸੀ ਲੱਗਿਆ ਹੋਇਆ ਬਲਕਿ ਇਹ ਵਾਰਡ independent ਸੀ। ਇਸ ਵਿੱਚ ਪਹਿਲਾਂ ਨਾਮੀਨੇਟ ਸਰਬਜੀਤ ਕੌਰ ਹੋਈ। ਉਸ ਤੋਂ ਬਾਅਦ ਸ਼੍ਰੀ ਕਰਤਾਰ ਸਿੰਘ ਮਿਤੀ 15.01.1994 ਨੂੰ, ਸ਼੍ਰੀ ਸਵਰਣ ਸਿੰਘ ਸੰਧੂ ਮਿਤੀ 19.07.2000 ਨੂੰ, ਸ਼੍ਰੀ ਰਣਧੀਰ ਸਿੰਘ ਮਿਤੀ 27.09.2005 ਨੂੰ ਅਤੇ ਸ਼੍ਰੀ ਕਰਤਾਰ ਸਿੰਘ ਸਾਲ 2007 ਅਤੇ 2012 ਵਿੱਚ ਐਮ.ਸੀ. ਬਣੇ ਸਨ। ਜੇਕਰ ਇਹ ਮਿਊਂਸਿਪਲ ਕਮੇਟੀ ਸਾਲ 2012 ਵਿੱਚ ਹੋਂਦ ਵਿੱਚ ਆਈ ਹੋਵੇ ਤਾਂ ਮੈਂ ਮੰਨਦਾ, ਪਰ ਇਹ 1994 ਦੀ ਹੋਂਦ ਵਿੱਚ ਆਈ ਹੋਈ ਹੈ। ਉਥੋਂ ਪੰਜ ਕੌਂਸਲਰ ਬਣ ਚੁੱਕੇ ਹਨ। ਇਹ ਕਿਸੇ ਹੋਰ ਵਾਰਡ ਦਾ ਹਿੱਸਾ ਨਹੀਂ ਸਗੋਂ ਇਹ independent ਵਾਰਡ ਸੀ।

**ਮਾਨਯੋਗ ਸਪੀਕਰ:** ਕੁਐਸਚਨ ਕਰੋ, ਕੁਐਸਚਨ ਕਰੋ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਸਰ, ਮੇਰਾ ਇਹ ਸਵਾਲ ਹੈ ਕਿ ਇਹ ਪੁਰਾਣਾ ਹਿੱਸਾ ਮਿਊਂਸਿਪਲ ਕਮੇਟੀ ਦਾ ਹੈ, ਇਹ ਬਾਹਰ ਕਿਉਂ ਕੱਢ ਦਿੱਤਾ ਗਿਆ?

**ਮਾਨਯੋਗ ਸਪੀਕਰ :** ਸਿੱਧੂ ਸਾਹਿਬ, ਇਹ ਕਹਿੰਦੇ ਹਨ ਕਿ ਇਹ ਕਮੇਟੀ ਦਾ ਪੁਰਾਣਾ ਹਿੱਸਾ ਸੀ, ਇਸ ਨੂੰ ਬਾਹਰ ਕੱਢ ਦਿੱਤਾ।

**ਮੰਤਰੀ :** ਸਪੀਕਰ ਸਾਹਿਬ, ਮੈਂ ਪੁਰਾਣੀਆਂ ਗੱਲਾਂ ਨਹੀਂ ਕਰਨੀਆਂ ਹਨ । ਮੈਂ Present ਵਿੱਚ ਰਹਿੰਦਾ ਹਾਂ। ਅੱਜ ਵਿੱਚ ਹੀ ਰਹਿੰਦਾ ਹਾਂ । ਜਿਹੜਾ ਅੱਜ ਹੈ, ਉਹ ਹੀ ਸਾਨੂੰ ਅੱਗੇ ਲਿਜਾ ਸਕਦਾ ਹੈ। ਇਸ ਕਰਕੇ ਜੋ ਚਲਾ ਗਿਆ, ਉਸ ਨੂੰ ਭੁੱਲ ਜਾਓ। ਅਸਲ ਵਿੱਚ ਇਹ ਏਰੀਆ ਵਾਰਡ ਨੰਬਰ 6 ਦਾ ਹਿੱਸਾ ਨਹੀਂ ਸੀ ਪਰੰਤੂ ਇਸ ਕਾਲੋਨੀ ਦੇ ਵਸਨੀਕਾਂ ਵੱਲੋਂ ਸਾਲ 2012 ਦੌਰਾਨ ਵਾਰਡ ਨੰਬਰ 6 ਵਿੱਚ ਗਲਤ ਵੋਟਾਂ ਬਣਾਈਆਂ ਅਤੇ ਪਾਈਆਂ ਗਈਆਂ ਸਨ। ਲੇਕਿਨ ਸਾਲ 2017 ਦੀਆਂ ਚੋਣਾਂ ਤੋਂ ਪਹਿਲਾਂ ਇਹ ਧਿਆਨ ਵਿੱਚ ਆਇਆ ਕਿ ਇਹ ਏਰੀਆ ਨਗਰ ਕੌਂਸਲ ਸਾਹਨੇਵਾਲ ਦੀ ਹੱਦਬੰਦੀ ਤੋਂ ਬਾਹਰ ਹੈ, ਇਸ ਕਾਰਨ ਨਿਊ ਕਲੋਨੀ ਦੇ ਵਸਨੀਕ ਇਸ ਵਿੱਚ ਵੋਟਾਂ ਪਾਉਣ ਲਈ ਯੋਗ ਨਹੀਂ ਹਨ। ਇਸ ਤਰ੍ਹਾਂ ਉਹ ਨਗਰ ਕੌਂਸਲ ਦੀਆਂ ਚੋਣਾਂ ਸਾਲ 2017 ਵਿੱਚ ਵੋਟਾਂ ਨਹੀਂ ਪਾ ਸਕੇ। ਇਸ ਏਰੀਏ ਨੂੰ ਮਿਊਂਸਿਪਲ ਹੱਦਾਂ ਵਿੱਚ ਸ਼ਾਮਿਲ ਕਰਨ ਸਬੰਧੀ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

**ਮਾਨਯੋਗ ਸਪੀਕਰ :** ਸਿੱਧੂ ਸਾਹਿਬ ਕਹਿੰਦੇ ਹਨ ਕਿ ਵੋਟਾਂ ਗਲਤ ਬਣੀਆਂ ਸਨ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਸਪੀਕਰ ਸਾਹਿਬ, ਕੋਈ ਯਕੀਨ ਮੰਨੋ ਜੀ। ਮੈਂ ਤੁਹਾਡੇ ਕੋਲ ਸਰਕਾਰੀ ਕਾਗਜ਼ ਲੈ ਕੇ ਆਇਆ ਹਾਂ, ਆਪਣੇ ਕੋਲੋਂ ਤਾਂ ਲੈ ਕੇ ਨਹੀਂ ਆਇਆ। ਇੱਥੋਂ 1994 ਤੋਂ ਇਲੈਕਸ਼ਨਾਂ ਹੁੰਦੀਆਂ ਰਹੀਆਂ ਹਨ, ਕਿੰਨੀਆਂ ਸਰਕਾਰਾਂ ਚਲੀਆਂ ਗਈਆਂ ਹਨ? ਪੰਜ ਸਰਕਾਰਾਂ ਹੋ ਕੇ ਚਲੀਆਂ ਗਈਆਂ ਹਨ। ਅਸਲ ਵਿੱਚ ਹੋਇਆ ਇਹ ਹੈ ਕਿ ਇਸ ਕਾਲੋਨੀ ਵਿੱਚ ਜਨਰਲ ਕੈਟਾਗਰੀ ਦਾ ਕੋਈ ਵੀਰ ਨਹੀਂ ਹੈ। ਇੱਥੇ ਸਾਰੇ ਐਸ.ਸੀ. ਅਤੇ ਬੀ.ਸੀ. ਕੈਟਾਗਰੀ ਦੇ ਵਸਨੀਕ ਹਨ, ਜਿਸ ਮੌਕੇ 1994 ਤੋਂ ਪਹਿਲਾਂ ਪੰਚਾਇਤ ਸੀ, ਉਸ ਪੰਚਾਇਤ ਨੇ ਗਰੀਬ ਘਰਾਂ ਵਾਸਤੇ ਪੰਜ-ਪੰਜ ਮਰਲੇ ਦੇ ਪਲਾਟ ਦਿੱਤੇ ਸਨ, ਉਹ ਪੰਜ-ਪੰਜ ਮਰਲੇ ਦੇ ਪਲਾਟ ਇਸ ਸਾਹਨੇਵਾਲ ਦਾ ਹੀ ਹਿੱਸਾ ਸਨ। ਜਦੋਂ ਇਹ ਨੋਟੀਫਾਈ ਹੋਈ ਤਾਂ ਇਹ ਵਾਰਡ ਨੋਟੀਫਾਈ ਦੇ ਵਿੱਚ ਸੀ। ਮੈਂ

[ਸਰਦਾਰ ਸ਼ਰਨਜੀਤ ਸਿੰਘ ਢਿੱਲੋਂ]

ਮੰਤਰੀ ਸਾਹਿਬ ਨੂੰ ਚੰਗੀ ਤਰ੍ਹਾਂ ਦੱਸਣਾ ਚਾਹੁੰਦਾ ਹਾਂ ਕਿ ਜਿਸ ਮੌਕੇ 2017 ਦੀਆਂ ਚੋਣਾਂ ਹੋਈਆਂ ਸਨ, ਉਸ ਸਮੇਂ ਹਲਕਾ ਇੰਚਾਰਜ ਨੇ ਕਹਿ ਦਿੱਤਾ ਸੀ ਕਿ ਹੁਣ 2017 ਦੀਆਂ ਚੋਣਾਂ ਹੋਣੀਆਂ ਹਨ, ਤੁਸੀਂ ਆਪਣੀ ਮਰਜ਼ੀ ਦੇ ਨਾਲ ਆਪਣੇ ਆਪਣੇ ਵਾਰਡ ਬਣਾ ਲਓ। ਵਾਰਡ ਵੀ ਇਹ 13 ਤੋਂ 15 ਬਣ ਗਏ ਹਨ। ਅਖੀਰ ਵਿੱਚ ਉਸ ਏਰੀਏ ਦੇ ਕਾਂਗਰਸ ਦੇ ਉਮੀਦਵਾਰਾਂ ਵੱਲੋਂ ਕਿਹਾ ਗਿਆ ਕਿ ਇੱਥੋਂ ਕਿਸੇ ਨੇ ਜਿੱਤਣਾ ਨਹੀਂ ਹੈ, ਸੋ, ਤੁਸੀਂ ਇਸ ਕਾਲੋਨੀ ਨੂੰ ਖਤਮ ਕਰ ਦਿਓ। ਇਸ ਵਾਰਡ ਨੂੰ ਖਤਮ ਕਰ ਦਿਓ। ਇਸੇ ਕਾਰਨ ਇਸ ਵਾਰਡ ਨੂੰ ਖਤਮ ਕਰ ਦਿੱਤਾ ਗਿਆ, ਹੋਰ ਕੋਈ ਕਾਰਨ ਨਹੀਂ ਸੀ। ਇਹ ਉਸ ਦਾ ਹਿੱਸਾ ਹੈ।

**ਮਾਨਯੋਗ ਸਪੀਕਰ :** ਉਹ ਕਹਿੰਦੇ ਹਨ ਕਿ under consideration ਹੈ। ਉਸ ਨੂੰ ਦੁਬਾਰਾ ਕਰਨਾ ਜਾਂ ਨਾ ਕਰਨਾ, ਹੋ ਸਕਦਾ ਹੈ ਜਾਂ ਨਹੀਂ ਹੋ ਸਕਦਾ, ਇਹ under consideration ਹੈ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਸਰ, ਪਹਿਲਾਂ ਤਾਂ ਉਨ੍ਹਾਂ ਨੇ ਕੇਸ ਪਾਇਆ ਹੋਇਆ ਹੈ। ਮੈਂ ਤਾਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਅਫਸਰਾਂ ਨੇ ਇਹ ਗਲਤ ਕੰਮ ਕੀਤਾ ਹੈ, ਕੀ ਆਪਾਂ ਉਨ੍ਹਾਂ ਖਿਲਾਫ ਕੋਈ ਐਕਸ਼ਨ ਲਵਾਂਗੇ?

**ਮਾਨਯੋਗ ਸਪੀਕਰ :** ਇਹ ਕਿਵੇਂ ਮੰਨ ਲਈਏ ਗਲਤ ਹੋ ਗਿਆ, ਜਦ ਤੱਕ ਗਲਤ ਸਾਬਤ ਨਹੀਂ ਹੁੰਦਾ? ਪਹਿਲਾਂ ਦੋਸ਼ ਸਾਬਤ ਹੋਣ ਦਿਉ। ਤੁਸੀਂ ਗੱਲ ਕਹੀ ਹੈ ਕਿ ਉਨ੍ਹਾਂ ਨੇ ਕੇਸ ਪਾਇਆ ਹੋਇਆ ਹੈ, ਕੇਸ ਦੀ verdict ਆ ਜਾਵੇਗੀ, ਇਹ ਪਤਾ ਲੱਗ ਜਾਵੇਗਾ ਕਿ ਗਲਤ ਹੋਇਆ ਜਾਂ ਠੀਕ ਹੋਇਆ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਆਖਰ ਨੂੰ ਮੰਤਰੀ ਸਾਹਿਬ ਦਾ ਮਹਿਕਮਾ ਹੈ (ਵਿਘਨ) ਜਿਹੜੇ ਮੰਤਰੀ ਨੇ ਇਹ ਗਲਤ ਕੰਮ ਕੀਤਾ ਹੈ, ਗੈਰ ਕਾਨੂੰਨੀ ਤੌਰ ਤੇ ਗਲਤ ਤੌਰ ਤੇ ਇਹ ਕਾਲੋਨੀ ਬਾਹਰ ਕੱਢੀ ਹੈ ਇਹ ਕਿਉਂ ਕੱਢੀ ਹੈ? ਇਹ ਗਰੀਬਾਂ ਨਾਲ ਧੱਕਾ ਹੈ।

**ਮਾਨਯੋਗ ਸਪੀਕਰ :** ਨਹੀਂ, ਤੁਹਾਡਾ ਕਹਿਣਾ ਠੀਕ ਹੈ ਲੇਕਿਨ ਹੁਣ ਤੁਸੀਂ ਕਹਿ ਰਹੇ ਹੋ ਕਿ ਕੇਸ ਪਾ ਦਿੱਤਾ, ਹੁਣ ਕੇਸ ਦੀ verdict ਆਉਣ ਦਿਉ, ਜੇ ਤੁਸੀਂ ਕਾਰਵਾਈ ਕਰਵਾਉਣੀ ਚਾਹੁੰਦੇ ਹੋ। ਦੂਸਰੀ ਗੱਲ ਇਨ੍ਹਾਂ ਨੇ ਕਹਿ ਦਿੱਤਾ ਕਿ ਇਹ ਅੰਡਰ ਕੰਸੀਡਰੇਸ਼ਨ ਹੈ।ਮਾਮਲਾ ਅਦਾਲਤ ਦੇ ਜ਼ੇਰੇ ਗੌਰ ਹੋਣ ਕਰਕੇ...

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਸਰ, ਮੈਂ ਪਹਿਲਾਂ ਵੀ ਦੋ-ਤਿੰਨ ਵਾਰੀ ਇਹ ਕੁਐਸਚਨ ਲਾਇਆ ਹੈ ਪਰ ਕੋਈ ਜਵਾਬ ਨਹੀਂ ਆਇਆ, ਅਖੀਰ ਨੂੰ ਮੈਂ

ਉਨ੍ਹਾਂ ਨੂੰ ਕਹਿ ਦਿੱਤਾ ਕਿ ਮੇਰਾ ਕੁਐਸਚਨ ਨਹੀਂ ਲਗ ਰਿਹਾ, ਤੁਸੀਂ ਜੋ ਮਰਜ਼ੀ ਕਰੋ।

**ਮਾਨਯੋਗ ਸਪੀਕਰ :** ਮਾਮਲਾ ਅਦਾਲਤ ਦੇ ਜ਼ੇਰੇ ਗੌਰ ਹੈ, ਇਸ ਕਰਕੇ ਮੈਂ ਇਸ ਵਿਚ ਕੋਈ ਮੁਨਾਸਿਬ ਨਹੀਂ ਸਮਝਦਾ ਕਿ ਇਸ ਵਿਚ ਕੋਈ ਅੱਗੇ ਕੁਝ ਕਰ ਸਕਦੇ ਹੋਣ। ਬਾਕੀ ਸਿੱਧੂ ਸਾਹਿਬ ਜੇ ਕੁਝ ਕਹਿ ਸਕਦੇ ਹਨ ਤਾਂ ਕਹਿ ਲੈਣ ਲੇਕਿਨ ਮੈਂ ਨਹੀਂ ਕਹਿ ਸਕਦਾ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਸਪੀਕਰ ਸਾਹਿਬ, ਮੈਂ ਤਾਂ ਇੱਕੋ ਗੱਲ ਕਹਿੰਦਾ ਹਾਂ ਕਿ ਜਿਹੜੇ ਅਫਸਰਾਂ ਨੇ ਕਿਸੇ ਦੇ ਕਹਿਣ ਤੇ ਇਹ ਏਰੀਆ ਬਾਹਰ ਕੱਢਿਆ ਹੈ, 1994 ਤੋਂ ਚੱਲਿਆ ਅਇਆ ਹੈ, ਕੀ ਆਪਾਂ ਉਨ੍ਹਾਂ ਖਿਲਾਫ ਕੋਈ ਐਕਸ਼ਨ ਲਵਾਂਗੇ?

**ਮਾਨਯੋਗ ਸਪੀਕਰ :** ਕੋਈ ਗੱਲ ਤਾਂ ਬਣਦੀ ਨਹੀਂ, ਸਿੱਧੂ ਸਾਹਿਬ ਕਹਿਣਾ ਚਾਹੋਗੇ ਕੁਝ?

**ਮੰਤਰੀ :** ਕੋਈ ਗੱਲ ਬਣਦੀ ਹੀ ਨਹੀਂ ਹੈ ਜੀ, ਜਦੋਂ ਵਿਚ ਜੇ ਆ ਗਿਆ, if ਆ ਗਿਆ, ਜੇਕਰ **

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਸਿੱਧੂ ਸਾਹਿਬ, ਉੱਥੋਂ ਬੰਦਾ ਪੰਜ ਵਾਰੀ ਜਿੱਤ ਚੁੱਕਿਆ ਹੈ। ਜਿਹੜੀਆਂ ਵੀ ਸਰਕਾਰਾਂ ਆਉਂਦੀਆਂ ਰਹੀਆਂ ਹਨ, ਉਥੋਂ ਉਨ੍ਹਾਂ ਦੀ ਚੋਣ ਹੁੰਦੀ ਰਹੀ ਹੈ।

**ਮਾਨਯੋਗ ਸਪੀਕਰ :** ਬੈਠੋ ਜੀ ਬੈਠੋ। ** ਲਫਜ਼ ਐਕਸਪੰਜ ਕਰ ਦਿੱਤੇ ਜਾਣ। ਤੁਹਾਡੀ ਗੱਲ ਆ ਗਈ। ਹਾਂ ਜੀ, ਸੰਧਵਾਂ ਸਾਹਿਬ। ਸਰਦਾਰ ਕੁਲਤਾਰ ਸਿੰਘ ਜੀ ਖੜ੍ਹੇ ਹਨ, ਹਾਂ ਜੀ, ਸਰਦਾਰ ਕੁਲਤਾਰ ਸਿੰਘ ਸੰਧਵਾਂ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਮਾਨਯੋਗ ਸਪੀਕਰ ਸਾਹਿਬ, ਮੈਂ ਹਾਊਸ ਦਾ ਧਿਆਨ ਜਿਹੜੀ ਇਨ੍ਹਾਂ ਨੇ ਗੱਲ ਉਠਾਈ ਹੈ, ਉਸ ਵੱਲ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੇ ਇਧਰਲੇ ਪਾਸੇ ਸਾਡੇ ਸਤਿਕਾਰਯੋਗ ਸਾਥੀ ਬੈਠੇ ਹਨ ਜੀ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ ਕਰਦੇ ਹੋਏ) ਉਹ ਇਨ੍ਹਾਂ ਦੀਆਂ ਪਾਈਆਂ ਹੋਈਆਂ ਪਰੰਪਰਾਵਾਂ ਨੂੰ ਬਹੁਤ ਚੰਗੇ ਤਰੀਕੇ ਨਾਲ ਨਿਭਾਅ ਰਹੇ ਹਨ। ਇਸ ਨਾਲ ਪੰਜਾਬ ਦਾ ਨੁਕਸਾਨ ਹੋਵੇਗਾ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ, ਡਾਕਟਰ ਸੁਖਵਿੰਦਰ ਕੁਮਾਰ ਅਤੇ ਸਰਦਾਰ ਸ਼ਰਨਜੀਤ ਸਿੰਘ ਢਿੱਲੋਂ

---

**Expunged as ordered by the Chair.

ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮੰਤਰੀ :** ਸਰ, ਇਨ੍ਹਾਂ ਨੇ ਮੰਨਿਆ ਹੈ ਕਿ ਇਨ੍ਹਾਂ ਨੇ ਜੋ ਕੁਝ ਕੀਤਾ ਹੈ, ਉਹ ਗਲਤ ਕੀਤਾ ਹੈ।ਅਸੀਂ ਇਨ੍ਹਾਂ ਦੀਆਂ ਗਲਤੀਆਂ ਨੂੰ ਸੁਧਾਰਿਆ ਹੈ।ਕਮਜ਼ੋਰੀਆਂ ਨੂੰ ਤਾਕਤ ਵਿਚ ਤਬਦੀਲ ਕੀਤਾ ਹੈ।

**ਮਾਨਯੋਗ ਸਪੀਕਰ :** ਤੁਸੀਂ ਇਸਦੀ ਗੱਲ ਕਰੋ, ਇਸ ਇਸ਼ੂ ਤੇ ਕਹਿਣਾ ਹੈ ਕੁਝ..

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਮਾਨਯੋਗ ਸਪੀਕਰ ਸਾਹਿਬ, ਬਿਲਕੁਲ ਇਸੇ ਇਸ਼ੂ ਤੇ ਕਹਿ ਰਿਹਾ ਹਾਂ।ਇਹ ਕਹਿੰਦੇ ਹਨ ਕਿ ਇਹ ਹਲਕਾ ਇੰਚਾਰਜ ਨੇ ਕੀਤਾ ਹੈ, ਹਲਕਾ ਇੰਚਾਰਜ ਨੂੰ ਪਹਿਲਾਂ ਤੁਸੀਂ ** ਦਿੱਤਾ ਸੀ, ਜਿਸ ਨਾਲ ਸਾਰੇ ਪੰਜਾਬ ਦਾ ਨੁਕਸਾਨ ਹੋਇਆ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕਈ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਹੋਣ ਕਾਰਨ ਕੁਝ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ :** ਹਾਂ ਜੀ, ਢਿੱਲੋਂ ਸਾਹਿਬ, ਢਿੱਲੋਂ ਸਾਹਿਬ ਦਾ ਸਵਾਲ ਸੀ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਤੁਸੀਂ ਵਾਰ-ਵਾਰ ਇਹ ਗੱਲ ਕਹਿ ਰਹੇ ਹੋ ਕਿ ਗੱਲ ਤਾਂ ਕੋਈ ਬਣਦੀ ਨਹੀਂ।ਮੈਨੂੰ ਸਮਝ ਨਹੀਂ ਆਉਂਦੀ ਕਿ ਉਥੇ ਪੰਜ ਕੌਂਸਲਰ ਬਣ ਚੁੱਕੇ ਹਨ, ਇਹ ਇਕੱਲਾ ਵਾਰਡ ਕਿਸੇ ਦਾ ਹਿੱਸਾ ਨਹੀਂ ਹੈ।ਇਹ Independent ਵਾਰਡ ਹੈ।

**ਮਾਨਯੋਗ ਸਪੀਕਰ :** ਢਿੱਲੋਂ ਸਾਹਿਬ, ਤੁਸੀਂ ਆਪ ਕਹਿ ਚੁੱਕੇ ਹੋ ਕਿ ਇਹ ਮਾਮਲਾ ਅਦਾਲਤ ਵਿਚ ਹੈ।ਇਹ ਗਲਤ ਹੈ ਜਾਂ ਠੀਕ ਹੈ, ਇਸ ਦਾ ਫੈਸਲਾ ਅਦਾਲਤ ਕਰੇਗੀ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਸਪੀਕਰ ਸਾਹਿਬ, ਜੇ ਮੰਤਰੀ ਸਾਹਿਬ ਕੋਈ ਐਕਸ਼ਨ ਲੈਣ ਤਾਂ ਕੇਸ ਅਦਾਲਤ ਵਿਚੋਂ ਵਾਪਸ ਲੈ ਲੈਣਗੇ।

**ਮਾਨਯੋਗ ਸਪੀਕਰ :** ਉਹ ਕੇਸ ਕਿਵੇਂ ਵਾਪਸ ਲੈ ਸਕਦੇ ਹਨ? ਜਦੋਂ ਮਾਮਲਾ ਅਦਾਲਤ ਵਿਚ ਹੈ ਤਾਂ ਕੇਸ ਵਾਪਸ ਕਿਵੇਂ ਲੈ ਸਕਦੇ ਹੋ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਉਹ ਕੇਸ ਵਾਪਸ ਲੈ ਲੈਣਗੇ।

---

**Expunged as ordered by the Chair.

**ਮਾਨਯੋਗ ਸਪੀਕਰ :** ਕੌਣ ਵਾਪਸ ਲੈ ਲੈਣਗੇ, ਕਿਵੇਂ ਲੈ ਲੈਣਗੇ? ਜਦੋਂ ਉਹ ਵਾਪਸ ਲੈ ਲੈਣਗੇ, ਅਸੀਂ ਵੀ ਇਨ੍ਹਾਂ ਨੂੰ ਕਹਿ ਦਿਆਂਗੇ ਕਿ ਵਾਪਸ ਲੈ ਲਿਆ, ਤੁਸੀਂ ਕਾਰਵਾਈ ਕਰੋ।

**ਮੰਤਰੀ :** ਬਸ, ਖਤਮ ਗੱਲ।

**ਮਾਨਯੋਗ ਸਪੀਕਰ :** ਨਹੀਂ ਏਦਾਂ ਹੀ ਹੋਵੇਗਾ, ਤੁਹਾਡਾ ਗਰੀਵੈਂਸ ਠੀਕ ਹੋ ਸਕਦਾ ਹੈ ਪਰ ਮਾਮਲਾ ਅਦਾਲਤ ਵਿੱਚ ਹੈ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਇਹ ਐਸ.ਸੀ. ਤੇ ਬੀ.ਸੀ. ਨਾਲ ਧੱਕਾ ਹੈ। ਆਪਾਂ ਇਹ ਨਾ ਸਮਝੀਏ ਕਿ ਇਹ ਸਾਡੀ ਕਠਪੁਤਲੀ ਹਨ....

**ਮਾਨਯੋਗ ਸਪੀਕਰ :** ਢਿੱਲੋਂ ਸਾਹਿਬ, ਮਾਮਲਾ ਅਦਾਲਤ ਵਿਚ ਜਾਣ ਕਰਕੇ ਕੀ ਕਰ ਸਕਦੇ ਹਾਂ? ਤੁਹਾਡਾ ਗਰੀਵੈਂਸ ਠੀਕ ਹੋ ਸਕਦਾ ਹੈ, ਗਿਲਾ ਠੀਕ ਹੋ ਸਕਦਾ ਹੈ ਪਰ ਕਿਉਂਕਿ ਇਹ ਮਾਮਲਾ ਅਦਾਲਤ ਵਿਚ ਚਲਾ ਗਿਆ ਹੈ ਤਾਂ ਵਜ਼ੀਰ ਸਾਹਿਬ ਇਸ ਵਿਚ ਕੀ ਕਰਨਗੇ?

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਸਪੀਕਰ ਸਾਹਿਬ, ਤੁਸੀਂ ਜਵਾਬ ਨਹੀਂ ਦਿਵਾਉਣਾ ਤਾਂ ਨਾ ਦਿਵਾਓ। ਮੈਂ ਤਾਂ ਕੁਝ ਨਹੀਂ ਕਹਿੰਦਾ।

**ਮਾਨਯੋਗ ਸਪੀਕਰ :** ਹਾਂ ਜੀ, ਬੈਂਸ ਸਾਹਿਬ, ਬੈਂਸ ਸਾਹਿਬ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਨਾਲ ਨਵੀਂ ਲਿਟੀਗੇਸ਼ਨ ਸਟਾਰਟ ਹੋ ਜਾਣੀ ਹੈ, ਜਿਹੜੇ ਲੋਕਾਂ ਨੇ ਹਾਊਸ ਟੈਕਸ ਦੇ ਦਿੱਤਾ, ਨਕਸ਼ੇ ਪਾਸ ਕਰਵਾ ਲਏ, ਨਗਰ ਕੌਂਸਲ, ਸਾਹਨੇਵਾਲ ਕੋਲ ਫੀਸ ਜਮ੍ਹਾਂ ਕਰਵਾ ਦਿੱਤੀ, ਸੀਵਰ ਦੇ ਕੁਨੈਕਸ਼ਨ ਲੈ ਲਏ ਹਨ। ਸਪੀਕਰ ਸਾਹਿਬ, ਮੇਰੀ ਤੁਹਾਡੇ ਥਰੂ ਮੰਤਰੀ ਜੀ ਨੂੰ ਰਿਕੁਐਸਟ ਹੈ ਕਿ ਲੋਕ ਵਿਚਾਰੇ ਚੱਕੀ ਵਿਚ ਪਿਸ ਜਾਣਗੇ। ਇਸ ਕਰਕੇ ਜੇ ਵਾਕਿਆ ਹੀ ਇਹ ਇਲਾਕਾ 1994 ਤੋਂ ਹੈ ਤਾਂ ਇਸ ਦੀ ਵੈਰੀਫਿਕੇਸ਼ਨ ਕਰਕੇ, ਲੋਕਾਂ ਦੀ ਦਿੱਕਤ ਨੂੰ ਦੂਰ ਕਰਨ ਵਾਸਤੇ ਨੋਟੀਫਾਈ ਕਰਕੇ ਇਸ ਨੂੰ ਦੁਬਾਰਾ ਕਮੇਟੀ ਵਿੱਚ ਸ਼ਾਮਲ ਕਰ ਲਵੋ। ਕਿਉਂਕਿ ਇਸ ਤਰ੍ਹਾਂ ਹੋ ਜਾਣ ਨਾਲ ਉਥੋਂ ਦੇ ਲੋਕਾਂ ਲਈ ਲਿਟੀਗੇਸ਼ਨ ਖੜ੍ਹੀ ਹੋ ਜਾਣੀ ਹੈ ਜਿਨ੍ਹਾਂ ਨੇ ਮਕਾਨਾਂ ਦੇ ਨਕਸ਼ੇ ਪਾਸ ਕਰਵਾਏ, ਸੀਵਰੇਜ ਤੇ ਪਾਣੀ ਦੇ ਕੁਨੈਕਸ਼ਨ ਲਏ ਹੋਏ ਹਨ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਇਹ ਕੋਰਟ ਦੇ ਅਧੀਨ ਹੈ ਜੋ ਫੈਸਲਾ ਕੋਰਟ ਕਰੇਗੀ, ਉਹ ਅਸੀਂ ਵੀ ਕਰ ਦਿਆਂਗੇ।

**ਮਾਨਯੋਗ ਸਪੀਕਰ :** ਸੁੱਖੀ ਜੀ, ਕੁਝ ਕਹਿਣਾ ਚਾਹੁੰਦੇ ਹਨ, ਹਾਂ ਜੀ, ਡਾਕਟਰ ਸੁੱਖੀ ਜੀ।

**ਡਾਕਟਰ ਸੁਖਵਿੰਦਰ ਕੁਮਾਰ :** ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਬੰਗਾ ਸਿਟੀ ਹੈ ਤੇ ਜੋ ਬੰਗਾ ਮਿਊਂਸਿਪਲ ਕਮੇਟੀ ਹੈ, ਇਨ੍ਹਾਂ ਦੋਨਾਂ ਦੀ ਲਿਮਿਟ ਵਿੱਚ ਬਹੁਤ ਫਰਕ ਹੈ...

**ਮਾਨਯੋਗ ਸਪੀਕਰ :** ਸੁੱਖੀ ਜੀ, ਇਹ ਜ਼ੁਬਾਨੀ ਕਿਵੇਂ ਯਾਦ ਹੋ ਸਕਦਾ ਹੈ?

**ਡਾਕਟਰ ਸੁਖਵਿੰਦਰ ਕੁਮਾਰ :** ਮੈਂ ਤੁਹਾਨੂੰ ਕੁਐਸਚਨ ਦੱਸ ਦਿੰਦਾ ਹਾਂ ਜੀ। ਮੈਂ ਇਹ ਕਹਿੰਦਾ ਹਾਂ ਕਿ ਜਿਹੜੇ ਘਰ ਮਿਊਂਸਿਪਲ ਕਮੇਟੀ ਦੀ ਲਿਮਿਟ ਵਿੱਚ ਨਹੀਂ ਆਉਂਦੇ, ਜਿਹੜੇ ਬੰਗਾ ਸਿਟੀ ਦੇ ਹੱਦ ਵਿੱਚ ਹਨ ਪਰ ਉਹ ਮਿਊਂਸਿਪਲ ਕਮੇਟੀ ਦੀ ਲਿਮਿਟ ਵਿੱਚ ਨਹੀਂ ਆਉਂਦੇ, ਉਥੇ ਡਿਵੈਲਪਮੈਂਟ ਨਹੀਂ ਹੋ ਰਹੀ। ਕਈ ਸ਼ਹਿਰਾਂ ਵਿੱਚ ਇਸ ਤਰ੍ਹਾਂ ਹੈ, ਜਿਹੜਾ ਏਰੀਆ ਮਿਊਂਸਿਪਲ ਕਮੇਟੀ ਵਿਚੋਂ ਰਹਿ ਗਿਆ ਹੈ, ਉਹ ਏਰੀਆ ਕਦੋਂ ਤੱਕ ਵਿੱਚ ਆ ਜਾਵੇਗਾ?

**ਮਾਨਯੋਗ ਸਪੀਕਰ :** ਇਹ ਸੈਪਰੇਟ ਸਵਾਲ ਦਿਓ। ਅਗਲਾ ਸਵਾਲ, ਸਰਦਾਰ ਪਰਮਿੰਦਰ ਸਿੰਘ ਢੀਂਡਸਾ।

----

## ਸਟੈਂਪ ਡਿਊਟੀ/ਰਜਿਸਟ੍ਰੇਸ਼ਨ ਚਾਰਜਿਜ਼ ਤੋਂ ਇਕੱਠੀ ਹੋਈ ਰਕਮ ਦਾ ਵੇਰਵਾ

***2073. ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿੱਤੀ ਸਾਲ 2016-17, 2017-2018 ਅਤੇ 2018-2019 ਦੌਰਾਨ ਰਾਜ ਸਰਕਾਰ ਨੂੰ ਸਟੈਂਪ ਡਿਊਟੀ/ਰਜਿਸਟ੍ਰੇਸ਼ਨ ਚਾਰਜਿਜ਼ ਤੋਂ ਕੁੱਲ ਕਿੰਨੀ ਰਕਮ ਇਕੱਠੀ ਹੋਈ ਹੈ ਅਤੇ ਕੀ ਇਹ ਰਕਮ ਬਜਟ ਅਨੁਮਾਨਾਂ ਅਨੁਸਾਰ ਹੈ ਜਾਂ ਇਸ ਤੋਂ ਘੱਟ ਹੈ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ਵਿੱਤੀ ਸਾਲ 2016-17, 2017-18 ਅਤੇ 2018-19 (ਜਨਵਰੀ, 2019 ਤੱਕ) ਦੌਰਾਨ ਰਾਜ ਸਰਕਾਰ ਨੂੰ ਸਟੈਂਪ ਡਿਊਟੀ/ਰਜਿਸਟ੍ਰੇਸ਼ਨ ਚਾਰਜਿਜ਼ ਤੋਂ ਕੁੱਲ ਹੇਠ ਲਿਖੇ ਅਨੁਸਾਰ ਰਕਮ ਇਕੱਠੀ ਹੋਈ ਹੈ:-

(ਰਕਮ ਕਰੋੜਾਂ ਵਿੱਚ)

| ਲੜੀ ਨੰ: | ਸਾਲ | ਟੀਚਾ | ਪ੍ਰਾਪਤ ਹੋਈ ਰਕਮ |
|---|---|---|---|
| 1. | 2016-17 | 2600.00 | 2109.68 |
| 2. | 2017-18 | 2400.00 | 2153.95 |
| 3. | 2018-19 | 2500.00 | 1891.00 |

(ਜਨਵਰੀ, 2019 ਤੱਕ)

ਇਹ ਰਕਮ ਟੀਚਿਆਂ ਤੋਂ ਘੱਟ ਪ੍ਰਾਪਤ ਹੋਈ ਹੈ। ਮਾਰਚ ਤੱਕ ਆਸ ਹੈ ਕਿ ਇਹ 2200 ਦੇ ਕਰੀਬ ਪਹੁੰਚ ਜਾਵੇਗਾ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਵੱਲੋਂ ਕਈ ਫੀਸਾਂ ਦੇ ਚਾਰਜਿਜ਼ ਵਿੱਚ ਵਾਧਾ ਕੀਤਾ ਗਿਆ ਹੈ ਪਰ ਉਸ ਦੇ ਬਾਵਜੂਦ ਵੀ ਰੈਵੇਨਿਊ ਦੀ ਗਰੋਥ, ਖਾਸ ਤੌਰ ਤੇ ਸਟੈਂਪ ਡਿਊਟੀਆਂ, ਰਜਿਸਟਰੇਸ਼ਨ ਫੀਸ ਵਿੱਚ ਸਿਰਫ 2 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ ਅਤੇ ਇਹ ਟਾਰਗੈਟ ਤੋਂ ਬਹੁਤ ਘੱਟ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਾਰਨ ਹੈ ਕਿ ਨਵੇਂ ਚਾਰਜਿਜ਼ ਲਗਾਉਣ ਦੇ ਬਾਵਜੂਦ ਵੀ ਇਹ ਰੈਵੇਨਿਊ ਨਹੀਂ ਵੱਧ ਰਿਹਾ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਰੈਵੇਨਿਊ ਦੇ ਟਾਰਗੈਟ ਨੂੰ ਮੀਟ ਕਰਨ ਵਾਸਤੇ ਸਰਕਾਰ ਦੇ ਕੋਈ ਹੋਰ ਸਟੈਪਸ ਚੁੱਕਣੇ ਵਿਚਾਰ ਅਧੀਨ ਹਨ ਜੀ?

**ਮਾਨਯੋਗ ਸਪੀਕਰ :** ਰੈਵੇਨਿਊ ਵਾਧੇ ਲਈ ਹੋਰ ਸਟੈਪਸ ਚੁੱਕਣ ਬਾਰੇ।

**ਮੰਤਰੀ :** ਸਪੀਕਰ ਸਾਹਿਬ, ਪਿਛਲੇ ਕੁਝ ਸਾਲਾਂ ਦੌਰਾਨ ਰੀਅਲ ਅਸਟੇਟ ਦੇ ਧੰਦੇ ਵਿੱਚ ਬਹੁਤ ਮੰਦਹਾਲੀ ਆਈ ਹੈ, ਉਸ ਕਰਕੇ ਸਟੈਂਪ ਡਿਊਟੀ ਅਤੇ ਰਜਿਸਟਰੇਸ਼ਨ ਫੀਸ ਉਮੀਦ ਨਾਲੋਂ ਘੱਟ ਪ੍ਰਾਪਤ ਹੋਈ ਹੈ। ਜਿਹੜੀ ਸ਼ਹਿਰਾਂ ਦੇ ਲਾਗੇ 5 ਕਿਲੋਮੀਟਰ ਦੇ ਅੰਦਰ ਕਲਾਸ-1 ਨਗਰ ਪਾਲਿਕਾਵਾਂ ਜਾਂ ਕਾਰਪੋਰੇਸ਼ਨਾਂ ਸੀ, ਉਥੋਂ ਫੀਸ ਤੋਂ ਵੱਖਰਾ 3% ਸੋਸ਼ਲ ਸਕਿਉਰਿਟੀ ਫੰਡ ਲਿਆ ਜਾਂਦਾ ਸੀ। ਉਹ ਮਿਤੀ 28.3.2017 ਤੋਂ ਮਿਤੀ 31.3.2019 ਤੱਕ ਮੁਆਫ ਕੀਤਾ ਗਿਆ ਹੈ । ਇਹ ਜਿਹੜੀ 3% ਡਿਊਟੀ ਛੱਡੀ ਸੀ, ਜਿਹੜੀ ਸ਼ਹਿਰਾਂ ਦੇ ਲਾਗੇ ਪੰਜ ਕਿਲੋਮੀਟਰ ਦੇ ਘੇਰੇ ਵਿੱਚ ਹੈ, ਉਹ ਮਿਤੀ 1.4.2019 ਤੋਂ ਮੁੜ ਬਹਾਲ ਹੋ ਜਾਣੀ

[ਮਾਲ ਤੇ ਪੁਨਰਵਾਸ ਮੰਤਰੀ]

ਹੈ। ਉਸ ਨਾਲ ਵੀ ਰੈਵੇਨਿਊ ਵਿੱਚ ਫਰਕ ਪਿਆ ਹੈ। ਜਿਹੜੀ ਇਹ ਗੱਲ ਕਰਦੇ ਹਨ ਕਿ ਡਿਊਟੀਆਂ ਵਧਾਈਆਂ ਹਨ, ਅਜੇ ਤੱਕ ਅਸੀਂ ਕੋਈ ਫੀਸ ਨਹੀਂ ਵਧਾਈ । ਹਾਂ, ਛੋਟੇ ਛੋਟੇ ਡਾਕੂਮੈਂਟ ਤੇ ਵਧਾਈ ਹੈ, ਉਹ ਅਜੇ ਬਿੱਲ ਆਉਣਾ ਹੈ, ਉਸ ਨਾਲ ਅਸੀਂ ਥੋੜ੍ਹੇ ਜਿਹੇ ਪੈਸੇ ਵਧਾਏ ਹਨ। ਉਸ ਨਾਲ 70-80 ਕਰੋੜ ਰੁਪਏ ਦਾ ਹੋਰ ਫਰਕ ਪੈ ਜਾਵੇਗਾ।

**ਮਾਨਯੋਗ ਸਪੀਕਰ :** ਢੀਂਡਸਾ ਸਾਹਿਬ। ਹੋ ਗਿਆ ਜੀ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਹੋ ਗਿਆ ਜੀ। ਸਪੀਕਰ ਸਾਹਿਬ, ਸਿਰਫ ਇਸ ਗੱਲ ਦੀ ਚਿੰਤਾ ਹੈ ਕਿ ਇਹ ਜਿਹੜਾ ਰੈਵੇਨਿਊ ਹੈ, ਇਹ ਬਹੁਤ ਨਾ-ਮਾਤਰ ਵਧ ਰਿਹਾ ਹੈ। ਸਰਕਾਰ ਫਿਸਕਲ ਕਨਸੋਲੀਡੇਸ਼ਨ ਦੀ ਜਾਂ ਹੋਰ ਗੱਲ ਕਰਦੀ ਹੈ, ਉਹ ਮੈਂ ਬਜਟ ਤੇ ਬਹਿਸ ਕਰਦੇ ਹੋਏ ਗੱਲ ਕਰਾਂਗਾ।

**ਮਾਨਯੋਗ ਸਪੀਕਰ :** ਉਦੋਂ ਗੱਲ ਕਰ ਲੈਣਾ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਪਰ ਗੱਲ ਇਹ ਹੈ ਕਿ ਜਿਹੜੀ ਰੀਅਲ ਅਸਟੇਟ ਦੀ ਪਾਲਿਸੀ ਹੈ, ਉਸ ਵਿੱਚ ਕਮੀ ਕਰਕੇ ਇਹ ਸਾਰਾ ਕੁਝ ਹੋ ਰਿਹਾ ਹੈ। ਜਿਹੜੀਆਂ ਕਲੋਨੀਜ਼ ਹਨ, ਉਥੇ ਰਜਿਸਟਰੇਸ਼ਨ ਬੰਦ ਕੀਤੀ ਹੋਈ ਹੈ, ਹੋਰ ਬੜੇ ਵੱਡੇ ਕਾਰਨ ਹਨ। ਕੀ ਉਨ੍ਹਾਂ ਨੂੰ ਦੁਬਾਰਾ ਖੋਲ੍ਹਣ ਦਾ ਵਿਚਾਰ ਰੱਖਦੇ ਹਨ ਤਾਂ ਕਿ ਇਨ੍ਹਾਂ ਦੀ ਰੈਵੇਨਿਊ ਵੀ ਵਧੇ ਅਤੇ ਲੋਕ ਵੀ ਜਿਹੜੇ ਤਕਲੀਫ ਵਿੱਚ ਹਨ, ਉਥੇ ਸਾਰੀਆਂ ਰਜਿਸਟਰੀਆਂ ਬੰਦ ਹਨ, ਉਨ੍ਹਾਂ ਨੂੰ ਵੀ ਕੁਝ ਰਿਲੀਫ ਮਿਲੇ?

**ਮੰਤਰੀ :** ਸਪੀਕਰ ਸਾਹਿਬ, ਮੈਂ ਦੱਸਿਆ ਤਾਂ ਹੈ ਕਿ ਜਿਹੜਾ 3% ਛੱਡਿਆ ਸੀ, ਉਹ ਦੋ ਸਾਲਾਂ ਲਈ ਛੱਡਿਆ ਹੈ। ਮਿਤੀ 1.4.2019 ਤੋਂ ਉਹ ਪੰਜ ਕਿਲੋਮੀਟਰ ਦੇ ਅੰਦਰ 3% ਲੱਗਿਆ ਕਰੇਗਾ।

**ਸ਼੍ਰੀ ਬੁੱਧ ਰਾਮ :** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਦੋਂ ਕੋਈ ਕਿਸੇ ਚੀਜ਼ ਦੀ ਰਜਿਸਟਰੀ ਕਰਾਉਂਦਾ ਹੈ ਤਾਂ ਉਹ ਅਸ਼ਟਾਮ ਲੈਂਦਾ ਹੈ ਅਤੇ ਸਟੈਂਪ ਡਿਊਟੀ ਦਿੰਦਾ ਹੈ। ਰਜਿਸਟਰੀ ਹੋਣ ਤੋਂ ਬਾਅਦ ਫਿਰ ਕਿਹਾ ਜਾਂਦਾ ਹੈ ਕਿ ਤੁਸੀਂ ਰਜਿਸਟਰੇਸ਼ਨ ਕਰਾਉਣ ਲਈ ਅਲੱਗ ਕਾਊਂਟਰ ਤੇ ਜਾਓ। ਸਰ, ਮੈਂ ਆਪਣੇ ਬੁਢਲਾਡੇ ਹਲਕੇ ਦੀ ਗੱਲ ਕਰਦਾ ਹਾਂ ਕਿ ਉਥੇ ਜਦੋਂ ਕੋਈ ਰਜਿਸਟਰੇਸ਼ਨ ਕਰਾਉਣ ਦੇ ਲਈ ਜਾਂਦਾ ਹੈ ਤਾਂ 100, 200, 300, 400 ਰੁਪਏ ਹਰ ਹਾਲਤ ਵਿੱਚ ਅੱਡ ਲੈਂਦੇ ਹਨ। ਇਹ ਕਲੀਅਰ ਹੈ। ਮੈਂ ਇਹ ਚਾਹੁੰਦਾ ਹਾਂ ਕਿ ਜੇ 2% ਰਜਿਸਟਰੇਸ਼ਨ

ਫੀਸ ਹੈ ਜਾਂ ਮੰਨ ਲਓ ਕਿ 6% ਸਟੈਂਪ ਡਿਊਟੀ ਲਈ ਜਾਂਦੀ ਹੈ ਤਾਂ ਇਹ ਕਿਉਂ ਇਕੱਠੀ ਨਹੀਂ ਕਰ ਦਿੱਤੀ ਜਾਂਦੀ ਕਿਉਂਕਿ ਇਹ ਲੈਣਾ ਤਾਂ ਲਾਜ਼ਮੀ ਹੈ। ਉਹ ਸਿੱਧੀ 8% ਲੈ ਲੈਣ ਤਾਂ ਜੋ ਇੱਕ ਥਾਂ ਤੇ ਯਕਮੁਸ਼ਤ ਦੇ ਕੇ ਉਨ੍ਹਾਂ ਦਾ ਖਹਿੜਾ ਛੁੱਟ ਜਾਵੇ। ਜਦੋਂ ਰਜਿਸਟਰੇਸ਼ਨ ਕਰਵਾਉਂਦੇ ਹਨ ਤਾਂ ਉਥੇ ਟਾਈਮ ਲਗਦਾ ਹੈ ਅਤੇ ਫਿਰ ਉਥੇ ਘੰਟਾ-ਦੋ ਘੰਟੇ ਫਾਲਤੂ ਲੱਗਦੇ ਹਨ ਅਤੇ ਨਾਲ ਹੀ ਬਕਾਇਦਾ ਪੈਸੇ ਲੈਂਦੇ ਹਨ, ਇਹ ਨਹੀਂ ਪਤਾ ਕਿ ਉਹ ਠੇਕੇ ਤੇ ਰੱਖੇ ਹਨ ਜਾਂ ਕਿਵੇਂ ਰੱਖੇ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਤੁਸੀਂ ਇਸ ਗੱਲ ਨੂੰ ਗੌਰ ਫੁਰਮਾਓ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੇਰੀ ਵਜ਼ੀਰ ਸਾਹਿਬ ਨੂੰ ਬੇਨਤੀ ਹੈ ਕਿ ਤੁਸੀਂ ਵੱਡਾ ਫੈਸਲਾ ਇਹ 3% ਘਟਾਉਣ ਦਾ ਲਿਆ ਸੀ, ਦੁਨੀਆਂ ਇਧਰ ਦੀ ਉਧਰ ਹੋ ਜਾਵੇ, ਤੁਸੀਂ ਇਹ 3% ਲੱਗਣ ਨਾ ਦਿਉ, ਇਸ ਦੇ ਉਤੇ ਪੈਰਵਾਈ ਕਰੋ। ਇਹ 3% ਡਿਊਟੀ ਦਾ ਵਾਧੂ ਬੋਝ ਲੋਕਾਂ ਤੇ ਨਾ ਪਵੇ। ਜਿਹੜੀ ਤੁਸੀਂ ਪਹਿਲਾਂ ਇਹ ਸਟੈਂਪ ਡਿਊਟੀ ਘਟਾਈ ਸੀ ਲੇਕਿਨ ਹੁਣੇ ਉਹ 3% ਲਗਾਉਣ ਦੀ ਗੱਲ ਕਰ ਦਿੱਤੀ ਹੈ, ਇਹ ਐਂਟੀ ਕਾਮਨ ਮੈਨ ਸਟੈਪ ਹੈ...

**ਮਾਨਯੋਗ ਸਪੀਕਰ :** ਸਵਾਲ ਕਰੋ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੇਰਾ ਉਹੀ ਸਵਾਲ ਹੈ ਕਿ ਇਨ੍ਹਾਂ ਨੇ ਹੁਣੇ ਗੱਲ ਕੀਤੀ ਹੈ ਕਿ ਅਸੀਂ ਮਿਤੀ 1.4.2019 ਤੋਂ 3% ਸਟੈਂਪ ਡਿਊਟੀ ਵਾਪਸ ਲਗਾ ਦੇਣੀ ਹੈ। ਮੇਰੀ ਬੇਨਤੀ ਹੈ ਕਿ ਦੁਨੀਆਂ ਇਧਰ ਦੀ ਉਧਰ ਹੋ ਜਾਵੇ, ਤੁਸੀਂ ਇਹ 3% ਲੱਗਣ ਨਾ ਦਿਉ। ਇਹ ਮੇਰੀ ਹੱਥ ਜੋੜ ਕੇ ਬੇਨਤੀ ਹੈ । ਦੂਜੀ ਗੱਲ ਇਹ ਹੈ ਕਿ ਤੁਸੀਂ ਜਿਹੜੇ 200 ਕਰੋੜ ਦੇ ਵੱਖਰੇ ਚਾਰਜਿਜ਼ ਲਗਾ ਕੇ ਨਵੇਂ ਰੇਟ, ਡਬਲ, ਟ੍ਰਿਪਲ ਕਰ ਦਿੱਤੇ ਹਨ, ਉਸ ਉਤੇ ਵੀ ਮੁੜ ਵਿਚਾਰ ਕਰ ਲਵੋ। ਇਹ ਐਕਸਟਰਾ ਬੋਝ ਆਮ ਸਾਧਾਰਨ ਲੋਕਾਂ ਤੇ ਨਾ ਪਾਉ। ਮੇਰੀ ਤਾਂ ਬੇਨਤੀ ਹੈ, ਬਾਕੀ ਤੁਸੀਂ ਆਪ ਮਾਲਕ ਹੋ।

**ਮੰਤਰੀ :** ਸਪੀਕਰ ਸਾਹਿਬ, ਇਕ ਪਾਸੇ ਸਾਬਕਾ ਵਿੱਤ ਮੰਤਰੀ ਜੀ ਕਹੀ ਜਾਂਦੇ ਹਨ ਕਿ ਆਮਦਨ ਵਧਾਉਣ ਦੇ ਕੋਈ ਜ਼ਰੀਏ ਲੱਭੋ ਲੇਕਿਨ ਇਹ ਕਹੀ ਜਾਂਦੇ ਹਨ ਕਿ ਇਹ 3% ਨਾ ਲਗਾਉ। ਇਨ੍ਹਾਂ ਵੇਲੇ ਤਾਂ ਉਹ 3% ਲੱਗਦਾ ਸੀ ਲੇਕਿਨ ਜਦੋਂ ਸਾਡੀ ਸਰਕਾਰ ਆਈ ਤਾਂ ਅਸੀਂ ਇਹ 3% ਦੋ ਸਾਲ ਲਈ ਛੱਡਿਆ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਵੇਖੋ ਮੈਂ ਤਾਂ ਇਨ੍ਹਾਂ ਦਾ ਧੰਨਵਾਦ ਕੀਤਾ ਹੈ । ਤੁਸੀਂ ਉਹ ਧੰਨਵਾਦ ਕਾਇਮ ਤਾਂ ਰੱਖੋ, ਇਹ 3% ਲਗਾ

[ਸਰਦਾਰ ਬਿਕਰਮ ਸਿੰਘ ਮਜੀਠੀਆ]

ਨਾ ਦਿਉ, ਐਵੇਂ ਹੁਣ ਦਿਖਾ ਕੇ ਫਿਰ ਹੁਣ ਲਗਾਉਣ ਲੱਗੇ ਹੋ। ਅਸੀਂ ਤਾਂ ਇਹੀ ਬੇਨਤੀ ਕਰ ਰਹੇ ਹਾਂ ਕਿ ਇਹ 3% ਨਾ ਲਗਾਉ, ਤੁਸੀਂ ਲੋਕ ਪੱਖੀ ਫੈਸਲਾ ਕਰੋ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਜਦੋਂ ਜ਼ਮੀਨ ਦੀ ਰਜਿਸਟਰੀ ਹੁੰਦੀ ਹੈ ਤਾਂ ਉਸ ਉਤੇ ਜਿਹੜੀ ਸਟੈਂਪ ਡਿਊਟੀ ਲੱਗਦੀ ਹੈ ਤਾਂ ਆਮ ਤੌਰ ਤੇ ਵੇਖਿਆ ਗਿਆ ਹੈ ਕਿ ਪ੍ਰਾਪਰਟੀ ਜ਼ਿਆਦਾ ਕੀਮਤ ਦੀ ਹੁੰਦੀ ਹੈ ਲੇਕਿਨ ਲੋਕ ਡੀ.ਸੀ.ਰੇਟ ਉਤੇ ਰਜਿਸਟਰੀਆਂ ਕਰਵਾ ਕੇ ਘੱਟ ਪੈਸਿਆਂ ਦੀ ਰਜਿਸਟਰੀ ਕਰਵਾਉਂਦੇ ਹਨ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਕੋਈ ਅਜਿਹਾ ਮੈਕੇਨਿਜ਼ਮ ਬਣਾਉਣ, ਕੋਈ ਅਜਿਹੀ ਸਕੀਮ ਬਣਾਉਣ ਜਿਸ ਕਰਕੇ ਸਰਕਾਰ ਦਾ ਰੈਵੇਨਿਊ ਵੱਧ ਹੋ ਜਾਵੇ ਅਤੇ ਰਜਿਸਟਰੀ ਪੂਰੇ ਪੈਸਿਆਂ ਦੀ ਹੋਵੇ। ਲੋਕ ਪ੍ਰਾਪਰਟੀ ਸੇਲ ਕਰਨ ਵੇਲੇ ਜਿਹੜੇ ਐਗਰੀਮੈਂਟ ਕਰਦੇ ਹਨ, ਉਹ ਇਸ ਤਰ੍ਹਾਂ ਕਰਦੇ ਹਨ ਕਿ ਉਦੋਂ ਤਾਂ ਮੰਨ ਲਵੋ ਕਿਸੇ ਦਾ ਸੌਦਾ 40 ਲੱਖ ਜਾਂ 50 ਲੱਖ ਦਾ ਹੋਇਆ ਹੁੰਦਾ ਹੈ ਲੇਕਿਨ ਜਦੋਂ ਰਜਿਸਟਰੀ ਕਰਵਾਉਂਦੇ ਹਨ ਤਾਂ ਉਦੋਂ 25 ਲੱਖ, 18 ਲੱਖ, 10 ਲੱਖ ਦੀ ਆ ਜਾਂਦੀ ਹੈ, ਉਸ ਨਾਲ ਬਹੁਤ ਵੱਡੀ ਸਟੈਂਪ ਡਿਊਟੀ ਚੋਰੀ ਹੁੰਦੀ ਹੈ। ਉਸ ਲਈ ਕੋਈ ਨਵਾਂ ਤਰੀਕਾ ਮੰਤਰੀ ਸਾਹਿਬ ਬਣਾਉਣ ਤਾਂ ਕਿ ਸਾਡੀ ਸਟੈਂਪ ਡਿਊਟੀ ਵੱਧ ਸਕੇ, ਸਟੇਟ ਦਾ ਰੈਵੇਨਿਊ ਵੱਧ ਸਕੇ। ਕੀ ਤੁਸੀਂ ਕੋਈ ਨਵਾਂ ਮੈਕੇਨਿਜ਼ਮ ਬਣਾ ਸਕਦੇ ਹੋ ਕਿ ਜਿਹੜਾ ਸਰਕਾਰ ਨੂੰ ਵਿੱਤੀ ਲਾਸ ਹੋ ਰਿਹਾ ਹੈ, ਉਸ ਨਾਲ ਉਹ ਨਾ ਹੋਵੇ?

**ਮਾਨਯੋਗ ਸਪੀਕਰ :** ਹਾਂ ਜੀ, ਮੰਤਰੀ ਜੀ, ਕੀ ਤੁਸੀਂ ਇਸ ਤੇ ਵਿਚਾਰ ਕਰੋਗੇ?

**ਮੰਤਰੀ :** ਕਰਾਂਗੇ ਪਰ ਸਾਰੇ ਥਾਵਾਂ ਦੇ ਡੀ.ਸੀ. ਰੇਟ ਦਿੱਤੇ ਹਨ, ਕਈ ਥਾਵਾਂ ਤੇ ਡੀ.ਸੀ. ਰੇਟ ਵੀ ਵੈਸੇ ਹੀ ਉਥੋਂ ਦੀ ਕੀਮਤ ਨਾਲੋਂ ਵੱਧ ਹਨ, ਪਰ ਵੇਖ ਲਵਾਂਗੇ ਜਿਥੇ ਇਹ ਸਮਝਦੇ ਹਨ ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ :** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਹੁਣ ਜਿਹੜੀ ਰਜਿਸਟ੍ਰੇਸ਼ਨ ਹੈ, ਉਹ ਆਨ-ਲਾਈਨ ਕੀਤੀ ਗਈ ਹੈ । ਸਪੀਕਰ ਸਾਹਿਬ, ਆਨ-ਲਾਈਨ ਦਾ ਮਤਲਬ ਤਾਂ ਇਹ ਹੁੰਦਾ ਹੈ ਕਿ ਤੁਸੀਂ ਜਿਥੇ ਮਰਜ਼ੀ ਬੈਠੇ ਆਪਣੇ ਪੇਪਰ ਭੇਜ ਦਿਉ, ਲੇਕਿਨ ਹੁਣ ਪ੍ਰੋਸੀਜਰ ਤਾਂ ਉਹੀ ਹੈ, ਉਹੀ ਅਰਜ਼ੀ ਨਵੀਸਾਂ ਕੋਲ ਜਾਣਾ ਪੈਂਦਾ ਹੈ, ਸਗੋਂ ਫਿਰ ਕੰਪਿਊਟਰ ਵਾਲਾ ਇੱਕ ਹਜ਼ਾਰ ਰੁਪਿਆ ਐਕਸਟਰਾ ਲੈਣ ਲੱਗ ਪਿਆ ਹੈ ਕਿ ਇਹ ਹੁਣ ਆਨ-ਲਾਈਨ ਭੇਜਣਾ ਹੈ। ਇਸ ਨਾਲ ਲੋਕਾਂ ਦੀ ਲੁੱਟ-ਖਸੁੱਟ ਵਧੀ ਹੈ । ਸਪੀਕਰ ਸਾਹਿਬ, ਮੈਂ

ਕਹਿਣਾ ਚਾਹੁੰਦਾ ਹਾਂ ਕਿ ਜਦੋਂ ਅਸੀਂ ਆਨ-ਲਾਈਨ ਕਰਦੇ ਹਾਂ ਤਾਂ ਆਪਣੇ ਆਧਾਰ ਕਾਰਡ ਬਣੇ ਹੋਏ ਹਨ, ਆਈਡੈਂਟਿਟੀ ਕਾਰਡ ਹਨ, ਸਾਰੀ ਫਰਦ ਤੁਸੀਂ ਆਨ-ਲਾਈਨ ਭੇਜ ਦਿੱਤੀ ਫਿਰ ਉਥੇ ਬੰਦੇ ਨੂੰ ਕਾਹਦੇ ਵਾਸਤੇ ਬੁਲਾਉਣਾ ਹੁੰਦਾ ਹੈ? ਫਿਰ ਫੋਟੋ ਦਾ ਕੀ ਮਤਲਬ ਰਹਿ ਜਾਂਦਾ ਹੈ? ਉਸ ਨੇ ਆਪਣੀ ਫੋਟੋ ਤਾਂ ਭੇਜ ਦਿੱਤੀ ਹੈ, ਉਸ ਦਾ ਆਧਾਰ ਕਾਰਡ ਹੈ, ਉਸ ਦੀ ਫੋਟੋ ਹੈ, ਉਹ ਉਥੇ ਚੁੱਕ ਕੇ ਲਗਾ ਦਿਉ। ਮੈਂ ਕਹਿਣਾ ਚਾਹੁੰਦਾ ਹਾਂ ਕਿ ਰੈਵੇਨਿਊ ਡਿਪਾਰਟਮੈਂਟ ਨੇ ਜਿਹੜਾ ਆਨ-ਲਾਈਨ ਦਾ ਸਿਸਟਮ ਕੀਤਾ ਹੈ, ਉਸ ਨਾਲ ਲੋਕਾਂ ਦੀ ਲੁੱਟ-ਖਸੁੱਟ ਵੱਧ ਗਈ ਹੈ, ਲੋਕਾਂ ਨੂੰ ਫਾਇਦਾ ਕੋਈ ਨਹੀਂ ਹੋਇਆ। ਕੀ ਮੰਤਰੀ ਜੀ, ਜਿਸ ਤਰੀਕੇ ਨਾਲ ਰੀਅਲ ਆਨ-ਲਾਈਨ ਸਿਸਟਮ ਹੁੰਦਾ ਹੈ ਜਿਵੇਂ ਆਪਾਂ ਟਿਕਟ ਬੁੱਕ ਕਰਵਾਉਂਦੇ ਹਾਂ ਜਾਂ ਕੁਝ ਹੋਰ ਕਰਦੇ ਹਾਂ ਤਾਂ ਸਾਡੇ ਕੋਲ ਉਸ ਦਾ ਪ੍ਰਿੰਟ ਆ ਜਾਂਦਾ ਹੈ। ਕੀ ਉਸ ਤਰ੍ਹਾਂ ਦਾ ਸਿਸਟਮ ਅਡਾਪਟ ਕਰਨਗੇ?

**ਮੰਤਰੀ :** ਸਪੀਕਰ ਸਾਹਿਬ, ਆਨ ਲਾਈਨ ਰਜਿਸਟਰੀਆਂ ਕਰਨ ਦੀ ਜਿਹੜੀ ਤਜਵੀਜ਼ ਸੀ, ਇਹ ਲੋਕਾਂ ਦੀ ਸਹੂਲਤ ਲਈ ਕੀਤੀ ਗਈ ਸੀ ਜਿਹੜਾ ਅਗਲਾ ਆਈਡੀਆ ਇਨ੍ਹਾਂ ਨੇ ਦਿੱਤਾ ਹੈ ਉਸ ਉਤੇ day-by-day ਸਾਡੇ ਕੋਲ ਕੋਈ ਨਵੀਂ ਚੀਜ਼ ਆਉਂਦੀ ਹੈ, ਉਸ ਵਿੱਚ ਅਸੀਂ ਸੁਧਾਰ ਕਰਦੇ ਹਾਂ। ਆਨ-ਲਾਈਨ ਸਿਸਟਮ ਵਿਚ ਸਾਰਾ ਕੰਮ ਕੈਸ਼ਲੈਸ ਕੀਤਾ ਗਿਆ ਸੀ ਪਰ ਜਿਹੜੀ ਗੱਲ ਇਨ੍ਹਾਂ ਨੇ ਕਹੀ ਹੈ, ਇਸ ਵਿਚ ਕੋਈ ਸ਼ੱਕ ਵਾਲੀ ਗੱਲ ਨਹੀਂ, ਲੋਕਾਂ ਵਿਚ ਅਜੇ ਇੰਨੀ ਅਵੇਅਰਨੈਸ ਨਹੀਂ, ਕਿਉਂਕਿ ਆਨ-ਲਾਈਨ ਸਿਸਟਮ ਰਾਹੀਂ ਘਰ ਬੈਠੇ ਲੋਕੀਂ ਆਪਣਾ ਟਾਈਮ ਲੈ ਕੇ ਜਾ ਕੇ ਰਜਿਸਟਰੀ ਕਰਵਾ ਸਕਦੇ ਹਨ, ਉਥੇ ਕੈਸ਼ ਵਾਲੀ ਕੋਈ ਗੱਲ ਨਹੀਂ । ਕੁਝ ਥਾਵਾਂ ਤੇ ਜਿਸ ਤਰ੍ਹਾਂ ਮੋਹਾਲੀ, ਦੋ ਤਿੰਨ ਹੋਰ ਜਗ੍ਹਾ ਉਤੇ ਕਈ ਲੋਕੀਂ ਆਪਣੇ ਆਪ ਆਨ- ਲਾਈਨ ਰਜਿਸਟ੍ਰੇਸ਼ਨ ਕਰਵਾ ਕੇ ਮੌਕੇ ਤੇ ਜਾ ਕੇ ਰਜਿਸਟਰੀਆਂ ਕਰਵਾਉਂਦੇ ਹਨ, ਉਨ੍ਹਾਂ ਨੂੰ ਕਿਤੇ ਖੱਜਲ-ਖੁਆਰੀ ਦੀ ਲੋੜ ਨਹੀਂ ਪਰ ਅਜੇ ਆਮ ਕਰਕੇ ਜਿਹੜੇ ਪਿੰਡਾਂ ਦੇ ਲੋਕ ਹਨ ਜਾਂ ਹੋਰ ਜਿਨ੍ਹਾਂ ਦੇ ਦਿਮਾਗ ਵਿਚ ਉਹੀ ਵਸੀਕਿਆਂ ਜਾਂ ਵਕੀਲਾਂ ਵਾਲੀ ਗੱਲ ਹੈ, ਉਸ ਕਰਕੇ ਉਥੇ ਉਨ੍ਹਾਂ ਦੀ ਲੁੱਟ-ਖਸੁੱਟ ਹੁੰਦੀ ਹੈ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ :** ਸਪੀਕਰ ਸਾਹਿਬ, ਮੇਰਾ ਕੁਐਸਚਨ ਇੰਨਾ ਸੀ ਕਿ ਜਦੋਂ ਆਧਾਰ ਕਾਰਡ ਨਾਲ ਚਲਿਆ ਗਿਆ ਤਾਂ ਫਿਰ ਨੰਬਰਦਾਰ ਦੀ ਸਰਟੀਫਿਕੇਸ਼ਨ ਦੀ ਕੀ ਲੋੜ ਹੈ? ਉਸੇ ਤਰੀਕੇ ਨਾਲ ਹੁਣ ਵੀ ਨੰਬਰਦਾਰ ਨੂੰ ਵੀ ਬੁਲਾ ਕੇ ਲੈ ਕੇ ਆਉ, ਸਾਹਮਣੇ ਖੜ੍ਹੇ ਲਾਈਨ ਬਣਾ ਕੇ ਤੇ ਫੋਟੋ ਉਤਰਾਉ। ਇਸ ਤਰ੍ਹਾਂ ਹੋਣ ਨਾਲ ਆਨ-ਲਾਈਨ ਦਾ ਜਿਹੜਾ ਮੋਟਿਵ ਹੈ ਉਹ ਰਿਫੀਟ ਹੋ ਰਿਹਾ ਹੈ...

**ਮਾਨਯੋਗ ਸਪੀਕਰ :** ਤੁਸੀਂ ਗਲਤ ਨਾ ਕਹੋ, ਇਹ ਟੈਕਨੀਕਲੀ ਇਸ਼ੂ ਹੈ, it needs to be examined and examined by technical people.

**ਸਰਦਾਰ ਬਲਵਿੰਦਰ ਸਿੰਘ ਬੈਂਸ :** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਆਨ-ਲਾਈਨ ਰਜਿਸਟਰੀਆਂ ਸ਼ੁਰੂ ਕੀਤੀਆਂ ਗਈਆਂ ਹਨ। ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਕੀ ਕਦੇ ਉਨ੍ਹਾਂ ਦਾ ਲੇਖਾ-ਜੋਖਾ ਕੀਤਾ ਹੈ? ਮੈਂ ਆਪਣੀ ਤਹਿਸੀਲ ਦੀ ਗੱਲ ਕਰਦਾ ਹਾਂ। ਆਨ-ਲਾਈਨ ਹੋਣ ਤੋਂ ਪਹਿਲਾਂ ਰੋਜ਼ ਦੀ 250 ਰਜਿਸਟਰੀ ਹੁੰਦੀ ਸੀ ਪਰ ਅੱਜ ਦੀ ਤਰੀਕ ਵਿੱਚ 60-65 ਰਜਿਸਟਰੀਆਂ ਰੋਜ਼ ਹੋ ਰਹੀਆਂ ਹਨ। ਇਸ ਨਾਲ definitely revenue ਘਟੇਗਾ। ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਇਸ ਦਾ ਕੋਈ ਹੋਰ ਸੌਖਾ ਢੰਗ ਕੱਢਿਆ ਜਾਵੇ। ਜਦੋਂ ਅਰਜ਼ੀ ਨਵੀਸ ਨੇ ਆਨ-ਲਾਈਨ ਕਾਗਜ਼ ਭੇਜ ਦਿੱਤੇ ਫੇਰ ਬੰਦੇ ਨੂੰ ਵੀ ਸੱਦਿਆ ਜਾਂਦਾ ਹੈ, ਨੰਬਰਦਾਰ ਨੂੰ ਵੀ ਸੱਦਿਆ ਜਾਂਦਾ ਹੈ, ਫੇਰ ਤਾਂ ਜਿਹੜੇ ਸਬੂਤ ਦਿੱਤੇ ਹਨ, ਉਨ੍ਹਾਂ ਦੀ ਕੋਈ ਅਹਿਮੀਅਤ ਹੀ ਨਹੀਂ ਰਹੀ। ਸਾਰਾ ਕੁਝ ਖਤਮ ਹੋ ਗਿਆ। ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਸਾਡੀ ਤਹਿਸੀਲ ਵਿੱਚ ਰਜਿਸਟਰੀਆਂ ਕਰਵਾਉਣ ਦਾ ਅੰਕੜਾ 250 ਤੋਂ 60 ਤੇ ਆ ਗਿਆ। ਤੁਸੀਂ ਲੱਖ ਕੋਸ਼ਿਸ਼ ਕਰ ਲਓ, ਰੈਵੇਨਿਊ ਨਹੀਂ ਵਧਣਾ। ਇਸ ਦਾ ਕੋਈ ਸੌਖਾ ਢੰਗ ਲੱਭੋ ਤਾਂ ਜੋ ਰਜਿਸਟਰੀ ਸੌਖੇ ਢੰਗ ਨਾਲ ਹੋ ਸਕੇ ਅਤੇ ਲੋਕਾਂ ਦੀ ਖੱਜਲ-ਖੁਆਰੀ ਘਟੇ ਅਤੇ ਸਰਕਾਰ ਦਾ ਰੈਵੇਨਿਊ ਵਧੇ।

-----

## ਸਰਕਾਰੀ ਜ਼ਮੀਨ ਨੂੰ ਨਜਾਇਜ਼ ਕਬਜ਼ੇ ਤੋਂ ਛੁਡਾਉਣਾ

***1816. ਸ਼੍ਰੀ ਕੰਵਰ ਸੰਧੂ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਦੀਆਂ ਖਰੜ ਅਤੇ ਨਵਾਂ ਗਾਉਂ ਮਿਉਂਸਿਪਲ ਕਮੇਟੀਆਂ ਵੱਲੋਂ ਸੈਂਕੜੇ ਏਕੜ ਸਰਕਾਰੀ/ਐਮ.ਸੀ. ਜ਼ਮੀਨ ਨੂੰ ਅਣਅਧਿਕਾਰਤ ਕਬਜ਼ੇ ਤੋਂ ਮੁਕਤ ਕਰਵਾਉਣ ਲਈ ਪਿਛਲੇ 22 ਮਹੀਨਿਆਂ ਦੌਰਾਨ ਕੀ ਕਦਮ ਚੁੱਕੇ ਗਏ ਹਨ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਜ਼ਮੀਨ ਦੇ ਸਬੰਧ ਵਿੱਚ ਭ੍ਰਿਸ਼ਟ ਰਾਜਨੀਤਿਕ ਨੇਤਾਵਾਂ ਅਤੇ ਹੋਰ ਅਫਸਰਾਂ ਖਿਲਾਫ ਕੀ ਕਾਰਵਾਈ ਕੀਤੀ ਗਈ ਹੈ ਜਿਨ੍ਹਾਂ ਦੀ ਮਿਲੀ-ਭੁਗਤ ਨਾਲ ਇਸ ਜ਼ਮੀਨ ਤੇ ਨਜਾਇਜ਼ ਕਬਜ਼ਾ ਹੋਇਆ ਹੈ?

**ਸਰਦਾਰ ਨਵਜੋਤ ਸਿੰਘ ਸਿੱਧੂ :** ਇਸ ਸਵਾਲ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਪੰਜਾਬ ਦੀਆਂ ਸ਼ਾਮਲਾਤ ਜ਼ਮੀਨਾਂ ਦਾ ਇੰਤਕਾਲ ਸਾਲ 1995 ਵਿੱਚ ਮਿਲੀ-ਭੁਗਤ ਨਾਲ ਪ੍ਰਾਈਵੇਟ ਵਿਅਕਤੀਆਂ ਦੇ ਨਾਮ ਹੋ ਗਿਆ ਸੀ। ਮੋਹਾਲੀ ਜ਼ਿਲ੍ਹੇ ਵਿੱਚ ਚੰਡੀਗੜ੍ਹ ਦੇ ਆਲੇ-ਦੁਆਲੇ ਦੀਆਂ ਇਨ੍ਹਾਂ ਜ਼ਮੀਨਾਂ ਜਿਸ ਸਬੰਧੀ ਕੇਸ ਕੁਲਦੀਪ ਸਿੰਘ ਬਨਾਮ ਸਟੇਟ ਆਫ ਪੰਜਾਬ ਸਾਲ 2007 ਤੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਚਲ ਰਿਹਾ ਹੈ। ਇਸੇ ਕੇਸ ਵਿੱਚ ਸਾਲ 2011 ਵਿੱਚ ਮਾਨਯੋਗ ਅਦਾਲਤ ਵੱਲੋਂ ਜਸਟਿਸ ਕੁਲਦੀਪ ਸਿੰਘ ਟ੍ਰਿਬਿਊਨਲ ਬਣਾਇਆ ਗਿਆ ਜਿਨ੍ਹਾਂ ਦੀ ਰਿਪੋਰਟ ਅਨੁਸਾਰ ਸਾਲ 1995 ਵਿੱਚ ਸ਼ਾਮਲਾਤ ਜ਼ਮੀਨਾਂ ਦੇ ਪ੍ਰਾਈਵੇਟ ਵਿਅਕਤੀਆਂ ਦੇ ਨਾਂ ਕੀਤੇ ਗਏ ਇੰਤਕਾਲ ਗਲਤ ਤਰੀਕੇ ਨਾਲ ਹੋਏ ਹਨ। ਇਨ੍ਹਾਂ ਜ਼ਮੀਨਾਂ ਦੀ ਮੌਜੂਦਾ ਕੀਮਤ ਕਈ ਲੱਖ ਕਰੋੜ ਰੁਪਏ ਹੈ। ਜੇਕਰ ਪੂਰੇ ਪੰਜਾਬ ਦੀਆਂ ਸ਼ਾਮਲਾਤ ਜ਼ਮੀਨਾਂ ਦੀ ਗੱਲ ਕੀਤੀ ਜਾਵੇ ਤਾਂ ਇਨ੍ਹਾਂ ਜ਼ਮੀਨਾਂ ਦੀ ਕੀਮਤ ਲਿਖਣ ਲੱਗਿਆਂ ਜ਼ੀਰੋਆਂ ਖਤਮ ਹੋ ਜਾਣਗੀਆਂ ਅਤੇ ਪੰਜਾਬ ਸਰਕਾਰ ਦਾ ਸਾਰਾ ਕਰਜ਼ਾ ਮੋੜਿਆ ਜਾ ਸਕਦਾ ਹੈ।

**(ੳ) : ◆ ਨਗਰ ਕੌਂਸਲ, ਖਰੜ:-**

(1) 139 ਕਨਾਲ 8 ਮਰਲੇ ਜ਼ਮੀਨ ਦੀ ਮਿਤੀ 11.09.2018 ਨੂੰ ਨਿਸ਼ਾਨਦੇਹੀ ਕਰਨ ਉਪਰੰਤ ਕਬਜ਼ਾ ਲੈ ਕੇ ਮੌਕੇ ਤੇ ਤਾਰਬੰਦੀ ਕਰ ਦਿੱਤੀ ਗਈ ਹੈ।

(2) ਨਗਰ ਕੌਂਸਲ, ਖਰੜ ਵਿਖੇ ਪਿੰਡ ਫਤਿਹਉਲਾਪੁਰ ਵਿੱਚ ਪੈਂਦੀ 77 ਕਨਾਲ 8 ਮਰਲੇ ਜ਼ਮੀਨ ਦਾ ਮਿਤੀ 03.10.2018 ਨੂੰ ਕਬਜ਼ਾ ਲੈ ਕੇ ਆਪਣੀ ਮਲਕੀਅਤੀ ਸਬੰਧੀ ਬੋਰਡ ਲਗਾ ਦਿੱਤੇ ਗਏ ਹਨ। ਇਸ ਤਰ੍ਹਾਂ ਨਗਰ ਕੌਂਸਲ, ਖਰੜ ਵੱਲੋਂ ਕੁੱਲ 216 ਕਨਾਲ 16 ਮਰਲੇ ਜ਼ਮੀਨ ਦਾ ਕਬਜ਼ਾ ਲੈ ਲਿਆ ਗਿਆ ਹੈ।

◆ ਨਗਰ ਕੌਂਸਲ, ਨਵਾਂ ਗਾਉਂ ਵਿੱਚ ਪੈਂਦੀਆਂ ਸ਼ਾਮਲਾਤ ਜ਼ਮੀਨਾਂ ਦੇ ਨਕਸ਼ਿਆਂ ਨੂੰ ਪਾਸ ਕਰਨ ਅਤੇ ਉਨ੍ਹਾਂ ਜ਼ਮੀਨਾਂ ਦੇ ਇਤਰਾਜ਼ਹੀਣਤਾ ਸਰਟੀਫਿਕੇਟ ਜਾਰੀ ਕਰਨ ਸਬੰਧੀ ਨਗਰ ਕੌਂਸਲ, ਵੱਲੋਂ ਪਾਸ ਕੀਤੇ ਗਏ ਮਤਾ ਨੰ: 195 ਅਤੇ ਮਤਾ ਨੰ: 198 ਮਿਤੀ 05.07.2018 ਨੂੰ ਸਰਕਾਰ ਪੱਧਰ ਤੇ ਵਿਚਾਰਦੇ ਹੋਏ ਇਨ੍ਹਾਂ ਮਤਿਆਂ ਨੂੰ ਰੱਦ ਕਰ ਦਿੱਤਾ ਗਿਆ ਹੈ।

◆ ਪਿੰਡ ਨਾਡਾ ਦੇ 1200 ਕਨਾਲ 07 ਮਰਲੇ ਜ਼ਮੀਨ ਦੀ ਮਾਲਕੀ ਦਾ

[ਸਥਾਨਕ ਸਰਕਾਰ ਮੰਤਰੀ]

ਇੰਦਰਾਜ ਨਗਰ ਕੌਂਸਲ, ਨਵਾਂ ਗਾਉਂ ਦੇ ਨਾਮ ਤੇ ਕਰਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨਾਲ ਚਾਰਾਜੋਈ ਕੀਤੀ ਜਾ ਰਹੀ ਹੈ।

ਉਕਤ ਤੋਂ ਇਲਾਵਾ ਨਗਰ ਕੌਂਸਲ, ਨਵਾਂ ਗਾਉਂ ਅਤੇ ਖਰੜ ਦੀ ਹਦੂਦ ਅੰਦਰ ਪੈਂਦੀਆਂ ਵੱਖ-ਵੱਖ ਜ਼ਮੀਨਾਂ ਸਬੰਧੀ ਵੱਖ-ਵੱਖ ਅਦਾਲਤਾਂ ਵਿੱਚ ਚਲ ਰਹੇ ਕੋਰਟ ਕੇਸਾਂ ਦੀ ਪੈਰਵਾਈ ਕੀਤੀ ਜਾ ਰਹੀ ਹੈ।

**(ਅ) :** • ਨਗਰ ਕੌਂਸਲ, ਖਰੜ ਅਤੇ ਨਵਾਂ ਗਾਉਂ ਵਿੱਚ ਪੈਂਦੀਆਂ ਸਰਕਾਰੀ ਜ਼ਮੀਨਾਂ ਤੇ ਜੋ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ, ਉਹ ਕਬਜ਼ਾ ਨਗਰ ਕੌਂਸਲ ਦੀ ਹਦੂਦ ਅੰਦਰ ਆਉਣ ਤੋਂ ਪਹਿਲਾਂ ਦਾ ਕੀਤਾ ਹੋਇਆ ਹੈ।ਜਸਟਿਸ ਕੁਲਦੀਪ ਸਿੰਘ (ਰਿਟਾ.) ਟ੍ਰਿਬਿਊਨਲ ਵੱਲੋਂ ਸ਼ਾਮਲਾਤ ਜ਼ਮੀਨਾਂ ਸਬੰਧੀ ਦਿੱਤੀ ਰਿਪੋਰਟ ਦੇ ਅਧਾਰ ਤੇ ਮਾਨਯੋਗ ਹਾਈ ਕੋਰਟ ਵਿਖੇ ਦਾਇਰ ਸੀ.ਆਰ.ਐਮ.-ਐਮ. ਨੰ: 49595 ਆਫ 2007 ਮਾਨਯੋਗ ਹਾਈ ਕੋਰਟ ਵਿਖੇ ਸਬ-ਜੁਡਿਸ ਹੈ, ਮਾਨਯੋਗ ਕੋਰਟ ਵੱਲੋਂ ਆਦੇਸ਼ ਪ੍ਰਾਪਤ ਹੋਣ ਉਪਰੰਤ ਕਾਨੂੰਨ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਆਪ ਮੰਨ ਲਿਆ ਹੈ ਕਿ ਮਿਲੀ-ਭੁਗਤ ਨਾਲ ਸਰਕਾਰੀ ਜ਼ਮੀਨਾਂ ਤੇ ਨਜਾਇਜ਼ ਕਬਜ਼ੇ ਹੋਏ ਸੀ। ਇਹ ਸਰਕਾਰੀ ਜ਼ਮੀਨਾਂ ਚੰਡੀਗੜ੍ਹ ਦੇ ਨਾਲ ਹਨ ਅਤੇ ਇਨ੍ਹਾਂ ਦੀ ਬਹੁਤ ਜ਼ਿਆਦਾ ਕੀਮਤ ਹੈ। ਕੀ ਮੰਤਰੀ ਸਾਹਿਬ ਦੱਸਣਗੇ ਕਿ ਜਿਹੜੇ ਸਰਕਾਰੀ ਅਫਸਰਾਂ ਦੀ ਮਿਲੀ-ਭੁਗਤ ਨਾਲ ਇਹ ਸਭ ਕੁਝ ਹੋਇਆ, ਉਨ੍ਹਾਂ ਤੇ ਹੁਣ ਤੱਕ ਕੀ ਕਾਰਵਾਈ ਹੋਈ ਹੈ? ਇਹ ਠੀਕ ਹੈ ਕਿ ਕੇਸ ਹਾਈ ਕੋਰਟ ਵਿੱਚ ਚੱਲ ਰਿਹਾ ਹੈ ਪਰ ਉਨ੍ਹਾਂ ਸਰਕਾਰੀ ਅਫਸਰਾਂ ਦੇ ਖਿਲਾਫ ਕਾਰਵਾਈ ਹੋ ਸਕਦੀ ਹੈ।

ਦੂਜਾ, ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਬਹੁਤ ਜ਼ਿਆਦਾ ਕੀਮਤ ਹੈ, ਲਿਖਤੀ ਰੂਪ ਵਿੱਚ ਵੀ ਦੱਸਿਆ ਹੈ ਕਿ ਜਦੋਂ ਇਸ ਦੀ ਰੀਪੇਮੈਂਟ ਹੋਵੇਗੀ, ਜ਼ੀਰੋਆਂ ਖਤਮ ਹੋ ਜਾਣਗੀਆਂ, ਜਿੰਨਾ ਪੰਜਾਬ ਦਾ ਕਰਜ਼ਾ ਹੈ, ਉਹ ਸਾਰਾ ਲੱਥ ਸਕਦਾ ਹੈ। ਮੰਤਰੀ ਸਾਹਿਬ ਨੇ ਇਕ ਜੁਮਲਾ ਛੱਡਿਆ ਹੈ।, ਇਹ ਜਿਹੜੀ ਪਾਰਟੀ ਤੋਂ ਆਏ ਹਨ, ਉਹ ਜੁਮਲਿਆਂ ਵਿੱਚ ਮਾਹਿਰ ਹਨ ਅਤੇ ਇਨ੍ਹਾਂ ਤੇ ਹਾਲੇ ਵੀ ਉਨ੍ਹਾਂ ਦਾ ਅਸਰ ਹੈ।(ਵਿਘਨ...) ਪੁਆਇੰਟ ਇਹ ਹੈ ਕਿ ਕੀ ਵਾਕਿਆ ਹੀ ਇਸ ਜੁਮਲੇ ਨੂੰ ਹਕੀਕਤ ਵਿੱਚ ਬਦਲਣ ਵਾਸਤੇ, ਇਹ ਸਾਰਾ ਪੈਸਾ ਵਾਪਸ ਲੈਣ

ਲਈ ਅਤੇ ਜ਼ਮੀਨਾਂ ਤੇ ਕਬਜ਼ਾ ਹਟਾਉਣ ਲਈ ਇਸ ਸਰਕਾਰ ਨੇ ਆਪਣੇ ਦੋ ਸਾਲਾਂ ਵਿੱਚ ਕੁਝ ਕੀਤਾ ਹੈ?

**ਮੰਤਰੀ :** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਕੈਪਟਨ ਸਾਹਿਬ ਦੀ ਹਦਾਇਤ ਤੇ ਇਕ ਕਮੇਟੀ ਦਾ ਗਠਨ ਹੋਇਆ, ਪਿਛਲੀ ਸਰਕਾਰ ਨੇ ਵੀ ਪੰਜ-ਪੰਜ ਮੈਂਬਰੀ ਦੋ ਕਮੇਟੀਆਂ ਦਾ ਗਠਨ ਕੀਤਾ ਸੀ ਪਰ ਕੋਈ ਮੀਟਿੰਗ ਨਹੀਂ ਹੋਈ ਸੀ। ਸਾਡੀ ਕਮੇਟੀ ਦੀ ਮੀਟਿੰਗ ਵੀ ਹੋ ਗਈ ਹੈ। ਇਕੱਲੀ ਪੈਰੀਫੇਰੀ ਤੋਂ 1200 ਕਨਾਲ ਜ਼ਮੀਨ ਛੁਡਾ ਕੇ ਡੀ.ਸੀ. ਨੂੰ ਹਦਾਇਤ ਦੇ ਦਿੱਤੀ ਹੈ ਕਿ ਇਸ ਦਾ ਇੰਤਕਾਲ ਜਲਦ ਤੋਂ ਜਲਦ ਕਰਵਾਓ। ਕੱਲ੍ਹ ਵੀ ਗੱਲ ਕੀਤੀ ਹੈ। ਮੈਨੂੰ ਦੂਜੇ ਮਹਿਕਮਿਆਂ ਦਾ ਤਾਂ ਪਤਾ ਨਹੀਂ, 6600 ਏਕੜ ਇਕੱਲੀ ਜੰਗਲਾਤ ਦੇ ਮਹਿਕਮੇ ਵਿਚੋਂ ਛੁਡਾਈ ਹੈ। ਇਕੱਲੇ ਪਠਾਨਕੋਟ ਵਿੱਚ 31,000 ਏਕੜ ਜ਼ਮੀਨ ਦੱਬੀ ਹੋਈ ਹੈ, ਤੁਸੀਂ ਸ਼ਾਮਲਾਟ ਦੀ ਗੱਲ ਕਰਦੇ ਹੋ, ਮੈਂ ਹੋਰ ਵੀ ਐਡੀਸ਼ਨ ਕਰਕੇ ਦੱਸ ਦਿੰਦਾ ਹਾਂ। ਜ਼ਮੀਨ ਤੇ ਲਿਖਿਆ ਹੁੰਦਾ ਹੈ - ਚਰਾਨ ਜਾਂ ਗਊ ਚਰਾਂਦ। ਗਊ ਚਰਾਂਦ ਜ਼ਮੀਨ ਅੱਜ ਪੰਜਾਬ ਵਿੱਚ ਹੈ ਹੀ ਨਹੀਂ। ਇਸ ਤੇ ਲੋਕਾਂ ਤੇ ਕਬਜ਼ੇ ਹਨ, ਉਸ ਦੀ ਰਿਪੋਰਟ ਵੀ ਕਮੇਟੀ ਕੋਲ ਹੈ। ਜਸਟਿਸ ਕੁਲਦੀਪ ਸਿੰਘ ਕਮਿਸ਼ਨ ਹਾਲੇ annul ਵੀ ਨਹੀਂ ਹੋਇਆ ਕਿਉਂਕਿ ਉਸ ਦੇ ਦੋ ਮੈਂਬਰ ਹਾਲੇ ਵੀ ਕੰਮ ਕਰ ਰਹੇ ਹਨ। ਅਸੀਂ ਬਹੁਤ ਛੇਤੀ ਇਸ ਦੀ ਰਿਪੋਰਟ ਪੇਸ਼ ਕਰਾਂਗੇ। ਸੀ.ਐਮ. ਸਾਹਿਬ ਜੋ ਹਦਾਇਤ ਦੇਣਗੇ, ਉਹ ਕਰਾਂਗੇ । ਅਸੀਂ ਜ਼ਮੀਨਾਂ ਛੁਡਾ ਰਹੇ ਹਾਂ ਅਤੇ ਇਹ ਕੰਮ ਜਾਰੀ ਰਹੇਗਾ।

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, ਇਸ ਸਵਾਲ ਦੇ ਦੋ ਹਿੱਸੇ ਸਨ। ਦੂਜਾ ਇਹ ਸੀ ਕਿ ਹੁਣ ਤੱਕ ਕਿੰਨੇ ਅਫਸਰਾਂ ਦੇ ਖਿਲਾਫ ਕਾਰਵਾਈ ਹੋਈ ਹੈ ਜਾਂ ਹੋ ਰਹੀ ਹੈ, ਉਸ ਬਾਰੇ ਮੰਤਰੀ ਸਾਹਿਬ ਨੇ ਕੋਈ ਜਵਾਬ ਨਹੀਂ ਦਿੱਤਾ। ਇਨ੍ਹਾਂ ਨੇ ਨਾਲ ਹੀ ਮਿਊਂਸਿਪਲ ਕੌਂਸਲ, ਖਰੜ ਅਤੇ ਨਵਾਂ ਗਾਉਂ ਬਾਰੇ ਜਾਣਕਾਰੀ ਦਿੱਤੀ ਹੈ ਕਿ ਇੰਨੀ ਜ਼ਮੀਨ ਦਾ ਕਬਜ਼ਾ ਵਾਪਸ ਲੈ ਲਿਆ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਨਜਾਇਜ਼ ਕਬਜ਼ੇ ਅਧੀਨ ਕਿੰਨੀ ਜ਼ਮੀਨ ਹੋਰ ਰਹਿ ਗਈ ਹੈ? ਕਿਉਂਕਿ ਆਪਾਂ ਨੂੰ ਪਤਾ ਹੀ ਹੈ ਕਿ ਖਰੜ ਵਿੱਚ ਕਿੰਨੀ ਕੀਮਤੀ ਜ਼ਮੀਨ ਹੈ। ਮੇਰੀ ਜਾਣਕਾਰੀ ਹੈ ਕਿ ਖਰੜ ਵਿੱਚ ਘੱਟੋ-ਘੱਟ ਡੇਢ ਦੋ ਸੌ ਏਕੜ ਜ਼ਮੀਨ ਉਤੇ ਹਾਲੇ ਵੀ ਨਜਾਇਜ਼ ਕਬਜ਼ਾ ਹੈ। ਇਸੇ ਤਰ੍ਹਾਂ ਹੀ ਇਨ੍ਹਾਂ ਨੇ ਦੱਸਿਆ ਹੈ ਕਿ ਮਿਊਂਸਿਪਲ ਕੌਂਸਲ, ਨਵਾਂ ਗਾਉਂ ਵਿੱਚ ਸ਼ਾਮਲਾਤ ਜ਼ਮੀਨ ਦੇ ਉਤੇ ਮਿਊਂਸਿਪਲ ਕੌਂਸਲ ਨੇ ਰੈਜ਼ੋਲਿਊਸ਼ਨ ਪਾਸ ਕਰ ਦਿੱਤਾ ਕਿ ਇਸ ਦਾ ਬਿਲਡਿੰਗ ਪਲਾਨ ਪਾਸ ਕਰ ਦਿਉ। ਇਸ ਵਾਸਤੇ ਕੀ ਅਸੀਂ ਕਾਨੂੰਨ ਦੇ ਵਿੱਚ ਕੋਈ ਸੋਧ ਕੀਤੀ ਹੈ ਕਿ ਸ਼ਾਮਲਾਤ

[ਸ਼੍ਰੀ ਕੰਵਰ ਸੰਧੂ]

ਜ਼ਮੀਨ ਦੇ ਉਤੇ ਐਨ.ਓ.ਸੀ. ਨਾ ਦਿੱਤੀ ਜਾਵੇ ਤਾਂ ਕਿ ਜਿਹੜੀਆਂ ਕਮੇਟੀਆਂ ਹਨ, ਉਹ ਇਹੋ ਜਿਹੇ ਰੈਜ਼ੋਲਿਊਸ਼ਨ ਪਾਸ ਨਾ ਕਰ ਸਕਣ। ਮੰਤਰੀ ਸਾਹਿਬ, ਇਸ ਵਾਸਤੇ ਕੋਈ ਕੰਕਰੀਟ ਸਟੈਪਸ ਚੁੱਕਣ ਦੀ ਲੋੜ ਹੈ। ਸਪੀਕਰ ਸਾਹਿਬ, ਮੈਂ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਇੰਨੀ ਜ਼ਮੀਨ ਖਾਲੀ ਕਰਵਾ ਲਈ ਪ੍ਰੰਤੂ ਇਹ ਦੱਸਿਆ ਜਾਵੇ ਕਿ ਨਜਾਇਜ਼ ਕਬਜ਼ੇ ਅਧੀਨ ਕਿੰਨੀ ਜ਼ਮੀਨ ਹੋਰ ਰਹਿ ਗਈ ਹੈ? ਇਹ ਵੀ ਦੱਸਿਆ ਜਾਵੇ ਕਿ ਅੱਗੇ ਤੋਂ ਸਰਕਾਰ ਕੀ ਸਟੈਪਸ ਲੈ ਰਹੀ ਹੈ ਕਿ ਇਹੋ ਜਿਹੇ ਕੰਮ ਅੱਗੇ ਤੋਂ ਨਾ ਹੋਣ।

**ਮੰਤਰੀ :** ਸਪੀਕਰ ਸਾਹਿਬ, ਇਹ ਕੰਮ ਕਾਫ਼ੀ ਅਰਸੇ ਤੋਂ ਚੱਲ ਰਿਹਾ ਹੈ ਜੀ। ਇਨ੍ਹਾਂ ਜ਼ਮੀਨਾਂ ਤੇ ਲੋਕ ਪਿਛਲੇ 15-15 ਅਤੇ 20-20 ਸਾਲਾਂ ਤੋਂ ਕਾਬਜ਼ ਬੈਠੇ ਹਨ। ਕਈਆਂ ਦੇ ਬਿਆਨ ਵੀ ਹਨ ਕਿ ਅਗਰ ਇਹ ਇਲਲੀਗਲ ਪਾਈ ਗਈ ਤਾਂ ਅਸੀਂ ਇਹ ਜ਼ਮੀਨ ਵਾਪਸ ਕਰ ਦਿਆਂਗੇ। ਸਮਝੇ ਹੋ ਜੀ। ਇਹ ਇੱਕ ਪ੍ਰੋਸੀਜ਼ਰ ਹੈ। ਇਸ ਸਬੰਧੀ ਕੋਰਟ ਵਿੱਚ ਵੀ ਕੇਸ ਚੱਲ ਰਹੇ ਹਨ। ਜਿਹੜੇ ਕੇਸ ਕੋਰਟ ਵਿੱਚ ਚੱਲ ਰਹੇ ਹੋਣ, ਅਸੀਂ ਉਨ੍ਹਾਂ ਵਿੱਚ ਇੰਟਰਫੀਅਰ ਨਹੀਂ ਕਰ ਸਕਦੇ ਲੇਕਿਨ ਅਸੀਂ ਆਪਣੇ ਵੱਲੋਂ ਵੀ ਇਨੀਸ਼ੀਏਟ ਕੀਤਾ ਹੈ, ਕਮੇਟੀ ਦੀ ਰਿਪੋਰਟ ਬਹੁਤ ਛੇਤੀ ਆਵੇਗੀ। ਉਹ ਰਿਪੋਰਟ ਚੀਫ਼ ਮਨਿਸਟਰ ਸਾਹਿਬ ਕੋਲ ਜਾਵੇਗੀ, ਕੈਬਨਿਟ ਦੇ ਵਿੱਚ ਜਾਵੇਗੀ, ਕੈਬਨਿਟ ਕੀ ਫੈਸਲਾ ਕਰਦੀ ਹੈ, ਉਹ ਫੈਸਲਾ ਫਾਈਨਲ ਹੋਵੇਗਾ।

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, 25 ਸਾਲ ਹੋ ਗਏ ਹਨ। ਹਾਲੇ ਤੱਕ ਕਿਸੇ ਅਫ਼ਸਰ ਦੇ ਖਿਲਾਫ ਕੋਈ ਕਾਰਵਾਈ ਨਹੀਂ ਹੋਈ।

**ਮਾਨਯੋਗ ਸਪੀਕਰ :** ਮੈਂਬਰ ਸਾਹਿਬ, ਉਹ ਹੁਣ 25 ਸਾਲ ਦਾ ਲੇਖਾ-ਜੋਖਾ ਤਾਂ ਨਹੀਂ ਦੇ ਸਕਦੇ।

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਪਿਛਲੇ ਦੋ ਸਾਲਾਂ ਦੇ ਵਿੱਚ ਕੋਈ ਕਾਰਵਾਈ ਤਾਂ ਕੀਤੀ ਹੋਵੇਗੀ? ਘੱਟੋ-ਘੱਟ 200, 300 ਜਾਂ 400 ਏਕੜ ਦੇ ਉਤੇ ਨਜਾਇਜ਼ ਕਬਜ਼ਾ ਹੈ। ਚੰਡੀਗੜ੍ਹ ਦੇ ਬਿਲਕੁਲ ਨਾਲ ਲਗਦੇ ਏਰੀਏ ਵਿੱਚ ਇਹ ਕਬਜ਼ਾ ਹੈ। ਸਪੀਕਰ ਸਾਹਿਬ, ਹਾਲੇ ਵੀ ਨਜਾਇਜ਼ ਕਬਜ਼ੇ ਹੋ ਰਹੇ ਹਨ।

**ਮਾਨਯੋਗ ਸਪੀਕਰ :** ਤੁਸੀਂ ਬੈਠੋ ਜੀ। ਹਾਂ ਜੀ, ਸ਼੍ਰੀ ਐਨ.ਕੇ. ਸ਼ਰਮਾ ਜੀ।

**ਸ਼੍ਰੀ ਐਨ.ਕੇ.ਸ਼ਰਮਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਇਹ ਚੰਡੀਗੜ੍ਹ ਦੇ ਨੇੜੇ-ਤੇੜੇ ਦਾ

ਏਰੀਆ ਹੈ, ਇੱਥੇ ਜ਼ਮੀਨਾਂ ਦੀ ਕੀਮਤ ਬਹੁਤ ਜ਼ਿਆਦਾ ਹੈ। ਤਕਰੀਬਨ 5-6 ਕਰੋੜ ਰੁਪਏ ਤੋਂ ਵੱਧ ਏਕੜ ਕੀਮਤ ਹੈ। ਇਥੇ ਕੌਂਸਲਾਂ ਕੋਲ ਸ਼ਾਮਲਾਤ ਜ਼ਮੀਨਾਂ ਵੀ ਬਹੁਤ ਜ਼ਿਆਦਾ ਹਨ। ਇਨ੍ਹਾਂ ਕੋਲ ਕਈ ਕਈ ਹਜ਼ਾਰ ਕਰੋੜ ਰੁਪਏ ਦੀਆਂ ਪ੍ਰਾਪਰਟੀਆਂ ਹਨ। ਮੰਤਰੀ ਜੀ ਨੇ ਜੋ ਜਸਟਿਸ ਕੁਲਦੀਪ ਸਿੰਘ ਦੀ ਰਿਪੋਰਟ ਵਾਲੀ ਗੱਲ ਕੀਤੀ ਹੈ, ਜੇ ਮੈਂ ਉਸ ਨੂੰ ਛੱਡ ਦੇਵਾਂ ਤਾਂ ਉਸ ਤੋਂ ਬਗੈਰ ਵੀ ਜਮ੍ਹਾਂਬੰਦੀਆਂ ਵਿਚ ਲਿਖਿਆ ਹੋਇਆ ਹੈ ਕਿ ਸ਼ਾਮਲਾਤ ਮਿਊਂਸਿਪਲ ਕੌਂਸਲ ਯਾਨੀ ਨਗਰ ਪੰਚਾਇਤ ਦੀਆਂ ਜ਼ਮੀਨਾਂ ਹਨ...

**ਮਾਨਯੋਗ ਸਪੀਕਰ :** ਸਵਾਲ ਪੁੱਛੋ ਜੀ।

**ਸ਼੍ਰੀ ਐਨ.ਕੇ.ਸ਼ਰਮਾ :** ਸਪੀਕਰ ਸਾਹਿਬ, ਮੈਂ ਸਿਰਫ ਇੱਕ ਮਿੰਟ ਹੀ ਲੈਣਾ ਹੈ ਜੀ। ਇਹ ਕਈ ਹਜ਼ਾਰ ਕਰੋੜਾਂ ਰੁਪਏ ਦੀ ਗੱਲ ਹੈ ਜੀ। ਮੇਰੀ ਬੇਨਤੀ ਹੈ ਕਿ ਕੌਂਸਲ ਰੈਜ਼ੋਲਿਊਸ਼ਨ ਪਾਸ ਕਰ ਦਿੰਦੀ ਹੈ ਅਤੇ ਅਫ਼ਸਰਾਂ ਨੂੰ ਕੇਸ ਕਰਨ ਵਾਸਤੇ ਆਥੋਰਾਈਜ਼ ਵੀ ਕਰ ਦਿੰਦੀ ਹੈ। ਮੰਤਰੀ ਜੀ, ਤੁਸੀਂ ਜ਼ੀਰਕਪੁਰ ਵਿੱਚ ਪਤਾ ਕਰਿਓ ਕਿ ਇਕੱਲੇ ਉਥੇ ਇੱਕ ਹਜ਼ਾਰ ਕਰੋੜ ਰੁਪਏ ਤੋਂ ਉਪਰ ਦੇ ਕਬਜ਼ੇ ਪਿਛਲੇ ਪੰਜ ਸੱਤ ਸਾਲਾਂ ਵਿੱਚ ਖਾਲੀ ਕਰਵਾਏ ਹਨ ਪ੍ਰੰਤੂ ਅਜੇ ਵੀ ਬਹੁਤ ਸਾਰੀਆਂ ਜ਼ਮੀਨਾਂ ਦੇ ਕਬਜ਼ਾ ਛੁਡਵਾਉਣੇ ਰਹਿੰਦੇ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਹੁਣ ਹਾਲਾਤ ਇਹ ਹੋ ਗਏ ਹਨ, ਇਹ ਹਜ਼ਾਰਾਂ ਕਰੋੜਾਂ ਰੁਪਏ ਦੀ ਪ੍ਰਾਪਰਟੀ ਹੈ, ਲੈਂਡ ਮਾਫੀਆ ਇੰਨਾ ਹਾਵੀ ਹੋ ਗਿਆ ਹੈ ਕਿ ਉਹ ਸਾਡੇ ਅਫ਼ਸਰਾਂ ਨੂੰ ਖਰੀਦ ਲੈਂਦੇ ਹਨ। ਵਕੀਲ ਵੀ ਉਹ ਐਪੁਆਇੰਟ ਕਰਦੇ ਹਨ ਜਿਹੜੇ ਉਨ੍ਹਾਂ ਦੇ ਕਹਿਣ ਤੇ ਕੋਰਟ ਵਿੱਚ ਬਿਆਨ ਦੇ ਦੇਣ, ਕੋਰਟ ਵਿੱਚ ਕੇਸ ਹਰਾ ਕੇ ਉਹ ਕਾਰਵਾਈ ਨਹੀਂ ਹੋਣ ਦਿੰਦੇ।

**ਮਾਨਯੋਗ ਸਪੀਕਰ :** ਸਵਾਲ ਪੁੱਛੋ ਜੀ।

**ਸ਼੍ਰੀ ਐਨ.ਕੇ. ਸ਼ਰਮਾ :** ਮੇਰੀ ਬੇਨਤੀ ਸੁਣੋ ਜੀ। ਡੇਰਾਬੱਸੀ ਵਿੱਚ ਘੱਟੋ-ਘੱਟ 200, 300 ਜਾਂ 500 ਕਰੋੜ ਰੁਪਏ ਦੀ ਪ੍ਰਾਪਰਟੀ ਦੇ ਕੇਸ ਕੋਰਟਾਂ ਵਿੱਚ ਸੀ, ਜਿਨ੍ਹਾਂ ਸਬੰਧੀ ਦੋ ਸਾਲਾਂ ਵਿੱਚ ਅਫ਼ਸਰਾਂ ਨੇ ਕੋਈ ਕਾਰਵਾਈ ਨਹੀਂ ਕੀਤੀ.....

**ਮਾਨਯੋਗ ਸਪੀਕਰ:** ਸ਼ਰਮਾ ਜੀ, ਪ੍ਰਸ਼ਨ ਵਿੱਚ ਗੱਲ ਤਾਂ ਖਰੜ ਤੇ ਨਵਾਂ ਗਾਉਂ ਦੀ ਹੋ ਰਹੀ ਹੈ।

**ਸ਼੍ਰੀ ਐਨ.ਕੇ.ਸ਼ਰਮਾ :** ਸਪੀਕਰ ਸਾਹਿਬ, ਮੈਂ ਇੱਕ ਮਿੰਟ ਹੀ ਲੈਣਾ ਹੈ ਜੀ। ਇਸੇ ਤਰ੍ਹਾਂ ਜ਼ੀਰਕਪੁਰ ਵਿੱਚ ਵੀ ਹੋ ਰਿਹਾ ਹੈ। ਮੇਰੀ ਮੰਤਰੀ ਜੀ ਨੂੰ ਤੁਹਾਡੇ

[ਸ਼੍ਰੀ ਐਨ.ਕੇ.ਸ਼ਰਮਾ]

ਰਾਹੀਂ ਬੇਨਤੀ ਹੈ ਕਿ ਨਗਰ ਕੌਂਸਲਾਂ ਕੋਲ ਵਕੀਲ ਕਰਨ ਲਈ ਅਤੇ ਕਮੇਟੀਆਂ ਦੇ ਖਰਚੇ ਕਰਨ ਲਈ ਫੰਡ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਘੱਟੋ-ਘੱਟ ਜ਼ੀਰਕਪੁਰ, ਡੇਰਾਬੱਸੀ ਅਤੇ ਲਾਲੜੂ ਵਿੱਚ ਜਿਹੜੀਆਂ ਸ਼ਾਮਲਾਤ ਜ਼ਮੀਨਾਂ ਹਨ, ਉਨ੍ਹਾਂ ਵਾਸਤੇ ਸਪੈਸ਼ਲ ਇੱਕ ਪੈਨਲ ਬਣਾ ਕੇ, ਚਾਹੇ ਕੋਈ ਰਿਟਾਇਰਡ ਜੱਜ ਲਗਾ ਦੇਣ, ਦੋ ਤਿੰਨ ਕੋਈ ਸੀਨੀਅਰ ਐਡਵੋਕੇਟ ਲਗਾ ਦੇਣ ਅਤੇ ਨਾਲ ਥੱਲੇ ਕੋਈ ਤਹਿਸੀਲਦਾਰ ਜਾਂ ਨਾਇਬ ਤਹਿਸੀਲਦਾਰ ਲਗਾ ਦੇਣ, ਘੱਟੋ-ਘੱਟ 5000-7000 ਕਰੋੜ ਰੁਪਏ ਦੀ ਪ੍ਰਾਪਰਟੀ ਹੈ ਜਿਸ ਤੇ ਅਫ਼ਸਰਾਂ ਦੀ ਮਿਲੀ-ਭੁਗਤ ਕਰਕੇ ਕਬਜ਼ੇ ਕੀਤੇ ਹੋਏ ਹਨ। ਮੈਂ ਇਸ ਬਾਰੇ ਸਬੂਤ ਵੀ ਦੇ ਦਿਆਂਗਾ, ਪਰੂਫ ਦੇ ਦਿਆਂਗਾ, ਮੈਂ ਫਾਈਲਾਂ ਵੀ ਦੇ ਦਿਆਂਗਾ। ਸਪੀਕਰ ਸਾਹਿਬ, ਅੱਜ ਅਫ਼ਸਰ ਕੋਰਟਾਂ ਵਿੱਚ ਪੈਰਵਾਈ ਨਹੀਂ ਕਰ ਰਹੇ, ਉਹ ਕੇਸ ਹਾਰ ਰਹੇ ਹਨ। ਮੰਤਰੀ ਜੀ, ਜ਼ੀਰਕਪੁਰ ਵਿੱਚ ਅਸੀਂ 100 ਏਕੜ ਦਾ ਰੈਜ਼ੋਲਿਊਸ਼ਨ ਪਾ ਕੇ ਸਰਕਾਰ ਨੂੰ ਤੁਹਾਡੇ ਆਫਿਸ ਵਿੱਚ ਭੇਜਿਆ, ਤਿੰਨ ਵਾਰੀ ਰੈਜ਼ੋਲਿਊਸ਼ਨ ਵਾਪਸ ਭੇਜ ਲਿਆ....(ਵਿਘਨ) ਮੈਂ ਮੰਤਰੀ ਜੀ ਨੂੰ ਰਿਕੁਐਸਟ ਕਰਦਾ ਹਾਂ ਕਿ ਉਹ ਇਸ ਸਬੰਧ ਵਿੱਚ ਐਸ਼ੋਰੈਂਸ ਦੇ ਦੇਣ, ਇਹ ਹਜ਼ਾਰਾਂ ਕਰੋੜਾਂ ਰੁਪਏ ਦੀ ਜ਼ਮੀਨ ਦੀ ਗੱਲ ਹੈ। ਮੰਤਰੀ ਜੀ, ਜਵਾਬ ਦੇ ਦਿਉ, ਹਜ਼ਾਰਾਂ ਕਰੋੜਾਂ ਰੁਪਏ ਦੀ ਪ੍ਰਾਪਰਟੀ ਦੀ ਗੱਲ ਹੈ...

**ਮਾਨਯੋਗ ਸਪੀਕਰ:** ਤੁਹਾਡੀ ਗੱਲ ਆ ਗਈ ਹੈ। ਤੁਹਾਡੀ ਗੱਲ ਆ ਗਈ ਹੈ ਜੀ। ਬੈਠੋ ਜੀ, ਬੈਠੋ। ਤੁਸੀਂ ਆਪਣੀ ਗੱਲ ਕਹਿ ਦਿੱਤੀ ਹੈ।

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, ਜਵਾਬ ਦੇ ਵਿੱਚ ਇੱਕ ਨਵਾਂ ਗਾਉਂ ਦਾ ਵੀ ਜ਼ਿਕਰ ਹੈ ਕਿ ਉਥੇ 1200 ਕਨਾਲ ਦੇ ਉੱਤੇ ਕਬਜ਼ਾ ਹੈ। ਇਹ 6 ਮਹੀਨਿਆਂ ਤੋਂ ਕਬਜ਼ਾ ਲੈਣ ਦੀ ਕੋਸ਼ਿਸ਼ ਹੋ ਰਹੀ ਹੈ। 6 ਮਹੀਨਿਆਂ ਤੋਂ ਹੀ ਲਗਾਤਾਰ ਕਾਰਵਾਈ ਦੀ ਮੰਗ ਕੀਤੀ ਜਾ ਰਹੀ ਹੈ। ਇਸ ਵਿੱਚ ਕੀ ਦਿੱਕਤ ਆ ਰਹੀ ਹੈ ਕਿ ਅਸੀਂ 6 ਮਹੀਨਿਆਂ ਤੋਂ ਕਬਜ਼ਾ ਨਹੀਂ ਲੈ ਪਾ ਰਹੇ ਹਾਂ। ਇਸੇ ਤਰ੍ਹਾਂ ਡੇਰਾਬੱਸੀ ਹੈ, ਉਥੇ Municipal Committee ਨੇ ਰੈਜ਼ੋਲਿਊਸ਼ਨ ਪਾਸ ਕਰ ਦਿੱਤਾ ਹੈ ਕਿ ਐਕਸ਼ਨ ਲੈਣਾ ਚਾਹੀਦਾ ਹੈ। ਫਿਰ ਵੀ ਕੋਈ ਐਕਸ਼ਨ ਨਹੀਂ ਲਿਆ ਗਿਆ ਹੈ।

**Mr. Speaker :** You have conveyed your point.

----

## SHORT NOTICE STARRED QUESTION AND ANSWER

## ਸਰਕਾਰੀ ਆਈ.ਟੀ.ਆਈ, ਮਾਣੂਕੇ ਵਿੱਚ ਟਰੇਡ/ਸੀਟਾਂ ਵਧਾਉਣਾ

***2098. 1. ਸ੍ਰੀਮਤੀ ਸਰਵਜੀਤ ਕੌਰ ਮਾਣੂਕੇ:**

**2. ਸਰਦਾਰ ਹਰਮਿੰਦਰ ਸਿੰਘ ਗਿੱਲ :** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਜਗਰਾਉਂ ਵਿੱਚ ਪਿੰਡ ਮਾਣੂਕੇ ਵਿਖੇ ਇਕ ਸਰਕਾਰੀ ਆਈ.ਟੀ.ਆਈ. ਹੈ ਜੋ ਅੱਜ-ਕੱਲ੍ਹ ਮਾੜੀ ਹਾਲਤ ਵਿੱਚ ਚੱਲ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਸ ਦੇ ਟਰੇਡ ਅਤੇ ਸੀਟਾਂ ਦੀ ਗਿਣਤੀ ਵਿੱਚ ਵਾਧਾ ਕਰਨ ਬਾਰੇ ਵਿਚਾਰ ਕਰੇਗੀ ?

**ਸਰਦਾਰ ਚਰਨਜੀਤ ਸਿੰਘ ਚੰਨੀ :** ਹਲਕਾ ਜਗਰਾਉਂ ਵਿਚ ਪਿੰਡ ਮਾਣੂਕੇ ਵਿਖੇ ਇਕ ਸਰਕਾਰੀ ਆਈ.ਟੀ.ਆਈ. ਹੈ, ਇਸ ਸੰਸਥਾ ਦੀ ਇਮਾਰਤ ਸਹੀ ਹਾਲਤ ਵਿਚ ਹੈ। ਇਸ ਸਮੇਂ ਸੰਸਥਾ ਵਿਚ 11 ਮਨਜੂਰ-ਸ਼ੁਦਾ ਟਰੇਡਾਂ ਚੱਲ ਰਹੀਆਂ ਹਨ ਅਤੇ ਸੰਸਥਾ ਵਿੱਚ ਇੱਕ ਹੋਰ ਨਵੀਂ ਟਰੇਡ ਚਲਾਉਣ ਦੀ ਤਜਵੀਜ਼ ਵਿਚਾਰ ਅਧੀਨ ਹੈ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਦੱਸਣਾ ਚਾਹੁੰਦੀ ਹਾਂ ਕਿ ਜਿਹੜੀ ਨਵੀਂ ਟਰੇਡ ਹੈ, ਸ਼ਾਇਦ ਉਹ COPA ਦੇ ਅਧੀਨ computer trade ਹੈ, ਜਿਸ ਦੇ ਲਈ ਸਾਨੂੰ 10 ਲੱਖ ਤੋਂ ਵੱਧ ਦੇ ਆਪਰੇਟਰਜ਼ ਵੀ ਚਾਹੀਦੇ ਹਨ। ਉਸ ਦੀ ਗਰਾਂਟ ਬਾਰੇ ਵੀ ਮੰਤਰੀ ਸਾਹਿਬ ਦੱਸ ਦੇਣ। ਮੈਂ ਇਸ ਸਦਨ ਨੂੰ ਇਹ ਗੱਲ ਦੱਸਣਾ ਚਾਹੁੰਦੀ ਹਾਂ ਕਿ ਸਾਕਾ ਕਾਮਾਗਾਟਾਮਾਰੂ ਦੇ ਪਹਿਲੇ ਸ਼ਹੀਦ ਬਾਬਾ ਈਸ਼ਰ ਸਿੰਘ ਜੀ ਹੋਏ ਹਨ। ਮੈਂ ਚਾਹੁੰਦੀ ਹਾਂ ਕਿ ਮੰਤਰੀ ਜੀ ਜੇ ਚਾਹੁਣ, ਜੇਕਰ ਉਨ੍ਹਾਂ ਦੀ ਇੱਛਾ ਹੋਵੇ ਤਾਂ ਕੋਈ ਨਵਾਂ ਟਰੇਡ ਉਨ੍ਹਾਂ ਦੇ ਨਾਂ ਤੇ ਜਾਰੀ ਕਰਕੇ ਉਥੋਂ ਦੇ ਲੋਕਾਂ ਨੂੰ ਦੱਸਿਆ ਜਾ ਸਕੇ ਕਿ ਅਸੀਂ ਕਿਨ੍ਹਾਂ ਦੇ ਵਾਰਸ ਹਾਂ।

**ਮਾਨਯੋਗ ਸਪੀਕਰ :** ਚੰਨੀ ਜੀ, ਸ਼ਹੀਦ ਦੇ ਨਾਮ ਤੇ ਵਿਚਾਰ ਕਰ ਲਵੋ।

**ਮੰਤਰੀ :** ਸਪੀਕਰ ਸਾਹਿਬ, ਮੈਨੂੰ ਇਹ ਗੱਲ ਸਮਝ ਆ ਰਹੀ ਹੈ ਕਿ ਇਹ ਭੈਣ ਜੀ ਦਾ ਆਪਣਾ ਪਿੰਡ ਹੈ। ਐਮ.ਐਲ.ਏ ਦਾ ਪਿੰਡ ਹੋਵੇ ਤਾਂ ਜ਼ਰੂਰ ਜਿਹੜਾ ਸਤਿਕਾਰ ਉਹ ਪਿੰਡ ਨੂੰ ਦੇਣਾ ਚਾਹੀਦਾ ਹੈ। ਅਸੀਂ ਉਸ ਤੇ ਨਵਾਂ ਟਰੇਡ ਸ਼ੁਰੂ ਕਰ ਦਿਆਂਗੇ ਅਤੇ ਬੜੀ ਛੇਤੀ ਕਰ ਦਿਆਂਗੇ। ਇਸੇ ਸੈਸ਼ਨ ਤੋਂ ਚੱਲ ਜਾਏਗਾ। ਹੋਰ ਵੀ ਭੈਣ ਜੀ ਜੋ ਕੰਮ ਕਹਿਣਗੇ, ਉਹ ਅਸੀਂ ਕਰ ਦਿਆਂਗੇ।

-----

## POSTPONED STARRED QUESTION AND ANSWER

### ਬਨੂੜ ਲਾਂਡਰਾਂ ਸੜਕ ਦੀ ਰਿਪੇਅਰ ਕਰਨਾ

***1717. ਠੇਕੇਦਾਰ ਮਦਨ ਲਾਲ ਜਲਾਲਪੁਰ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਬਨੂੜ-ਲਾਂਡਰਾਂ ਸੜਕ ਦੀ ਅਤਿ ਮਾੜੀ ਹਾਲਤ ਦੇ ਮੱਦੇਨਜ਼ਰ ਇਸ ਦੀ ਰਿਪੇਅਰ ਕਰਨ ਦਾ ਵਿਚਾਰ ਰੱਖਦੀ ਹੈ,ਜੇਕਰ ਅਜਿਹਾ ਹੋਵੇ ਤਾਂ ਇਹ ਰਿਪੇਅਰ ਕਦੋਂ ਤੱਕ ਕਰ ਦਿੱਤੀ ਜਾਵੇਗੀ?

**ਸ਼੍ਰੀ ਵਿਜੈ ਇੰਦਰ ਸਿੰਗਲਾ :** ਸ਼੍ਰੀਮਾਨ ਜੀ, ਹਾਂ ਜੀ, ਖਰੜ-ਬਨੂੜ-ਲਾਂਡਰਾਂ-ਤੇਪਲਾ ਸੜਕ ਨੈਸ਼ਨਲ ਹਾਈਵੇ ਅਥਾਰਿਟੀ ਆਫ ਇੰਡੀਆ ਦੇ ਅਧੀਨ ਹੈ। ਪ੍ਰੋਜੈਕਟ ਡਾਇਰੈਕਟਰ, ਨੈਸ਼ਨਲ ਹਾਈਵੇ ਅਥਾਰਿਟੀ ਆਫ ਇੰਡੀਆ, ਮੋਹਾਲੀ ਨੇ ਦੱਸਿਆ ਹੈ ਕਿ ਬਨੂੜ-ਲਾਂਡਰਾਂ-ਤੇਪਲਾ ਸੜਕ ਦੀ ਰਿਪੇਅਰ ਲਈ ਕੰਮ ਦੀ ਮਹੱਤਤਾ ਨੂੰ ਦੇਖਦੇ ਹੋਏ ਸ਼ਾਰਟ ਟਰਮ ਟੈਂਡਰ ਲਗਾਏ ਗਏ ਸਨ। ਟੈਂਡਰ ਪ੍ਰਾਪਤ ਹੋ ਗਏ ਹਨ ਅਤੇ ਇਹ ਕੰਮ ਜਲਦ ਅਵਾਰਡ ਹੋ ਜਾਵੇਗਾ। ਕੰਮ ਠੇਕੇਦਾਰ ਨੂੰ ਅਲਾਟ ਹੋਣ ਤੋਂ ਬਾਅਦ ਤਿੰਨ ਮਹੀਨੇ ਵਿੱਚ ਖਤਮ ਹੋਣ ਦੀ ਸੰਭਾਵਨਾ ਹੈ। ਮਾਨਯੋਗ ਮੈਂਬਰ ਸਾਹਿਬ ਵੱਲੋਂ ਜਿਹੜਾ ਸਵਾਲ regarding Kharar, Banur, Landran , Tepla ਸੜਕ ਦੀ ਮਜ਼ਬੂਤੀ ਵਾਸਤੇ ਰੱਖਿਆ ਗਿਆ ਹੈ, ਇਹ ਨੈਸ਼ਨਲ ਹਾਈਵੇ ਦਾ ਹਿੱਸਾ ਹੈ, ਇਸ ਦੀ 39 ਕਿਲੋਮੀਟਰ ਦੀ ਲੈਂਥ ਹੈ। ਇਹ ਨੈਸ਼ਨਲ ਹਾਈਵੇ 205-ਏ ਦਾ ਹਿੱਸਾ ਹੈ ਕਿਉਂਕਿ ਇਹ ਭਾਰਤ ਸਰਕਾਰ ਦੇ ਅਧੀਨ ਆਉਂਦਾ ਹੈ ਤੇ ਸੂਬੇ ਦੀ ਸਰਕਾਰ ਵੱਲੋਂ ਇਸ ਦਾ ਐਸਟੀਮੇਟ ਬਣਾ ਕੇ ਭੇਜਿਆ ਗਿਆ ਹੈ। ਪੌਣੇ ਸੱਤ ਕਰੋੜ ਦੀ ਲਾਗਤ ਨਾਲ ਅਗਲੇ ਤਿੰਨ ਮਹੀਨਿਆਂ ਦੇ ਵਿੱਚ ਇਸ ਸੜਕ ਦੀ strengthning ਹੋ ਜਾਵੇਗੀ । ਮਾਨਯੋਗ ਮੈਂਬਰ ਸਾਹਿਬ ਨੇ ਇਸ ਸੜਕ ਨੂੰ four laning ਕਰਨ ਦੀ ਵੀ ਮੰਗ ਰੱਖੀ ਹੈ, ਉਸ ਦੀ alignment ਦੀ ਵੀ ਪ੍ਰਪੋਜ਼ਲ ਬਣਾ ਕੇ ਭਾਰਤ ਸਰਕਾਰ ਨੂੰ ਭੇਜੀ ਗਈ ਹੈ ਕਿਉਂਕਿ ਇਹ National Highway ਹੈ ਅਤੇ ਇਹ ਉਨ੍ਹਾਂ ਦੇ ਅਧੀਨ ਆਉਂਦੀ ਹੈ। ਪਰ ਮੈਂ ਇਸ ਹਾਊਸ ਨੂੰ ਇਹ ਜ਼ਰੂਰ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਪੂਰਾ National Highway ਹੈ, ਇਹ ਅੱਗੇ ਜਾ ਕੇ ਲਾਂਡਰਾਂ ਵਾਲੇ ਚੌਂਕ ਵਿੱਚ ਜੁੜਦਾ ਹੈ ਜਿਹੜਾ ਕਿ ਸਾਡੇ ਪੰਜਾਬ ਦਾ ਇੱਕ ਬਹੁਤ ਵੱਡਾ bottle neck ਸੀ। ਜਦੋਂ ਤੋਂ ਸਾਡੀ ਸਰਕਾਰ ਆਈ ਹੈ, ਸਰਕਾਰ ਦਾ ਇਕੋ ਹੀ thought ਸੀ ਕਿ ਉਸ bottle neck ਨੂੰ decongest ਕਰੀਏ ਤਾਂ ਕਿ ਸਮੁੱਚੇ ਪੰਜਾਬ ਦੇ ਲੋਕਾਂ ਨੂੰ ਉਸ ਦੇ ਉਪਰੋਂ ਰਾਹਤ ਮਿਲ ਸਕੇ। ਮੈਂ ਅੱਜ ਇਸ ਹਾਊਸ ਨੂੰ ਦੱਸਣਾ ਚਾਹੁੰਦਾ

ਹਾਂ ਕਿ ਪਬਲਿਕ ਨੋਟਿਸ already issue ਹੋ ਚੁੱਕਿਆ ਹੈ। ਸਰਕਾਰ ਨੇ ਸਾਡੇ 25 ਕਰੋੜ ਰੁਪਿਆ ਉਸ ਲਾਂਡਰਾਂ ਦੇ ਚੌਂਕ ਨੂੰ decongest ਕਰਨ ਵਾਸਤੇ ਮਨਜ਼ੂਰ ਕੀਤਾ ਹੈ ਜਿਸ ਦੇ ਵਿੱਚ ਅੰਦਾਜ਼ਨ ਸਾਡੇ 7 ਏਕੜ ਜ਼ਮੀਨ ਦੀ land aquisition ਹੋਣੀ ਹੈ ਅਤੇ ਜਿਸ ਦਾ ਖਰਚਾ approximately ਪੌਣੇ 19 ਕਰੋੜ ਰੁਪਏ ਹੈ। ਉਸ ਤੋਂ ਇਲਾਵਾ ਬਾਕੀ ਸੜਕ ਨੂੰ ਦੋ-ਦੋ ਕਿਲੋਮੀਟਰ ਤੱਕ four lane ਕਰਕੇ ਇਸ ਚੌਂਕ ਨੂੰ decongest ਕੀਤਾ ਜਾਵੇਗਾ। Land acquisition ਦੇ ਬਾਰੇ ਸਾਡੇ ਮਨਿਸਟਰ ਬਲਬੀਰ ਸਿੱਧੂ ਸਾਹਿਬ ਅਤੇ ਹੋਰ ਐਮ.ਐਲ.ਏ ਸਾਹਿਬਾਨ ਨੇ ਮਿਲ ਕੇ ਲੋਕਾਂ ਦੀ ਜਿਹੜੀ land acquire ਹੋਣੀ ਹੈ, ਉਨ੍ਹਾਂ ਤੋਂ ਸਹਿਮਤੀ ਲਈ ਹੈ ਤਾਂ ਕਿ ਉਨ੍ਹਾਂ ਦੀ land acquisition ਦਾ ਪੈਸਾ ਦਿੱਤਾ ਜਾਵੇ ਤਾਂ ਜੋ ਅਸੀਂ ਇਸ ਚੌਂਕ ਨੂੰ decongest ਕਰਨ ਵਿੱਚ ਕਾਮਯਾਬੀ ਹਾਸਲ ਕਰ ਸਕੀਏ।ਸਪੀਕਰ ਸਾਹਿਬ, ਮੈਨੂੰ ਉਮੀਦ ਹੈ ਕਿ ਜੇਕਰ timely land acquisition ਦਾ ਪ੍ਰੋਸੈਸ ਖਤਮ ਹੋ ਜਾਂਦਾ ਹੈ ਤਾਂ ਇੱਕ ਸਾਲ ਦੇ ਅੰਦਰ-ਅੰਦਰ ਇਸ ਚੌਂਕ ਨੂੰ decongest ਕਰ ਦਿਆਂਗੇ।

**ਠੇਕੇਦਾਰ ਮਦਨ ਲਾਲ ਜਲਾਲਪੁਰ :** ਸਪੀਕਰ ਸਾਹਿਬ, ਜਿਹੜੀ ਇਹ ਤੇਪਲਾ-ਬਨੂੜ-ਲਾਂਡਰਾਂ ਰੋਡ ਹੈ, ਇਹ ਬਹੁਤ ਅਹਿਮ ਰੋਡ ਹੈ। ਇਹ ਅੰਤਰਰਾਸ਼ਟਰੀ ਏਅਰਪੋਰਟ ਤੇ ਜਾਣ ਲਈ ਮੇਨ ਰਸਤਾ ਹੈ। ਜਿਹੜੇ ਸਾਡੇ ਵਿਦੇਸ਼ਾਂ ਜਾਂ ਸਾਡੇ ਯੂ.ਪੀ., ਹਰਿਆਣੇ ਤੋਂ ਅਤੇ ਹਿਮਾਚਲ ਤੋਂ ਆ ਕੇ ਮੇਨ ਸੜਕ ਤੋਂ ਲੰਘਦੇ ਹਨ। ਅੱਜ ਇਸ ਦੀ ਆਵਾਜਾਈ ਇੰਨੀ ਵੱਧ ਗਈ ਹੈ ਕਿ ਅੱਜ ਇਸ ਦੀ six ਲੇਨਿੰਗ ਦੀ ਪ੍ਰੋਪਜ਼ਲ ਤਿਆਰ ਹੋ ਸਕਦੀ ਹੈ। ਮੈਂ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਜਿਹੜੀ ਫੋਰ ਲੇਨਿੰਗ ਦਾ ਇਕ ਪ੍ਰੋਜੈਕਟ ਤਿਆਰ ਹੋਇਆ ਸੀ, ਇਸ ਨੂੰ ਜਲਦੀ ਤੋਂ ਜਲਦੀ ਸ਼ੁਰੂ ਕਰਕੇ ਜਿਹੜੀ ਏਅਰਪੋਰਟ ਨੂੰ ਜੋੜਦੀ ਹੈ। ਅੱਜ ਇੰਨੀ ਜ਼ਿਆਦਾ ਟਰੈਫਿਕ ਹੋ ਗਈ ਹੈ ਤਾਂ ਕਿ ਇਸ ਤੋਂ ਛੁਟਕਾਰਾ ਪਾਇਆ ਜਾ ਸਕੇ। ਮੈਂ ਪਹਿਲਾਂ ਜੋ ਇਨ੍ਹਾਂ ਨੇ ਰਿਪੇਅਰ ਕੀਤੀ ਹੈ, ਉਸ ਦਾ ਵੀ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਟੈਂਡਰ ਲਗਾ ਦਿੱਤੇ। ਬਹੁਤ ਵਧੀਆ ਗੱਲ ਕੀਤੀ, ਉਥੇ ਬੜੇ ਖੱਡੇ ਸੀ ....

**ਮਾਨਯੋਗ ਸਪੀਕਰ :** ਪ੍ਰਸ਼ਨ ਖਤਮ ਹੁੰਦੇ ਹਨ।

-----

## UNSTARRED QUESTIONS AND ANSWERS

### ਕੈਪਟਿਵ ਮਾਈਨ (ਨਿੱਜੀ ਖਦਾਨ) ਵਿੱਚੋਂ ਕੋਲਾ ਕੱਢਣਾ

**246. ਸਰਦਾਰ ਨਾਜਰ ਸਿੰਘ ਮਾਨਸ਼ਾਹੀਆ :** ਕੀ ਉਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਪੰਜਾਬ ਸਰਕਾਰ ਨੂੰ ਆਪਣੇ ਥਰਮਲ ਪਲਾਂਟ ਨੂੰ ਚਲਾਉਣ ਲਈ ਕੋਲਾ ਉਪਲਬਧ ਕਰਨ ਲਈ ਸੈਂਟਰ ਸਰਕਾਰ ਵੱਲੋਂ ਕੋਈ ਕੈਪਟਿਵ ਮਾਈਨ (ਨਿੱਜੀ ਖਦਾਨ) ਅਲਾਟ ਹੋਈ ਹੈ; ਜੇਕਰ ਅਜਿਹਾ ਹੋਵੇ ਤਾਂ ਕੈਪਟਿਵ ਮਾਈਨ (ਨਿੱਜੀ ਖਦਾਨ) ਵਿੱਚੋਂ ਕੋਲਾ ਕੱਢਣਾ ਕਦੋਂ ਸ਼ੁਰੂ ਕੀਤਾ ਗਿਆ ਸੀ;

(ਅ) ਮੌਜੂਦਾ ਸਮੇਂ ਤੇ ਇਸ ਖਾਨ ਵਿੱਚੋਂ ਕੋਲਾ ਕੱਢਣ ਦੀ ਕੀ ਸਥਿਤੀ ਹੈ ਅਤੇ ਜੇਕਰ ਇਸ ਸਮੇਂ ਕੋਲਾ ਨਹੀਂ ਕੱਢਿਆ ਜਾ ਰਿਹਾ ਤਾਂ ਇਸ ਦੇ ਕੀ ਕਾਰਨ ਹਨ?

**ਸਰਦਾਰ ਗੁਰਪ੍ਰੀਤ ਸਿੰਘ ਕਾਂਗੜ :** (ੳ) ਹਾਂ ਜੀ–ਝਾਰਖੰਡ ਰਾਜ ਵਿੱਚ ਸਥਿੱਤ ਪਛਵਾੜਾ ਕੇਂਦਰੀ ਕੋਲਾ ਖਾਨ, ਦਸੰਬਰ, 2001 ਵਿੱਚ ਕੋਲਾ ਮੰਤਰਾਲੇ ਦੁਆਰਾ ਪੀ.ਐਸ.ਪੀ.ਸੀ.ਐਲ. ਨੂੰ ਅਲਾਟ ਹੋਈ ਸੀ। ਖਾਨ ਵਿਚੋਂ ਕੋਲਾ ਕੱਢਣ ਲਈ ਮੈਸ: ਏਮਟਾ ਕੋਲ ਲਿਮ: ਨੂੰ ਮਾਈਨ ਡਿਵੈਲਪਰ–ਕਮ–ਓਪਰੇਟਰ (ਐਮ.ਡੀ.ਓ.) ਲਗਾਇਆ ਗਿਆ ਸੀ। ਇਸ ਖਾਨ ਤੋਂ ਕੋਲੇ ਦੀ ਸਪਲਾਈ ਫਰਵਰੀ, 2006 ਵਿੱਚ ਸ਼ੁਰੂ ਕੀਤੀ ਗਈ ਸੀ ਜੋ ਕਿ ਮਿਤੀ 31-03-2015 ਤੱਕ ਜਾਰੀ ਰਹੀ। ਸੁਪਰੀਮ ਕੋਰਟ ਦੁਆਰਾ ਹੁਕਮ ਮਿਤੀ 24-09-2014 ਰਾਹੀਂ ਸਾਰੀਆਂ ਕੇਂਦਰੀ ਕੋਲਾ ਖਾਨਾਂ ਸਮੇਤ ਪਛਵਾੜਾ ਕੇਂਦਰੀ ਕੋਲਾ ਖਾਨ ਰੱਦ ਕਰਦੇ ਹੋਏ ਇਨ੍ਹਾਂ ਖਾਨਾਂ ਤੋਂ ਕੋਲੇ ਦੀ ਸਪਲਾਈ ਮਿਤੀ 31-03-2015 ਤੱਕ ਹੀ ਜਾਰੀ ਰੱਖਣ ਦੇ ਆਦੇਸ਼ ਦਿੱਤੇ ਗਏ ਸਨ। ਇਸ ਦੌਰਾਨ ਕੋਲਾ ਮੰਤਰਾਲਾ, ਭਾਰਤ ਸਰਕਾਰ ਨੇ ਰੱਦ ਕੀਤੀਆਂ ਖਾਨਾਂ ਦੀ ਮੁੜ ਅਲਾਟਮੈਂਟ ਦੀ ਕਾਰਵਾਈ ਸ਼ੁਰੂ ਕੀਤੀ ਅਤੇ ਮਿਤੀ 31-03-2015 ਨੂੰ ਪਛਵਾੜਾ ਕੇਂਦਰੀ ਕੋਲਾ ਖਾਨ ਮੁੜ ਪੀ.ਐਸ.ਪੀ.ਸੀ.ਐਲ. ਨੂੰ ਅਲਾਟ ਕਰ ਦਿੱਤੀ ਗਈ।

(ਅ) ਇਸ ਕੋਲਾ ਖਾਨ ਤੋਂ ਕੋਲੇ ਦਾ ਕੱਢਣਾ ਅਜੇ ਮੁੜ ਸ਼ੁਰੂ ਨਹੀਂ ਹੋਇਆ ਹੈ। ਕੋਲਾ ਖਾਨ ਦੁਬਾਰਾ ਚਾਲੂ ਕਰਨ ਲਈ ਲੋੜੀਂਦੀਆਂ ਮਨਜ਼ੂਰੀਆਂ ਜਿਵੇਂ ਕਿ ਝਾਰਖੰਡ ਸਰਕਾਰ ਨਾਲ ਮਾਈਨ ਲੀਜ਼ ਪੀ.ਐਸ.ਪੀ.ਸੀ.ਐਲ. ਦੇ ਨਾਮਕਰਨ

ਦੀ ਪ੍ਰਵਾਨਗੀ ਦੇ ਹੁਕਮ ਅਤੇ ਉਸ ਉਪਰੰਤ ਹੋਰ ਮਨਜ਼ੂਰੀਆਂ (ਮਾਈਨ ਸਥਾਪਿਤ ਕਰਨ ਅਤੇ ਚਲਾਉਣ ਦੀ ਪ੍ਰਵਾਨਗੀ, ਜ਼ਮੀਨੀ ਇੰਤਕਾਲ, ਵਿਸਫੋਟਕ ਅਤੇ ਡੀਜ਼ਲ ਪਦਾਰਥ ਸਟੋਰ ਕਰਨ ਸਬੰਧੀ ਲਾਇਸੈਂਸ ਆਦਿ) ਲੈਣ ਲਈ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਖਾਨ ਵਿਚੋਂ ਕੋਲਾ ਕੱਢਣ ਲਈ ਇਹ ਪ੍ਰਵਾਨਗੀਆਂ ਲੈਣੀਆਂ ਲਾਜ਼ਮੀ ਹਨ।ਮੁਕਾਬਲੇ ਦੀ ਬੋਲੀ (Competitve Bidding) ਤੋਂ ਬਾਅਦ, ਮੈ/ਸ ਦਲੀਪ ਬਿਲਡਕਾਨ - ਵੀ.ਪੀ.ਆਰ (ਕੰਸੋਰਟੀਅਮ) ਨੂੰ ਮਾਈਨ ਡਿਵੈਲਪਰ-ਕਮ-ਓਪਰੇਟਰ (ਐਮ.ਡੀ.ਓ.) ਚੁਣਿਆ ਗਿਆ ਹੈ ਪਰੰਤੂ ਮੈਸ: ਏਮਟਾ ਕੋਲ ਲਿਮ: ਦੁਆਰਾ ਫਿਰ ਤੋਂ ਮਾਈਨ ਡਿਵੈਲਪਰ-ਕਮ-ਓਪਰੇਟਰ (ਐਮ.ਡੀ.ਓ.) ਬਣਨ ਲਈ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਸਿਵਲ ਰਿੱਟ ਪਟੀਸ਼ਨ 10055/2018 ਦਾਇਰ ਕੀਤੀ ਗਈ, ਜਿਸ ਦਾ ਫੈਸਲਾ ਮਿਤੀ 25-01-2019 ਨੂੰ ਮੈਸ: ਏਮਟਾ ਕੋਲ ਲਿਮ: ਦੇ ਹੱਕ ਵਿਚ ਹੋਇਆ ਹੈ। ਹਾਈ ਕੋਰਟ ਦੇ ਫੈਸਲੇ ਵਿਰੁੱਧ ਸੁਪਰੀਮ ਕੋਰਟ ਵਿਖੇ ਅਪੀਲ ਦਾਇਰ ਕਰਨ ਲਈ ਕੇਸ ਐਡਵੋਕੇਟ ਜਨਰਲ, ਪੰਜਾਬ ਜੀ ਨੂੰ ਭੇਜਿਆ ਹੋਇਆ ਹੈ।ਇਸ ਕਾਰਨ ਵੀ ਇਸ ਕੋਲਾ ਖਾਨ ਨੂੰ ਚਾਲੂ ਕਰਨ ਵਿੱਚ ਦੇਰੀ ਹੋ ਰਹੀ ਹੈ

-------

## ਰਿਹਾਇਸ਼ੀ ਇਲਾਕਿਆਂ ਵਿੱਚ ਚਲਦੀਆਂ ਫੈਕਟਰੀਆਂ ਨੂੰ ਸ਼ਿਫ਼ਟ ਕਰਨਾ

**247. ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਮੁੱਖ ਸ਼ਹਿਰ ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਬਰਨਾਲਾ ਅਤੇ ਗੋਬਿੰਦਗੜ੍ਹ ਦੇ ਮਾਸਟਰ ਪਲਾਨ ਪਾਸ ਹੋ ਚੁੱਕੇ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਇਨ੍ਹਾਂ ਉਦਯੋਗਿਕ ਸ਼ਹਿਰਾਂ ਦੇ ਰਿਹਾਇਸ਼ੀ ਇਲਾਕਿਆਂ ਵਿੱਚ ਚਲਦੀਆਂ ਫੈਕਟਰੀਆਂ ਨੂੰ ਸ਼ਿਫਟ ਕਰਨ ਦੀ ਕੋਈ ਤਜ਼ਵੀਜ਼ ਹੈ?

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ 'ਹਾਂ' ਵਿੱਚ ਹੈ ਤਾਂ ਇਹ ਫੈਕਟਰੀਆਂ ਕਿਸ ਮਿਤੀ ਤੱਕ ਸ਼ਿਫਟ ਕਰਨ ਲਈ ਕੋਈ ਉਦਯੋਗਿਕ ਖੇਤਰ ਬਣਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** (ੳ) ਲੁਧਿਆਣਾ , ਜਲੰਧਰ, ਅੰਮ੍ਰਿਤਸਰ ਅਤੇ ਗੋਬਿੰਦਗੜ੍ਹ ਦੇ ਮਾਸਟਰ ਪਲਾਨ ਤਿਆਰ ਕਰਕੇ ਨੋਟੀਫਾਈਡ ਕੀਤੇ ਜਾ ਚੁੱਕੇ ਹਨ ਜਿਨ੍ਹਾਂ ਵਿੱਚ ਰਿਹਾਇਸ਼ੀ ਇਲਾਕਿਆਂ ਵਿੱਚੋਂ ਚਲਦੀਆਂ ਫੈਕਟਰੀਆਂ ਨੂੰ ਸ਼ਿਫਟ ਕਰਨ ਦਾ ਉਪਬੰਧ ਅੰਕਿਤ ਹੈ। ਬਰਨਾਲਾ ਦਾ ਮਾਸਟਰ ਪਲਾਨ AMRUT ਸਕੀਮ ਅਧੀਨ ਸਥਾਨਕ ਸਰਕਾਰ ਵਿਭਾਗ ਵੱਲੋਂ ਤਿਆਰ ਕਰਵਾਇਆ ਜਾ ਰਿਹਾ ਹੈ।

(ਅ) ਮਾਸਟਰ ਪਲਾਨ ਨੋਟੀਫਾਈ ਹੋਣ ਉਪਰੰਤ The Punjab Regional and Town Planning and Development Act, 1995 ਦੀ ਧਾਰਾ 79 ਦੇ ਉਪਬੰਧਾਂ ਅਨੁਸਾਰ ਮਾਸਟਰ ਪਲਾਨ ਦੀ ਨੋਟੀਫਿਕੇਸ਼ਨ ਦੀ ਮਿਤੀ ਤੋਂ 15 ਸਾਲਾਂ ਦੇ ਅੰਦਰ-ਅੰਦਰ ਉਦਯੋਗਿਕ ਇਕਾਈਆਂ ਨੂੰ ਰਿਹਾਇਸ਼ੀ ਖੇਤਰ (ਨਾਲ-ਕਨਫਰਮਿੰਗ ਯੂਜ਼ਿਜ਼ ਨੂੰ ਕਨਫਰਮਿੰਗ ਯੂਜ਼ਿਜ਼ ਵਿੱਚੋਂ ਸ਼ਿਫਟ ਕਰਨ ਬਾਰੇ) ਵਿੱਚੋਂ ਸ਼ਿਫਟ ਕਰਨ ਦਾ ਉਪਬੰਧ ਹੈ। ਇਸ ਤੋਂ ਇਲਾਵਾ ਮਾਸਟਰ ਪਲਾਨ ਵਿੱਚ ਉਦਯੋਗਿਕ ਜ਼ੋਨ ਇਸ ਖੇਤਰ ਲਈ earmark ਕੀਤੇ ਹੋਏ ਹਨ।

-----

## ਮਾਰਕੀਟ ਕਮੇਟੀ, ਪਠਾਨਕੋਟ ਨੂੰ ਤੰਗ ਟੁੱਟੇ ਹੋਏ ਪੁਲਾਂ ਅਤੇ ਸੜਕਾਂ ਲਈ ਬਜਟ ਜਾਰੀ ਕਰਨਾ

**260. ਸ਼੍ਰੀ ਅਮਿਤ ਵਿੱਜ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਮਾਰਕੀਟ ਕਮੇਟੀ, ਪਠਾਨਕੋਟ ਨੂੰ ਅੱਪਗ੍ਰੇਡ ਕਰਨ ਅਤੇ ਇਸ ਅਧੀਨ ਆਉਂਦੇ ਤੰਗ ਟੁੱਟੇ ਹੋਏ ਪੁਲਾਂ ਲਈ ਲਗਭਗ 4.40 ਕਰੋੜ ਰੁਪਏ ਦਾ ਬਜਟ ਕਦੋਂ ਤੱਕ ਜਾਰੀ ਕਰ ਦਿੱਤਾ ਜਾਵੇਗਾ;

(ਅ) ਮਾਰਕੀਟ ਕਮੇਟੀ, ਪਠਾਨਕੋਟ ਅਧੀਨ ਆਉਂਦੀਆਂ ਸੜਕਾਂ ਲਈ ਲਗਭਗ 22 ਲੱਖ ਰੁਪਏ ਦਾ ਬਜਟ ਕਦੋਂ ਤੱਕ ਮੁਹੱਈਆ ਕਰਵਾ ਦਿੱਤਾ ਜਾਵੇਗਾ ?

**ਕੈਪਟਨ ਅਮਰਿੰਦਰ ਸਿੰਘ :** (ੳ) ਮਾਰਕੀਟ ਕਮੇਟੀ, ਪਠਾਨਕੋਟ ਨੂੰ ਅੱਪਗ੍ਰੇਡ ਕਰਨ ਦੀ ਕੋਈ ਤਜਵੀਜ਼ ਨਹੀਂ ਹੈ। ਫਿਰ ਵੀ ਮੰਡੀ ਪਠਾਨਕੋਟ ਦੀ ਅੱਪਗ੍ਰੇਡੇਸ਼ਨ ਲਈ 430.20 ਲੱਖ ਰੁਪਏ ਪ੍ਰਵਾਨ ਕੀਤੇ ਗਏ ਹਨ ਅਤੇ ਮਾਰਕੀਟ ਕਮੇਟੀ, ਪਠਾਨਕੋਟ ਅਧੀਨ ਪੈਂਦੀਆਂ ਲਿੰਕ ਸੜਕਾਂ ਤੇ ਤੰਗ/ ਟੁੱਟੇ ਹੋਏ ਪੁਲਾਂ ਦੀ ਅੱਪਗ੍ਰੇਡੇਸ਼ਨ/ ਮੁੜ ਉਸਾਰੀ ਲਈ 510.50 ਲੱਖ ਰੁਪਏ ਐਲੋਕੇਟ ਕੀਤੇ ਗਏ ਹਨ। ਇਨ੍ਹਾਂ ਕੰਮਾਂ ਲਈ ਬਜਟ ਸਾਲ 2019-20 ਦੌਰਾਨ ਰਿਲੀਜ਼ ਕਰ ਦਿੱਤਾ ਜਾਵੇਗਾ।

(ਅ) 326.29 ਕਿਲੋਮੀਟਰ ਲੰਬਾਈ ਦੀਆਂ 309 ਸੜਕਾਂ ਲਈ 4319.11 ਲੱਖ ਰੁਪਏ ਮਨਜ਼ੂਰ ਕੀਤੇ ਗਏ ਹਨ ਜਿਸ ਵਿਚੋਂ 1341.33 ਲੱਖ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਬਾਕੀ ਰਹਿੰਦੇ ਫੰਡ ਵਿੱਤੀ ਸਾਲ 2019-20 ਵਿੱਚ ਰਲੀਜ਼ ਕਰ ਦਿੱਤੇ ਜਾਣਗੇ।

----

## ਲਾਮਿਨੀ ਕਾਲਜ ਲਈ ਬਜਟ ਜਾਰੀ ਕਰਨਾ

**261. ਸ਼੍ਰੀ ਅਮਿਤ ਵਿੱਜ :** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਲਾਮਿਨੀ ਕਾਲਜ, ਪਠਾਨਕੋਟ ਦੇ ਪੋਸਟ ਗ੍ਰੈਜੂਏਟ ਬਲਾਕ, ਵਿਦਿਆਰਥੀ ਸੈਂਟਰ ਅਤੇ ਦੋ ਬੱਸਾਂ ਲਈ 5 ਕਰੋੜ ਰੁਪਏ ਦਾ ਬਜਟ ਕਦੋਂ ਤੱਕ ਮੁਹੱਈਆ ਕਰਵਾ ਦਿੱਤਾ ਜਾਵੇਗਾ ;

(ਅ) ਲਾਮਿਨੀ ਕਾਲਜ, ਪਠਾਨਕੋਟ ਨੂੰ 2 ਕਰੋੜ ਦੀ ਗ੍ਰਾਂਟ ਕਦੋਂ ਜਾਰੀ ਕੀਤੀ ਜਾਵੇਗੀ ਜੋ ਕਿ ਪੰਜਾਬ ਸਰਕਾਰ ਵੱਲੋਂ ਸਲਾਨਾ ਜਾਰੀ ਕੀਤੀ ਜਾਂਦੀ ਹੈ ਅਤੇ ਉਕਤ ਰਾਸ਼ੀ ਪਿਛਲੇ ਡੇਢ ਸਾਲ ਤੋਂ ਪੈਂਡਿੰਗ ਪਈ ਹੋਈ ਹੈ?

**ਸ਼੍ਰੀਮਤੀ ਰਜ਼ੀਆ ਸੁਲਤਾਨਾ :** (ੳ) ਸਰਕਾਰੀ ਕੰਸਟੀਚੂਐਂਟ ਮਾਡਲ ਡਿਗਰੀ ਕਾਲਜ ਲਾਮਿਨੀ, ਪਠਾਨਕੋਟ ਰਾਸ਼ਟਰੀ ਉੱਚਤਰ ਸਿੱਖਿਆ ਅਭਿਆਨ ਦੇ ਫੇਸ-1 ਤਹਿਤ 60:40 ਸੈਂਟਰ:ਸਟੇਟ ਦੇ ਅਨੁਪਾਤ ਵਿੱਚ 12 ਕਰੋੜ ਰੁਪਏ ਦੀ ਲਾਗਤ ਨਾਲ ਉਸਾਰਿਆ ਗਿਆ ਸੀ। ਕਾਲਜ ਦੀ ਸਾਲ 2014 ਵਿੱਚ ਰਾਸ਼ਟਰੀ ਉੱਚਤਰ ਸਿੱਖਿਆ ਅਭਿਆਨ ਤਹਿਤ ਡਿਟੇਲਡ ਪ੍ਰੋਜੈਕਟ ਰਿਪੋਰਟ ਬਣਾ ਕੇ ਮਾਨਵ ਸੰਸਾਧਨ ਮੰਤਰਾਲੇ, ਭਾਰਤ ਸਰਕਾਰ ਨੂੰ ਭੇਜੀ ਗਈ ਅਤੇ ਅਪਰੂਵ ਹੋਈ ਡਿਟੇਲਡ ਪ੍ਰੋਜੈਕਟ ਰਿਪੋਰਟ ਵਿੱਚ ਪੋਸਟ ਗਰੈਜੂਏਟ ਬਲਾਕ, ਵਿਦਿਆਰਥੀ ਸੈਂਟਰ ਅਤੇ ਦੋ ਬੱਸਾਂ ਦੀ ਕੋਈ ਪ੍ਰੋਵੀਜ਼ਨ ਨਹੀਂ ਹੈ। ਇਹ ਕਾਲਜ 2016 ਵਿੱਚ ਉਸਾਰੀ ਮੁਕੰਮਲ ਹੋਣ ਉਪਰੰਤ ਅਤੇ ਲੋੜੀਂਦੇ ਸਾਜ਼ੋ-ਸਮਾਨ ਨਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਬਤੌਰ ਕੰਸਟੀਚੂਐਂਟ ਕਾਲਜ ਚਲਾਉਣ ਲਈ ਸੌਂਪ ਦਿੱਤਾ ਗਿਆ ਸੀ। ਇਸ ਕਾਲਜ ਵਿੱਚ ਅਕਾਦਮਿਕ ਵਰ੍ਹੇ 2016-17 ਤੋਂ ਕਲਾਸਾਂ ਸ਼ੁਰੂ ਹੋ ਚੁੱਕੀਆਂ ਹਨ।

(ਅ) ਸਬੰਧਿਤ ਕਾਲਜ ਨੂੰ ਸਾਲ 2016-17 ਤੋਂ 1.5 ਕਰੋੜ ਪ੍ਰਤੀ ਸਾਲ ਗ੍ਰਾਂਟ ਦੇਣ ਸਬੰਧੀ ਮਾਮਲਾ ਵਿੱਤ ਵਿਭਾਗ ਨਾਲ ਵਿਚਾਰ ਅਧੀਨ ਹੈ।

-----

## ਵਿਕਾਸ ਦੇ ਕੰਮਾਂ ਲਈ ਕੀਤੀ ਖਰੀਦ ਦੀ ਪੜਤਾਲ ਕਰਨਾ

**274. ਸਰਦਾਰ ਦਿਲਰਾਜ ਸਿੰਘ ਭੂੰਦੜ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਸਰਕਾਰ ਦੇ ਧਿਆਨ ਵਿੱਚ ਹੈ ਕਿ ਜ਼ਿਲ੍ਹਾ ਮਾਨਸਾ ਦੇ ਵੱਖ-ਵੱਖ ਖੇਤਰਾਂ ਵਿੱਚ ਚੱਲ ਰਹੇ ਵਿਕਾਸ ਦੇ ਕੰਮਾਂ ਲਈ inter locking tyles ਦੀ ਖਰੀਦ ਵੀ ਵੱਖਰੇ-ਵੱਖਰੇ ਰੇਟਾਂ ਤੇ ਕੀਤੀ ਗਈ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਅਤੇ ਕੀ ਘਪਲੇ ਦੀ ਪੜਤਾਲ ਕਰਕੇ ਦੋਸ਼ੀ ਅਧਿਕਾਰੀਆਂ ਤੇ ਕਰਮਚਾਰੀਆਂ ਦੇ ਵਿਰੁੱਧ ਕਾਰਵਾਈ ਕਰਨ ਦੀ ਸਰਕਾਰ ਦੀ ਕੋਈ ਤਜਵੀਜ਼ ਹੈ, ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸ਼੍ਰੀਮਾਨ ਜੀ, ਇਹ ਠੀਕ ਹੈ ਕਿ ਜ਼ਿਲ੍ਹਾ ਮਾਨਸਾ ਦੇ ਵੱਖ-ਵੱਖ ਬਲਾਕਾਂ ਵਿੱਚ ਇੰਟਰਲਾਕ ਟਾਈਲਾਂ ਵੱਖ-ਵੱਖ ਰੇਟਾਂ ਤੇ ਖਰੀਦ ਕੀਤੀਆਂ ਗਈਆਂ ਹਨ। ਇਸ ਦਾ ਕਾਰਨ ਇਹ ਹੈ ਕਿ ਕਈ ਫੈਕਟਰੀਆਂ ਦੀ ਦੂਰੀ, ਕੰਮ ਵਾਲੇ ਸਥਾਨ ਤੋਂ ਨਜ਼ਦੀਕ ਹੁੰਦੀ ਹੈ ਅਤੇ ਕਈਆਂ ਦੀ ਬਹੁਤ ਦੂਰ ਹੁੰਦੀ ਹੈ। ਇਸ ਤੋਂ ਬਿਨ੍ਹਾਂ ਮਾਰਕੀਟ ਵਿੱਚ ਰਾਅ ਮਟੀਰੀਅਲ ਦੇ ਰੇਟ ਘੱਟਣ ਜਾਂ ਵੱਧਣ ਕਾਰਨ ਵੀ ਰੇਟਾਂ ਦਾ ਫਰਕ ਪੈਂਦਾ ਹੈ। ਮਾਨਸਾ ਜ਼ਿਲ੍ਹੇ ਵਿੱਚ ਇੰਟਰਲਾਕ ਟਾਈਲਾਂ ਦੀ ਖਰੀਦ ਦੇ ਘਪਲੇ ਦਾ ਕੋਈ ਵੀ ਕੇਸ ਹਾਲੇ ਤੱਕ ਸਾਹਮਣੇ ਨਹੀਂ ਆਇਆ। ਜੇਕਰ ਭਵਿੱਖ ਵਿੱਚ ਕੋਈ ਸ਼ਿਕਾਇਤ ਪ੍ਰਾਪਤ ਹੋਈ ਜਾਂ ਕੋਈ ਕੇਸ ਸਾਹਮਣੇ ਆਇਆ ਤਾਂ ਕਸੂਰਵਾਰ ਅਧਿਕਾਰੀ/ਕਰਮਚਾਰੀ ਵਿੱਚ ਨਿਯਮਾਂ ਅਨੁਸਾਰ ਲੋੜੀਂਦੀ ਕਾਰਵਾਈ ਬਿਨਾਂ ਕਿਸੇ ਦੇਰੀ ਤੋਂ ਕੀਤੀ ਜਾਵੇਗੀ।

-----

## ਵਿਧਾਨ ਸਭਾ ਹਲਕਾ ਸਰਦੂਲਗੜ੍ਹ ਵਿੱਚ ਕੀਤੇ ਜਾ ਰਹੇ ਘਰਾਂ ਦੇ ਨਿਰਮਾਣ ਸਬੰਧੀ

**275. ਸਰਦਾਰ ਦਿਲਰਾਜ ਸਿੰਘ ਭੂੰਦੜ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਪ੍ਰਧਾਨ ਮੰਤਰੀ ਗ੍ਰਾਮ ਅਵਾਸ ਯੋਜਨਾ ਤਹਿਤ ਮਾਰਚ, 2017 ਤੋਂ 31 ਦਸੰਬਰ, 2018 ਤੱਕ ਵਿਧਾਨ ਸਭਾ ਹਲਕਾ ਸਰਦੂਲਗੜ੍ਹ (ਜ਼ਿਲ੍ਹਾ ਮਾਨਸਾ) ਵਿੱਚ ਕਿੰਨੇ ਘਰਾਂ ਦਾ ਨਿਰਮਾਣ ਕੀਤਾ ਗਿਆ ਹੈ ਅਤੇ ਕਿੰਨੇ ਘਰਾਂ ਦੇ ਨਿਰਮਾਣ ਦਾ ਕੰਮ ਅਜੇ ਅਧੂਰਾ ਪਿਆ ਹੈ ਅਤੇ ਜਿਹੜੇ ਘਰ ਮੁਕੰਮਲ ਤੌਰ ਤੇ ਬਣ ਚੁੱਕੇ ਹਨ ਉਨ੍ਹਾਂ ਦੀ ਤੀਜੀ ਕਿਸ਼ਤ ਸਰਕਾਰ ਵੱਲੋਂ ਨਾ ਦੇਣ ਦੇ ਕੀ

ਕਾਰਨ ਹਨ ਅਤੇ ਪੈਂਡਿੰਗ ਕਿਸ਼ਤ ਕਦੋਂ ਤੱਕ ਦੇ ਦਿੱਤੀ ਜਾਵੇਗੀ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਜਿਹੜੇ ਘਰਾਂ ਦੇ ਨਿਰਮਾਣ ਦਾ ਕੰਮ ਅਜੇ ਅਧੂਰਾ ਹੈ, ਨੂੰ ਕਦੋਂ ਤੱਕ ਮੁਕੰਮਲ ਕਰ ਦਿੱਤਾ ਜਾਵੇਗਾ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸ਼੍ਰੀਮਾਨ ਜੀ,

(ੳ) ਜ਼ਿਲ੍ਹਾ ਮਾਨਸਾ ਵਿੱਚ ਪ੍ਰਧਾਨ ਮੰਤਰੀ ਅਵਾਸ ਯੋਜਨਾ-ਗ੍ਰਾਮੀਣ ਅਧੀਨ ਮਾਰਚ, 2017 ਤੋਂ 31 ਦਸੰਬਰ, 2018 ਤੱਕ ਵਿਧਾਨ ਸਭਾ ਹਲਕਾ ਸਰਦੂਲਗੜ੍ਹ (ਜ਼ਿਲ੍ਹਾ ਮਾਨਸਾ) ਵਿੱਚ ਕੁੱਲ 743 ਘਰ ਬਣਾਉਣ ਦਾ ਟੀਚਾ ਹੈ। ਕੁੱਲ 743 ਵਿੱਚੋਂ 470 ਘਰ ਬਣ ਚੁੱਕੇ ਹਨ ਅਤੇ ਬਾਕੀ ਰਹਿੰਦੇ ਅਧੂਰੇ 273 ਘਰ ਨਿਰਮਾਣ ਅਧੀਨ ਹਨ। ਜੋ 470 ਮਕਾਨ ਮੁਕੰਮਲ ਹੋ ਚੁੱਕੇ ਹਨ ਉਨ੍ਹਾਂ ਦੀ ਤੀਜੀ ਕਿਸ਼ਤ ਦਿੱਤੀ ਜਾ ਚੁੱਕੀ ਹੈ। ਬਾਕੀ ਰਹਿੰਦੇ 273 ਘਰਾਂ (ਜੋ ਨਿਰਮਾਣ ਅਧੀਨ ਹਨ) ਨੂੰ ਮੁਕੰਮਲ ਹੋਣ ਤੋਂ ਬਾਅਦ ਹੀ ਤੀਜੀ ਕਿਸ਼ਤ ਰਿਲੀਜ਼ ਕੀਤੀ ਜਾਵੇਗੀ।

(ਅ) ਭਾਗ (ੳ) ਵਿੱਚ ਵਰਣਿਤ ਜਿਹੜੇ ਘਰਾਂ ਦਾ ਨਿਰਮਾਣ ਅਜੇ ਅਧੂਰਾ ਹੈ, ਉਨ੍ਹਾਂ ਨੂੰ ਮਿਤੀ 31 ਮਾਰਚ, 2019 ਤੱਕ ਮੁਕੰਮਲ ਕਰਨ ਦੇ ਯੋਗ ਉਪਰਾਲੇ ਕੀਤੇ ਜਾ ਰਹੇ ਹਨ।

-----

## MATTERS RAISED DURING ZERO HOUR AND STATEMENTS MADE BY THE MINISTERS THEREON.

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਆਗਿਆ ਮੰਗ ਰਹੇ ਸਨ।)

**ਮਾਨਯੋਗ ਸਪੀਕਰ :** ਅੱਜ ਨਾਨ-ਆਫੀਸ਼ੀਅਲ ਡੇਅ ਹੈ, ਤੁਸੀਂ ਕਾਹਲੇ ਨਾ ਪਉ, ਸਭ ਨੂੰ ਟਾਈਮ ਮਿਲੇਗਾ। ਹਾਂ ਜੀ, ਸਰਦਾਰ ਹਰਵਿੰਦਰ ਸਿੰਘ ਫੂਲਕਾ ਜੀ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਇੱਕ ਹਫਤਾ ਪਹਿਲਾਂ ਪਿਛਲੇ ਵੀਰਵਾਰ 14 ਫਰਵਰੀ ਨੂੰ ਸਦਨ ਨੇ ਇੱਕ ਮਤਾ ਪਾਸ ਕੀਤਾ ਸੀ ਕਿ ਐਸ.ਜੀ.ਪੀ.ਸੀ. ਦੇ ਇਲੈਕਸ਼ਨ ਜਲਦੀ ਕਰਵਾਏ ਜਾਣ। ਉਸ ਮਤੇ ਦੀ ਕਾਪੀ ਜਲਦੀ ਤੋਂ ਜਲਦੀ ਸੈਂਟਰ ਸਰਕਾਰ ਨੂੰ ਭਿਜਵਾਈ ਜਾਵੇ ਕਿਉਂਕਿ ਲੋਕ ਸਭਾ ਦੇ

[ਸਰਦਾਰ ਹਰਵਿੰਦਰ ਸਿੰਘ ਫੂਲਕਾ]

ਇਲੈਕਸ਼ਨ ਦੀ ਨੋਟੀਫਿਕੇਸ਼ਨ ਹੋਣ ਤੋਂ ਪਹਿਲਾਂ ਪਹਿਲਾਂ ਇਹ ਫੈਸਲਾ ਸੈਂਟਰ ਸਰਕਾਰ ਨੂੰ ਕਰਨਾ ਚਾਹੀਦਾ ਹੈ। ਮੇਰੀ ਇਹ ਗੁਜ਼ਾਰਿਸ਼ ਹੈ ਕਿ ਇਸ ਮਤੇ ਦੀ ਕਾਪੀ ਜਲਦੀ ਤੋਂ ਜਲਦੀ ਸੈਂਟਰ ਸਰਕਾਰ ਨੂੰ ਭਿਜਵਾਈ ਜਾਵੇ । ਮੈਂ ਇਸ ਦੇ ਨਾਲ ਹੀ ਮੁੱਖ ਮੰਤਰੀ ਜੀ ਨੂੰ ਵੀ ਕਹਿਣਾ ਚਾਹੁੰਦਾ ਹਾਂ ਕਿ ਸੋਮਵਾਰ ਨੂੰ ਸੈਸ਼ਨ ਖਤਮ ਹੋ ਜਾਣਾ ਹੈ, ਮੁੱਖ ਮੰਤਰੀ ਜੀ ਵੀ ਜਾ ਕੇ ਕੇਂਦਰ ਸਰਕਾਰ ਦੇ ਹੋਮ ਮਨਿਸਟਰ ਸਾਹਿਬ ਨੂੰ ਜਲਦੀ ਮਿਲਣ। ਇਹ ਮੇਰੀ ਗੁਜ਼ਾਰਿਸ਼ ਹੈ ਜੀ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਮਾਨਯੋਗ ਸਪੀਕਰ :** ਫੂਲਕਾ ਜੀ, ਅਸੀਂ ਆਪਣੀ ਕਾਰਵਾਈ ਕਰ ਚੁੱਕੇ ਹਾਂ। ਵਿਧਾਨ ਸਭਾ ਨੇ ਉਹ ਮਤਾ ਸੂਬਾ ਸਰਕਾਰ ਨੂੰ, ਚੀਫ ਸੈਕਟਰੀ ਸਾਹਿਬ ਨੂੰ ਭੇਜ ਦਿੱਤਾ ਹੈ। ਅੱਗੇ ਕੰਮ ਸਰਕਾਰ ਦਾ ਹੈ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਹੁਣ ਮੰਤਰੀ ਜੀ ਬੈਠੇ ਹਨ, ਮੰਤਰੀ ਜੀ ਨੂੰ ਬੇਨਤੀ ਹੈ। ਮੰਤਰੀ ਜੀ, ਜ਼ਰਾ ਇੱਧਰ ਧਿਆਨ ਦੇ ਦਿਉ। ਮੰਤਰੀ ਜੀ, ਗੱਲਾਂ ਬਾਅਦ ਵਿੱਚ ਕਰ ਲੈਣਾ। (ਸੰਸਦੀ ਮਾਮਲੇ ਮੰਤਰੀ ਵੱਲ ਇਸ਼ਾਰਾ) ਮੰਤਰੀ ਜੀ, ਜ਼ਰਾ ਇੱਧਰ ਧਿਆਨ ਦੇ ਦਿਉ। ਉਹ ਮਤਾ ਸਰਕਾਰ ਨੂੰ ਚਲਾ ਗਿਆ ਹੈ। ਉਸ ਮਤੇ ਦੀ ਕਾਪੀ ਜਲਦੀ ਤੋਂ ਜਲਦੀ ਸੈਂਟਰ ਸਰਕਾਰ ਨੂੰ ਭਿਜਵਾਉ ਅਤੇ ਮੇਰੀ ਮੁੱਖ ਮੰਤਰੀ ਜੀ ਨੂੰ ਬੇਨਤੀ ਹੈ ਕਿ ਉਹ ਜਲਦੀ ਤੋਂ ਜਲਦੀ ਅਗਲੇ ਹਫਤੇ ਵਿੱਚ ਜਾ ਕੇ ਮਿਲਣ।

**ਮਾਨਯੋਗ ਸਪੀਕਰ :** ਅਸੀਂ ਚੀਫ ਸੈਕਟਰੀ ਸਾਹਿਬ ਨੂੰ ਮਤਾ ਭੇਜ ਦਿੱਤਾ ਹੈ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਠੀਕ ਹੈ, ਸਰ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਬਹੁਤ ਸਾਲਾਂ ਦਾ ਇੱਕ ਕਾਫੀ ਗੰਭੀਰ ਮੁੱਦਾ ਹੈ। ਸਾਡੀ ਸਰਕਾਰ ਨੇ ਕੈਪਟਨ ਅਮਰਿੰਦਰ ਸਿੰਘ ਜੀ ਨੇ ਇਸ ਮੁੱਦੇ ਤੇ, ਜਦੋਂ ਅਸੀਂ ਆਪੋਜ਼ੀਸ਼ਨ ਵਿੱਚ ਹੁੰਦੇ ਸੀ, ਅਸੀਂ ਤਮਾਮ ਲੋਕ ਜਿਹੜੇ ਇੱਥੇ ਬੈਠੇ ਹਾਂ, ਇਸ ਵਿੱਚ ਐਫ.ਐਮ. ਸਾਹਿਬ ਵੀ ਹਨ, ਅਸੀਂ ਤਮਾਮ ਲੋਕ ਉਸ ਮੁੱਦੇ ਦੀ ਲੜਾਈ ਲੜ ਰਹੇ ਸੀ। ਲੇਕਿਨ ਅੱਜ ਦੋ ਸਾਲ ਬੀਤ ਗਏ ਹਨ, ਇਹ ਬੜਾ ਅਹਿਮ ਮੁੱਦਾ ਹੈ। ਮੈਂ ਸਮਝਦਾ ਹਾਂ ਇਸ ਦੀ ਲੜਾਈ ਲੜਨੀ ਪਵੇਗੀ। ਇਹ ਕੱਲ੍ਹ ਦਾ ਹਾਦਸਾ ਹੈ, (ਇੱਕ ਅਖਬਾਰ ਦੀ ਕਟਿੰਗ ਦਿਖਾਉਂਦੇ ਹੋਏ) ਇਹ ਮੈਂ ਅਖਬਾਰ ਦੀ ਕਟਿੰਗ ਲੈ ਕੇ ਆਇਆ ਹਾਂ। ਇਸ ਤੇ ਹੈਂਡਿੰਗ ਲਿਖਿਆ ਹੈ–

**अकाली नेता की बस ने तीन को रौंदा**

ਇੱਕ ਦਾ ਗਲਾ ਵੱਢਿਆ ਗਿਆ। ਇਹ ਵੀਡਿਉ ਵਾਇਰਲ ਹੋ ਰਹੀ ਹੈ, ਜਿਸ ਦਾ ਗਲਾ ਵੱਢਿਆ ਗਿਆ। ਤਿੰਨ ਮੋਟਰਸਾਈਕਲ ਸਵਾਰ ਨਿਊ ਦੀਪ ਬੱਸ ਕੰਪਨੀ

ਨੇ ਫਿਰੋਜ਼ਪੁਰ ਵਿੱਚ ਕੁਚਲ ਦਿੱਤੇ । ਸਪੀਕਰ ਸਾਹਿਬ, 2016 ਤੋਂ ਲੈ ਕੇ ਅੱਜ 2019 ਦਾ ਹਾਲੇ ਦੂਜਾ ਮਹੀਨਾ ਹੈ, ਪੰਜ ਵੱਡੇ ਹਾਦਸੇ ਹੋ ਗਏ। ਜ਼ੀਰੇ ਵਿੱਚ 11 ਮੌਤਾਂ ਹੋਈਆਂ। ਇਨ੍ਹਾਂ ਨੇ ਕਿਹਾ ਕਿ: न्यू दीप कंपनी की बस से होने वाले बडे. हादसे, ਉਨ੍ਹਾਂ ਨੇ ਪੰਜਾਂ ਦਾ ਵੇਰਵਾ ਦਿੱਤਾ ਹੈ ਕਿ ਕਿਵੇਂ ਚੋਟ ਮਾਰੀ ਅਤੇ ਕਿਵੇਂ ਪਿੱਛੋਂ ਪਟਕਾ ਦਿੱਤਾ? ਸਪੀਕਰ ਸਾਹਿਬ, ਮੈਨੂੰ ਇੱਕ ਕਾਂਡ ਯਾਦ ਆਉਂਦਾ ਹੈ ਜੋ ਕਿ ਮੋਗਾ ਵਿਖੇ ਹੋਇਆ ਸੀ। ਲੋਕ ਤਾਂ ਉਸ ਨੂੰ ਭੁੱਲ ਗਏ, ਲੋਕਾਂ ਦੀ ਯਾਦਾਸ਼ਤ ਬੜੀ ਘੱਟ ਹੈ। ਮੈਂ ਵੀ ਉਥੇ ਧਰਨੇ ਵਿੱਚ ਗਿਆ ਸੀ। ਇੱਕ ਅਰਸ਼ਦੀਪ ਨਾਂ ਦੀ ਲੜਕੀ ਜਦੋਂ ਬੱਸ ਵਿਚ ਚੜ੍ਹੀ ਤਾਂ ਉਸ ਦੇ ਨਾਲ ਬਦਸਲੂਕੀ ਕੀਤੀ, ਫਿਰ ਧੱਕਾ ਮਾਰਿਆ ਅਤੇ ਉਹ ਮਰ ਗਈ। ਉਸ ਦੇ ਮਾਂ ਪਿਉ ਰੋਂਦੇ ਗਏ। ਇਹ ਜਿਹੜੇ ਮੰਤਰੀ ਬੈਠੇ ਹਨ, ਇਨ੍ਹਾਂ ਵਿੱਚੋਂ ਅੱਧੇ ਮੰਤਰੀ ਉੱਥੇ ਬੈਠ ਕੇ ਆਏ, ਕੈਪਟਨ ਅਮਰਿੰਦਰ ਸਿੰਘ ਉੱਥੇ ਗਏ। ਪੰਜਾਬ ਵਿੱਚ ਲੋਕ ਬੱਸਾਂ ਜਲਾਉਣ ਲੱਗ ਪਏ। ਫਿਰ ਪੂਰੇ ਦੇਸ਼ ਭਰ ਵਿੱਚ ਕੈਂਡਲ ਮਾਰਚ ਹੋਇਆ, ਲੋਕਾਂ ਨੇ ਲੜਾਈ ਲੜੀ। ਸਪੀਕਰ ਸਾਹਿਬ, ਜਦੋਂ ਸਰਕਾਰ ਨੇ ਹੱਥ ਖੜ੍ਹੇ ਕਰ ਦਿੱਤੇ ਤਾਂ ਲੋਕਾਂ ਨੇ ਬੱਸਾਂ ਨੂੰ ਅੱਗ ਲਗਾਉਣੀ ਸ਼ੁਰੂ ਕਰ ਦਿੱਤੀ। ਫਿਰ ਉਸ ਦੀ ਧੀ ਦਾ 24 ਲੱਖ ਦਾ ਸੌਦਾ ਹੋਇਆ, ਫਿਰ 24 ਲੱਖ ਤੋਂ ਬਾਅਦ 30 ਲੱਖ ਦਾ ਸੌਦਾ ਹੋਇਆ। ਉਸ ਨੂੰ ਮਜਬੂਰ ਕੀਤਾ ਗਿਆ, ਕਈ ਅਫਸਰਾਂ ਨੇ ਮਜਬੂਰ ਕੀਤਾ ਕਿ ਤੁਸੀਂ ਸਮਝੌਤਾ ਕਰ ਲਉ, ਜੇ ਸਮਝੌਤਾ ਨਾ ਕੀਤਾ ਤਾਂ ਤੁਹਾਡੇ ਤੇ ਹੋਰ ਕਾਰਵਾਈ ਹੋਵੇਗੀ। ਫਿਰ ਸ਼ਾਮ ਨੂੰ, ਸਪੀਕਰ ਸਾਹਿਬ, ਇੱਕ ਮਿੰਟ...

**ਮਾਨਯੋਗ ਸਪੀਕਰ :** ਜ਼ੀਰੋ ਆਵਰ ਵਿੱਚ ਸਿਰਫ urgent and recent ਮੁੱਦਾ ਉਠਾਉਣਾ ਹੁੰਦਾ ਹੈ, ਜ਼ੀਰੋ ਆਵਰ ਵਿੱਚ ਕੇਵਲ urgent and recent ਮਸਲਾ ਹੋਵੇ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਇਸ ਤੋਂ ਜ਼ਰੂਰੀ ਕਿਹੜਾ ਹੋਵੇਗਾ?

**ਮਾਨਯੋਗ ਸਪੀਕਰ :** ਜ਼ਰੂਰ ਕਰੋ, urgent and recent ਮਸਲਾ ਹੋਵੇ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਰ, ਇਸ ਤੋਂ ਜ਼ਰੂਰੀ ਕਿਹੜਾ ਹੋਵੇਗਾ? ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਉਸ ਲੜਕੀ ਦਾ ਰਾਤ ਨੂੰ ਮੂੰਹ ਹਨੇਰੇ ਡਰ ਦੇ ਮਾਰੇ ਅੰਤਿਮ ਸਸਕਾਰ ਕੀਤਾ। ਮੇਰੀ ਸ਼੍ਰੀਮਤੀ ਅਰੁਨਾ ਚੌਧਰੀ ਜੀ ਨੂੰ ਬੇਨਤੀ ਹੈ ਕਿ ਉਦੋਂ ਡਰਾਈਵਰ ਉਤਾਰ ਦਿੱਤੇ ਸੀ, ਬੱਸਾਂ ਅੰਦਰ ਲਗਾ ਦਿੱਤੀਆਂ ਗਈਆਂ ਸਨ ਅਤੇ ਇਹ ਕਿਹਾ ਗਿਆ ਸੀ ਕਿ ਅਸੀਂ ਇਨ੍ਹਾਂ ਨੂੰ ਟਰੇਨਿੰਗ ਦੇਵਾਂਗੇ। ਸਾਰੀਆਂ ਟਰਾਂਸਪੋਰਟਾਂ ਵਿੱਚ ਡਰਾਈਵਰਾਂ, ਕੰਡਕਟਰਾਂ ਨੂੰ ਟਰੇਨਿੰਗ ਅੱਜ ਤੱਕ ਨਹੀਂ ਦਿੱਤੀ। ਅੱਜ ਤੱਕ ਇਸ ਤੇ ਕਾਨੂੰਨ ਨਹੀਂ ਬਣਿਆ। ਕੀ ਇਸ ਤਰ੍ਹਾਂ ਹੀ

ਗਰੀਬਾਂ ਦੀਆਂ ਧੀਆਂ ਭੈਣਾਂ ਦੇ ਸੌਦੇ ਹੁੰਦੇ ਰਹਿਣਗੇ? ਜੇ ਕਿਸੇ ਕੰਪਨੀ ਦੇ ਟਰਾਂਸਪੋਰਟਰ ਨੇ ਤਿੰਨ ਤੋਂ ਵੱਧ ਜਾਂ ਦੋ ਬੰਦੇ ਕੁਚਲ ਦਿੱਤੇ ਤਾਂ ਕੀ ਉਨ੍ਹਾਂ ਦੀ ਬੱਸ ਟਰਾਂਸਪੋਰਟ ਬੰਦ ਨਹੀਂ ਹੋ ਸਕਦੀ? ਕੀ ਉਨ੍ਹਾਂ ਦੇ ਤਮਾਮ ਪਰਮਿੱਟ ਕੈਂਸਲ ਨਹੀਂ ਹੋ ਸਕਦੇ? ਕੀ ਉਨ੍ਹਾਂ ਤੇ ਮੁਕੱਦਮਾ ਦਰਜ ਨਹੀਂ ਹੋ ਸਕਦਾ? ਕੀ ਇਸ ਤਰ੍ਹਾਂ ਹੀ ਉਹ ਕੁਚਲਦੇ ਰਹਿਣਗੇ ਅਤੇ 15 ਮਿੰਟਾਂ ਬਾਅਦ ਉਨ੍ਹਾਂ ਦੀ ਜ਼ਮਾਨਤ ਹੋ ਜਾਵੇਗੀ? ਕੀ 20 ਲੱਖ ਰੁਪਏ ਨਾਲ ਸੌਦਾ ਹੋਵੇਗਾ? ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਹ ਸਾਡੀ ਅਹਿਮ ਜ਼ਿੰਮੇਵਾਰੀ ਬਣਦੀ ਹੈ, ਐਫ.ਐਮ. ਸਾਹਿਬ, ਤੁਹਾਡੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਕੈਬਨਿਟ ਵਿੱਚ ਕਾਨੂੰਨ ਪਾਸ ਕਰੋ ਕਿ ਜਿਸ ਕੰਪਨੀ ਦੇ ਬੰਦੇ ਨੇ ਲੋਕ ਕੁਚਲ ਦਿੱਤੇ..

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਪਰਮਿੰਦਰ ਸਿੰਘ ਢੀਂਡਸਾ, ਸ਼੍ਰੀ ਪਵਨ ਕੁਮਾਰ ਟੀਨੂ ਅਤੇ ਸਰਦਾਰ ਸ਼ਰਨਜੀਤ ਸਿੰਘ ਢਿੱਲੋਂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ:** ਤੁਸੀਂ ਬੋਲ ਲੈਣਾ, ਬੋਲ ਲੈਣਾ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਉਨ੍ਹਾਂ ਦੇ ਤਹਿਤ ਕਾਨੂੰਨ ਬਣ ਕੇ ਉਹ ਕੰਪਨੀ ਸਾਰੀ ਬੰਦ ਹੋਣੀ ਚਾਹੀਦੀ ਹੈ, ਕੇਵਲ ਡਰਾਈਵਰ ਨਹੀਂ। ਇੱਕ ਗੁਨਾਹ, ਦੋ ਗੁਨਾਹ, ਤਿੰਨ ਗੁਨਾਹ, ਚਾਰ ਗੁਨਾਹ, ਕੀ ਇਸ ਤਰ੍ਹਾਂ ਹੀ ਦੇਖਦੇ ਰਹਾਂਗੇ? ਮੈਡਮ, ਅਰੁਨਾ ਚੌਧਰੀ ਜੀ, ਤੁਹਾਨੂੰ ਮੇਰੀ ਬੇਨਤੀ ਹੈ, ਤੁਸੀਂ ਬੜੇ ਹੋਣਹਾਰ ਮੰਤਰੀ ਹੋ। ਕਿਰਪਾ ਕਰਕੇ ਤੁਸੀਂ ਇਹ ਗੱਲ ਕਹਿ ਕੇ ਆਪਣਾ ਖਹਿੜਾ ਨਹੀਂ ਛੁਡਵਾ ਸਕਦੇ ਕਿ ਅਸੀਂ ਦੇਖਾਂਗੇ, ਬਣਾਵਾਂਗੇ। ਕਿਰਪਾ ਕਰਕੇ ਕਾਨੂੰਨ ਬਣਾਓ, ਨਹੀਂ ਤਾਂ ਬੇਸ਼ੱਕ ਸਰਕਾਰ ਵਿੱਚ ਰਹਿੰਦੇ ਹੋਏ ਸਾਨੂੰ ਇਸ ਦਾ ਵਿਰੋਧ ਕਰਨਾ ਪਵੇ ਤਾਂ ਅਸੀਂ ਕਰਾਂਗੇ। (ਥੰਪਿੰਗ) ਇਸ ਤਰ੍ਹਾਂ ਪੰਜਾਬ ਦੇ ਗਰੀਬਾਂ ਨੂੰ, ਲੋਕਾਂ ਨੂੰ ਕੁਚਲਣ ਨਹੀਂ ਦਿਆਂਗੇ। ਕਿਉਂਕਿ ਜ਼ਿੰਮੇਵਾਰੀ ਤਾਂ ਨਿਰਧਾਰਤ ਹੋਵੇ, ਲਾਇਸੈਂਸ ਬਣ ਜਾਂਦਾ ਹੈ, ਉਸ ਨੂੰ ਕੋਈ ਦੇਖਦਾ ਨਹੀਂ ਹੈ, ਫਿਰ ਤਿੰਨ ਸਾਲ ਬਾਅਦ ਰਿਨਿਊ ਕਰ ਦਿੱਤਾ ਜਾਂਦਾ ਹੈ। ਚਾਹੇ ਕੋਈ ਸ਼ਰਾਬੀ ਵੀ ਹੋਵੇ ਤਾਂ ਵੀ ਉਸ ਦਾ ਕੋਈ ਫਿਜ਼ੀਕਲ ਫਿੱਟਨੈੱਸ ਨਹੀਂ ਦੇਖਿਆ ਜਾਂਦਾ ਹੈ। ਜੇ ਸਾਡੀ ਸਰਕਾਰ ਵੀ ਇਸ ਤਰ੍ਹਾਂ ਹੀ ਕਰੇਗੀ ਤਾਂ ਕਿਸ ਤਰ੍ਹਾਂ ਕੰਮ ਚੱਲੇਗਾ? ਲੋਕਾਂ ਦਾ ਸਾਡੇ ਤੋਂ ਵਿਸ਼ਵਾਸ ਉਠ ਜਾਵੇਗਾ। ਸੋ, ਮੇਰੀ ਅਰੁਨਾ ਚੌਧਰੀ ਮੈਡਮ ਨੂੰ ਬੇਨਤੀ ਹੈ ਕਿ ਕਿਰਪਾ ਕਰਕੇ ਕਾਨੂੰਨ ਬਣਾਇਆ ਜਾਵੇ ਤੇ ਇਨ੍ਹਾਂ ਦੇ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ।(ਵਿਘਨ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਪਰਮਿੰਦਰ ਸਿੰਘ ਢੀਂਡਸਾ,

ਸ਼੍ਰੀ ਪਵਨ ਕੁਮਾਰ ਟੀਨੂ ਅਤੇ ਸਰਦਾਰ ਸ਼ਰਨਜੀਤ ਸਿੰਘ ਢਿੱਲੋਂ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ:** ਤੁਸੀਂ ਬੋਲ ਲੈਣਾ, ਸਾਰੇ ਬੋਲ ਲੈਣਾ, ਬੈਠੋ, ਬੋਲ ਲੈਣਾ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਇੱਕ ਬੱਸ ਤੋਂ 200 ਬੱਸ ਬਣਾਈ ਹੈ, ਇਹ ਗਿੱਦੜਬਾਹਾ ਹਲਕੇ ਦਾ ਬੰਦਾ ਹੈ। ਮੇਰੀ ਬੇਨਤੀ ਹੈ ਕਿ ਇਨ੍ਹਾਂ ਤੇ ਕਾਰਵਾਈ ਹੋਣੀ ਚਾਹੀਦੀ ਹੈ।

**ਮਾਨਯੋਗ ਸਪੀਕਰ:** ਤੁਹਾਡੀ ਗੱਲ ਆ ਗਈ ਹੈ। ਗੱਲ ਆ ਗਈ ਹੈ। (ਵਿਘਨ) ਮੰਤਰੀ ਜੀ ਦਾ ਜਵਾਬ ਲੈ ਲਈਏ। ਮੰਤਰੀ ਜੀ ਦਾ ਜਵਾਬ ਲੈ ਲਈਏ। (ਵਿਘਨ) ਬੋਲਣਗੇ ਜੀ, ਮੰਤਰੀ ਜੀ ਤੋਂ ਪਹਿਲਾਂ ਤਾਂ ਨਹੀਂ ਬੋਲਣਗੇ।

**ਟਰਾਂਸਪੋਰਟ ਮੰਤਰੀ (ਸ਼੍ਰੀਮਤੀ ਅਰੁਨਾ ਚੌਧਰੀ) :** ਸਪੀਕਰ ਸਾਹਿਬ, ਇਹ ਵਾਕਿਆ ਹੀ ਬਹੁਤ ਹੀ ਦੁਖਦਾਈ ਘਟਨਾ ਹੋਈ ਹੈ। ਮੈਂ ਇਨ੍ਹਾਂ ਦੀਆਂ ਭਾਵਨਾਵਾਂ ਨੂੰ ਸਮਝਦੀ ਹਾਂ । ਮੈਂ ਇਹ ਵੀ ਜਾਣਦੀ ਹਾਂ ਕਿ ਇਨ੍ਹਾਂ ਦੇ ਇਲਾਕੇ ਵਿੱਚ ਪਿਛਲੇ 12 ਸਾਲਾਂ ਤੋਂ ਕੋਈ ਵੀ ਸਰਕਾਰੀ ਬੱਸ ਨਹੀਂ ਚਲਦੀ ਸੀ ਕਿਉਂਕਿ ਜਿਹੜਾ ਇਨ੍ਹਾਂ ਦੇ ਹਲਕੇ ਦਾ ਟ੍ਰਾਂਸਪੋਰਟਰ ਹੈ, ਉਹ ਇਨ੍ਹਾਂ ਦਾ ਓਪੋਨੈਂਟ ਹੈ। (ਵਿਘਨ) ਇੱਕ ਮਿੰਟ। ਲੇਕਿਨ ਸਾਡੀ ਸਰਕਾਰ ਬਣਨ ਤੋਂ ਬਾਅਦ ਇਨ੍ਹਾਂ ਨੂੰ ਪੁੱਛ ਲਓ ਅਸੀਂ ਇਨ੍ਹਾਂ ਨੂੰ ਦੋ ਸਰਕਾਰੀ ਬੱਸਾਂ ਦਿੱਤੀਆਂ ਹਨ...

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਮੈਂ ਮੰਤਰੀ ਸਾਹਿਬ ਦਾ ਬਹੁਤ ਧੰਨਵਾਦੀ ਹਾਂ।

**ਟਰਾਂਸਪੋਰਟ ਮੰਤਰੀ :** ਇਸ ਤੋਂ ਬਾਅਦ ਜੇ ਇਹ ਹੋਰ ਵੀ ਡਿਮਾਂਡ ਕਰਨਗੇ ਤਾਂ ਅਸੀਂ ਹੋਰ ਵੀ ਬੱਸਾਂ ਉੱਥੇ ਚਲਾਵਾਂਗੇ। ਲੇਕਿਨ ਇਹ ਬੜੀ ਦੁਖਦਾਈ ਘਟਨਾ ਹੋਈ ਹੈ। ਇਸ ਉਤੇ ਪਹਿਲਾਂ ਵੀ ਕਾਨੂੰਨ ਬਣਿਆ ਹੋਇਆ ਹੈ ਉਸ ਨੂੰ ਸਿਰਫ ਥੋੜ੍ਹਾ fine tune ਕਰਨ ਦੀ ਲੋੜ ਹੈ, ਇਸ ਨੂੰ ਪ੍ਰਭਾਵੀ ਬਣਾਉਣ ਦੀ ਲੋੜ ਹੈ..

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਅਤੇ ਸਰਦਾਰ ਸ਼ਰਨਜੀਤ ਸਿੰਘ ਢਿੱਲੋਂ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ :** ਨਹੀਂ, ਬੋਲੋਗੇ, ਕੀ ਤੁਹਾਨੂੰ ਪਹਿਲਾਂ ਹੀ ਵਿੱਚੋਂ ਬੁਲਵਾ ਦੇਈਏ? ਤੁਸੀਂ ਬੈਠੋ।

**ਟਰਾਂਸਪੋਰਟ ਮੰਤਰੀ :** ਇਹ ਜਿਹੜੀ ਘਟਨਾ ਹੋਈ ਹੈ, ਉਸ ਦਾ ਸਾਰਿਆਂ ਨੂੰ ਬਹੁਤ ਅਫਸੋਸ ਹੈ। ਇਨ੍ਹਾਂ ਦੇ ਡਰਾਈਵਰਜ਼ ਲਈ ਜਲਦ ਹੀ ਕੋਈ ਰਿਫਰੈਸ਼ਿੰਗ ਕੋਰਸ ਜਾਂ ਇਸ ਤਰ੍ਹਾਂ ਦਾ ਕੋਈ ਉਪਰਾਲਾ ਜ਼ਰੂਰ ਕਰਾਂਗੇ ਤਾਂ ਕਿ ਇਸ ਤਰ੍ਹਾਂ ਦੀਆਂ ਮੰਦਭਾਗੀ ਘਟਨਾਵਾਂ ਦੁਬਾਰਾ ਨਾ ਹੋਣ।

**ਮਾਨਯੋਗ ਸਪੀਕਰ :** ਹਾਂ ਜੀ, ਰਾਜਾ ਸਾਹਿਬ। (ਵਿਘਨ) ਢਿੱਲੋਂ ਸਾਹਿਬ, ਤੁਹਾਨੂੰ ਟਾਈਮ ਦਿਆਂਗੇ, ਤੁਸੀਂ ਬੋਲ ਲੈਣਾ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਕੋਈ ਠੋਸ ਕਦਮ ਤੇ ਕਾਨੂੰਨ ਬਣਨਾ ਚਾਹੀਦਾ ਹੈ। ਸਾਡੇ ਹਲਕੇ ਵਿੱਚ ਕੋਈ ਸਰਕਾਰੀ ਬੱਸ ਨਹੀਂ ਚਲਦੀ ਸੀ। ਮੈਡਮ ਦੀ ਕਿਰਪਾ ਨਾਲ ਅੱਜ ਸਰਕਾਰੀ ਬੱਸਾਂ ਚੱਲਣ ਲੱਗੀਆਂ ਹਨ ਲੇਕਿਨ ਮੇਰੀ ਬੇਨਤੀ ਹੈ ਕਿ ਬੇਸ਼ੱਕ ਹੋਰ ਬੱਸਾਂ ਵੱਧ ਹੋ ਜਾਣ । ਸਪੀਕਰ ਸਾਹਿਬ, ਮੇਰੀ ਇਹ ਬੇਨਤੀ ਹੈ ਕਿ ਚਾਹੇ ਉਹ ਕੋਈ ਵੀ ਟ੍ਰਾਂਸਪੋਰਟਰ ਹੈ, ਜਿਸ ਨੇ ਕੋਈ ਇੱਕ, ਦੋ, ਤਿੰਨ ਵਾਰੀ ਗੁਨਾਹ ਕੀਤਾ ਹੋਵੇ, ਉਨ੍ਹਾਂ ਤੇ ਕੰਡੀਸ਼ਨ ਲਗਾ ਕੇ ਉਨ੍ਹਾਂ ਦੀ ਕੰਪਨੀ ਬੰਦ ਕਰਨੀ ਚਾਹੀਦੀ ਹੈ। ਸਪੀਕਰ ਸਾਹਿਬ, ਸਰਕਾਰ ਕੁਝ ਵੀ ਕਰ ਸਕਦੀ ਹੈ। ਸਰਕਾਰ ਕੈਬਨਿਟ ਵਿੱਚ ਕੁਝ ਵੀ ਫੈਸਲਾ ਲੈ ਸਕਦੀ ਹੈ। ਸਰਕਾਰ ਕੋਲ ਅਥਾਹ ਤਾਕਤ ਹੈ ਔਰ ਇਹ ਵੀ ਲੋਕਾਂ ਦੇ ਹਿੱਤ ਵਿੱਚ ਫੈਸਲਾ ਕਰ ਸਕਦੀ ਹੈ। ਅਗਰ ਸਰਕਾਰ ਤੇ ਕੈਬਨਿਟ ਇਹ ਫੈਸਲਾ ਲਵੇਗੀ ਤਾਂ ਮੈਡਮ, ਮੇਰੀ ਬੇਨਤੀ ਹੈ ਕਿ ਤੁਸੀਂ ਵੇਖੋਗੇ ਕਿ ਗਰੀਬ ਲੋਕ ਤੁਹਾਡੀਆਂ ਫੋਟੋਆਂ ਘਰਾਂ ਵਿੱਚ ਲਗਾ ਕੇ ਤੁਹਾਨੂੰ ਮੱਥਾ ਟੇਕਿਆ ਕਰਨਗੇ ਕਿ ਅੱਜ ਕੋਈ ਆਇਆ ਹੈ ਕਿ ਜਿਨ੍ਹਾਂ ਨੇ ਸਾਡੀ ਗੱਲ ਸੁਣੀ ਹੈ।

**ਮਾਨਯੋਗ ਸਪੀਕਰ :** ਹਾਂ ਜੀ, ਚੀਮਾ ਜੀ, ਚੀਮਾ ਜੀ।

(ਇਸ ਸਮੇਂ ਲੀਡਰ ਆਫ ਦਿ ਆਪੋਜ਼ੀਸ਼ਨ, ਸਰਦਾਰ ਹਰਪਾਲ ਸਿੰਘ ਚੀਮਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਤੇ ਸਰਦਾਰ ਸ਼ਰਨਜੀਤ ਸਿੰਘ ਢਿੱਲੋਂ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ :** ਢਿੱਲੋਂ ਸਾਹਿਬ, ਤੁਸੀਂ ਬੋਲੋਗੇ। ਬੈਠੋ ਵਡਾਲਾ ਜੀ, ਤੁਸੀਂ ਵੀ ਬੋਲੋਗੇ। ਤੁਸੀਂ ਬੋਲ ਲੈਣਾ। ਲੀਡਰ ਆਫ ਦਿ ਆਪੋਜ਼ੀਸ਼ਨ ਖੜ੍ਹੇ ਹਨ। (ਵਿਘਨ) ਇਹ ਜ਼ਰੂਰੀ ਨਹੀਂ ਹੈ। ਦੇਖੋ, ਜੇ ਲੀਡਰ ਆਫ ਦਿ ਆਪੋਜ਼ੀਸ਼ਨ ਖੜ੍ਹਨਗੇ ਤਾਂ ਲਾਜ਼ਮੀ ਇਨ੍ਹਾਂ ਨੂੰ ਇੰਪਾਰਟੈਂਸ ਦੇਣੀ ਪਵੇਗੀ। ਹਾਂ ਜੀ, ਚੀਮਾ ਜੀ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਸੁਪਰੀਮ ਕੋਰਟ ਦੀਆਂ ਆਈ.ਪੀ.ਸੀ. 304-ਏ ਤੇ no. of Judgements ਆਈਆਂ ਹਨ ਔਰ ਕਿਹਾ ਗਿਆ ਹੈ ਕਿ ਇਸ ਕਾਨੂੰਨ ਵਿੱਚ ਤਬਦੀਲੀ ਦੀ ਜ਼ਰੂਰਤ ਹੈ। ਕੀ ਸਾਡਾ ਹਾਊਸ, ਸਰਕਾਰ ਇਸ ਨੂੰ ਬਦਲੇਗੀ? ਕੀ ਧਾਰਾ 304-ਏ ਵਿੱਚ ਸੋਧ ਕਰੇਗੀ? ਸਪੀਕਰ ਸਾਹਿਬ, ਜਿਹੜੀ ਸਜ਼ਾ ਹੈ, ਉਹ ਹੁਣ ਦੋ ਸਾਲ ਹੁੰਦੀ ਹੈ। ਉਹ ਦਸ ਸਾਲ ਹੋ ਜਾਵੇ ਤਾਂ ਕਿ ਜਿਹੜੇ ਡਰਾਈਵਰ ਨੈਗਲੀਜੈਂਟ ਢੰਗ ਨਾਲ ਡਰਾਈਵਿੰਗ ਕਰਦੇ ਹਨ, ਉਨ੍ਹਾਂ ਨੂੰ ਸਬਕ ਮਿਲ ਸਕੇ। ਕਿਉਂਕਿ ਹੁਣ ਜਿਹੜੀ ਦੋ ਸਾਲ ਦੀ ਸਜ਼ਾ ਹੁੰਦੀ ਹੈ, ਉਹ ਛੇ ਮਹੀਨੇ ਜਾਂ ਸਾਲ ਬਾਅਦ ਬਾਹਰ ਆ ਜਾਂਦਾ ਹੈ। ਇਹ ਬਹੁਤ ਛੋਟੀ ਸਜ਼ਾ ਹੈ। ਘੱਟੋ-ਘੱਟ ਇਹ ਜਿਹੜੀ 304-ਏ ਹੈ, ਇਸ ਵਿੱਚ ਅਮੈਂਡਮੈਂਟ ਕਰਕੇ ਇਹ ਸਜ਼ਾ ਦਸ ਸਾਲ ਕੀਤੀ ਜਾਵੇ ਤਾਂ ਕਿ ਜਿਹੜੇ ਲੋਕ ਸ਼ਰਾਬ ਪੀ ਕੇ ਜਾਂ ਨਸ਼ੇ ਕਰਕੇ ਗੱਡੀਆਂ ਚਲਾਉਂਦੇ ਹਨ ਜਾਂ ਇਸ ਤਰ੍ਹਾਂ ਦੇ ਹਾਦਸੇ ਵਾਪਰਦੇ ਹਨ, ਉਹ ਨਾ ਵਾਪਰਨ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਸਪੀਕਰ ਸਾਹਿਬ, ਮੈਂ ਸਰਕਾਰ ਦੇ ਧਿਆਨ ਵਿੱਚ ਬਹੁਤ ਹੀ ਮਹੱਤਵਪੂਰਨ ਇਸ਼ੂ ਲਿਆਉਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਬੜੇ ਲੰਮੇ ਸਮੇਂ ਤੋਂ ਐਸ.ਸੀ./ਬੀ.ਸੀ. ਲੋਕਾਂ ਦੇ ਬਿਜਲੀ ਬਿਲ ਦੇ 200 ਯੂਨਿਟ ਮਾਫ ਸੀ। ਦੋ ਸਾਲ ਇਨ੍ਹਾਂ ਨੇ ਐਸ.ਸੀ. ਤੇ ਬੀ.ਸੀ. ਲੋਕਾਂ ਤੋਂ ਬਿਜਲੀ ਦੇ ਬਿਲ ਦੱਬ ਕੇ ਲਏ ਹਨ। ਉਨ੍ਹਾਂ ਗਰੀਬਾਂ ਦੇ 20-20 ਹਜ਼ਾਰ, 25-25 ਹਜ਼ਾਰ ਰੁਪਏ ਬਿਜਲੀ ਦੇ ਬਿਲ ਆਏ। ਹੁਣ ਇਨ੍ਹਾਂ ਨੇ ਕਹਿ ਦਿੱਤਾ ਕਿ ਅਸੀਂ ਹੁਣ ਉਸੇ ਤਰੀਕੇ ਨਾਲ ਸ਼ੁਰੂ ਕਰਾਂਗੇ ਲੇਕਿਨ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ 500 ਕਰੋੜ ਰੁਪਿਆ ਉਨ੍ਹਾਂ ਵਿਚਾਰਿਆਂ ਗਰੀਬਾਂ ਦੀ ਜੇਬ ਵਿੱਚੋਂ ਕਢਵਾ ਲਿਆ, ਕੀ ਉਹ ਵਾਪਸ ਕਰਨਗੇ? ਜਿੱਥੇ ਤਾਂ ਪ੍ਰਤੀ ਯੂਨਿਟ ਬਿਜਲੀ ਦੇ ਬਿਲ ਆ ਰਹੇ ਹਨ, ਉੱਥੇ ਇੱਕ ਫਿਕਸਡ ਚਾਰਜ ਲਗਾ ਦਿੱਤਾ। ਇਹ ਹੋਰ ਕਿਤੇ ਵੀ ਨਹੀਂ ਲੱਗਿਆ ਹੋਇਆ, ਵੈਸੇ ਮੈਂ ਤਾਂ ਉਸ ਨੂੰ ਸਲਿਊਟ ਕਰਦਾ ਹਾਂ ਜਿਸ ਅਫਸਰ ਨੇ ਬਿਲ ਲੈਣ ਲਈ ਇਸ ਤਰ੍ਹਾਂ ਦੀ ਪਲਾਨਿੰਗ ਬਣਾਈ ਹੈ। ਲੋਕਾਂ ਨੂੰ ਪਤਾ ਹੀ ਨਹੀਂ ਲੱਗਿਆ, ਪ੍ਰਤੀ ਯੂਨਿਟ ਵੀ ਲਈ ਜਾਂਦੇ ਹਨ ਅਤੇ ਨਾਲ ਦੀ ਨਾਲ ਫਿਕਸਡ ਚਾਰਜ ਵੀ ਲਈ ਜਾਂਦੇ ਹਨ, ਲੋਕਾਂ ਨੂੰ ਇਸ ਬਾਰੇ ਪਤਾ ਹੀ ਨਹੀਂ ਲੱਗਿਆ। ਇਸ ਤਰੀਕੇ ਨਾਲ ਲੋਕਾਂ ਨਾਲ ਧੱਕਾ ਨਾ ਕਰੋ। ਜਿਹੜੇ ਐਸ.ਸੀ. ਤੇ ਬੀ.ਸੀ. ਦੇ ਬਿਲ ਉਨ੍ਹਾਂ ਦੀਆਂ ਜੇਬਾਂ ਵਿੱਚੋਂ ਕਢਵਾਏ ਹਨ, ਉਹ ਵਾਪਸ ਲੈਣੇ ਚਾਹੀਦੇ ਹਨ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਧੰਨਵਾਦ, ਸਪੀਕਰ ਸਾਹਿਬ। ਸਪੀਕਰ ਸਾਹਿਬ, ਮੇਰਾ ਸਵਾਲ ਸਥਾਨਕ ਸਰਕਾਰ ਮੰਤਰੀ ਜੀ ਨਾਲ ਜੁੜਿਆ ਹੋਇਆ ਹੈ। ਸਪੀਕਰ ਸਾਹਿਬ, ਜਦੋਂ ਕੈਪਟਨ ਸਾਹਿਬ ਦੀ ਪਿਛਲੀ ਸਾਲ 2002 ਵਾਲੀ ਸਰਕਾਰ ਸੀ, ਉਸ ਸਮੇਂ ਸਰਕਾਰ ਨੇ ਜਿਹੜੇ ਛੋਟੇ ਤਬਕੇ ਵਾਲੇ ਗਰੀਬ ਹਨ, ਉਨ੍ਹਾਂ ਦੇ ਹਿੱਤ ਲਈ ਬੜਾ ਚੰਗਾ ਫੈਸਲਾ ਲਿਆ ਸੀ। ਮਿਤੀ 11.7.2000 ਨੂੰ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਕਿ 125 ਗਜ਼ ਤੋਂ ਘੱਟ ਗਜ਼ ਵਿੱਚ ਜਿਹੜੇ ਲੋਕ ਸ਼ਹਿਰਾਂ ਵਿੱਚ ਰਹਿ ਰਹੇ ਹਨ ਉਨ੍ਹਾਂ ਨੂੰ ਸੀਵਰੇਜ ਅਤੇ ਪਾਣੀ ਦਾ ਬਿਲ ਮੁਆਫ ਕੀਤਾ ਜਾਵੇਗਾ ਪਰ ਸਾਡੀ ਜਿਹੜੀ ਬਰਨਾਲੇ ਦੀ ਨਗਰ ਕੌਂਸਲ ਕਮੇਟੀ ਹੈ, ਉਸ ਨੇ ਮਿਤੀ 11.1.2013 ਨੂੰ ਇਕ ਮਤਾ ਪਾ ਕੇ, ਬਰਨਾਲੇ ਵਿੱਚ 5003 ਮਕਾਨ ਬਣਦੇ ਹਨ, ਉਨ੍ਹਾਂ ਨੂੰ ਬਿਲ ਲਾ ਦਿੱਤੇ। ਸਰ, ਅੱਜ ਵੀ ਬਹੁਤ ਸਾਰੀਆਂ ਕਮੇਟੀਆਂ ਵਿੱਚ, ਨਗਰ ਕੌਂਸਲਾਂ ਵਿੱਚ ਚਾਹੇ ਮਲੋਟ ਹੈ, ਚਾਹੇ ਕੋਟਕਪੂਰਾ ਹੈ, ਇਹ ਮਾਨਸਾ ਤੋਂ ਐਮ.ਐਲ.ਏ. ਸਾਹਿਬ ਬੈਠੇ ਹਨ, ਬਹੁਤ ਜਗ੍ਹਾ ਅੱਜ ਵੀ ਉਹ ਬਿਲ ਮੁਆਫ ਹਨ। ਸਰ, ਮੈਂ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀਆਂ ਕਮੇਟੀਆਂ ਵੀ ਪੰਜਾਬ ਅੰਡਰ ਹਨ, ਉੱਥੇ ਵੀ ਬਿਜਲੀ ਦੇ ਰੇਟ ਇੱਕ ਹਨ, ਪੰਜਾਬ ਦੀ ਇਕਾਨਮੀ ਇੱਕ ਹੈ, ਜਿਹੜੀ ਗਰੀਬਾਂ ਦੀ ਦਿਹਾੜੀ ਹੈ, ਉਹ ਵੀ ਇੱਕ ਹੈ, ਜਿਹੜੀ ਹੋਰ ਸਮੱਗਰੀ ਜਿਵੇਂ ਆਟਾ-ਦਾਲ ਸਭ ਦੇ ਰੇਟ ਇੱਕ ਹਨ ਪਰ ਬਰਨਾਲੇ ਦੇ ਗਰੀਬ ਲੋਕਾਂ ਨਾਲ ਇਹ ਵਿਤਕਰਾ ਨਾ ਕਰੋ। ਮੇਰੀ ਮੰਤਰੀ ਸਾਹਿਬ ਨੂੰ ਇਹ ਬੇਨਤੀ ਹੈ ਕਿ ਜਿਹੜੇ ਬਰਨਾਲੇ ਦੀ 125 ਗਜ਼ ਵਾਲੀ ਨੋਟੀਫਿਕੇਸ਼ਨ ਸਾਡੀ ਉਸ ਕਮੇਟੀ ਨੇ ਕੀਤੀ ਹੈ, ਉਸ ਨੂੰ ਰੱਦ ਕੀਤਾ ਜਾਵੇ, ਗਰੀਬਾਂ ਦੇ ਬਿਲ ਮੁਆਫ ਕੀਤੇ ਜਾਣ ਜਿਵੇਂ ਦੂਜੀਆਂ ਕਮੇਟੀ ਦੇ ਮਾਫ ਹਨ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਸੀ.ਐਮ. ਸਾਹਿਬ ਨਹੀਂ ਆਏ ਲੇਕਿਨ lots of Senior Ministers are sitting here. ਕਿਸਾਨੀ ਦੇ ਨਾਲ ਜੁੜਿਆ ਬਹੁਤ ਇੰਪਾਰਟੈਂਟ ਇਸ਼ੂ ਹੈ, ਕਿਸਾਨੀ ਦਾ ਬੜਾ ਨੁਕਸਾਨ ਹੋ ਰਿਹਾ ਹੈ। ਇਹ ਜਿਹੜੀ ਪਿਛਲੇ ਡੇਢ ਮਹੀਨੇ ਤੋਂ ਬਰਸਾਤ ਹੋ ਰਹੀ ਹੈ, ਆਪਾਂ ਇਸ ਨੂੰ ਕਹਿ ਸਕਦੇ ਹਾਂ this is unseasonal rain. ਇਨ੍ਹਾਂ ਦਿਨਾਂ ਵਿੱਚ ਮੌਸਮ ਬੜਾ ਖੁੱਲ੍ਹਾ ਹੁੰਦਾ ਸੀ। ਸੁਖ ਸਰਕਾਰੀਆ ਜੀ ਅਤੇ ਰਾਣਾ ਜੀ ਬੈਠੇ ਹਨ, ਜੋ ਇਸ ਖੇਤਰ ਵਿੱਚੋਂ ਆਉਂਦੇ ਹਨ। ਮੈਂ ਖਾਸ ਤੌਰ ਤੇ ਆਲੂਆਂ ਦੀ ਗੱਲ ਕਰਨ ਲੱਗਿਆ ਹਾਂ। ਪੰਜਾਬ ਵਿੱਚ ਇੱਕ ਲੱਖ ਹੈਕਟੇਅਰ ਤੇ ਆਲੂ ਲੱਗਦਾ ਹੈ, ਚਲੋ

ਹੁਣ ਸ਼ਾਇਦ ਏਰੀਆ ਵੱਧ ਵੀ ਸਕਦਾ ਹੈ ਤੇ ਇਹ ਬਹੁਤ capital intensify crop ਹੈ। ਇਨ੍ਹਾਂ ਨੇ ਪਿੱਛੇ ਜਿਹੇ ਬਿਆਨ ਦਿੱਤਾ ਸੀ ਕਿ ਸਰਕਾਰ ਵੱਲੋਂ ਅਸੀਂ ਗਿਰਦਾਵਰੀ ਕਰਵਾਉਣ ਜਾ ਰਹੇ ਹਾਂ, ਤੁਸੀਂ ਵੇਖਿਆ ਕਿ ਜਿੰਨੇ ਐਤਕੀਂ ਗੜ੍ਹੇ ਪਏ ਹਨ hailstorm ਹੋਈ ਹੈ ਜੀ। It was just like snow. ਜਿਵੇਂ ਬਰਫ ਪਈ ਹੈ, ਉਸ ਵਰਗੀ ਐਤਕੀਂ hailstorm ਹੋਈ ਹੈ। ਇਹ ਬੜੀ unprecedented ਹੋਈ ਹੈ, ਅਸੀਂ ਸਾਰਿਆਂ ਨੇ ਕਦੇ ਆਪਣੀ ਜ਼ਿੰਦਗੀ ਵਿੱਚ ਇਸ ਤਰ੍ਹਾਂ ਨਹੀਂ ਵੇਖਿਆ। The fact was ਕਿ ਜਿਹੜੀ low lying ਏਰੀਆ ਵਿੱਚ ਕਣਕ ਸੀ, ਉਹ ਵੀ ਡੈਮੇਜ ਹੋਈ ਹੈ। ਲੇਕਿਨ ਸਪੀਕਰ ਸਾਹਿਬ, ਜਿੱਥੇ ਪੰਜਾਬ ਵਿੱਚ ਆਲੂ ਲੱਗਦੇ ਹਨ, ਤਕਰੀਬਨ ਆਲੂਆਂ ਦੀ 50% ਕਰਾਪ has been washed out, 50% ਕਰਾਪ ਡੈਮੇਜ ਹੋ ਗਈ। ਜਿਹੜੇ ਲੇਟ ਸਨ, ਉਹ ਪਾਣੀ ਦੀ ਮਾਰ ਹੇਠ ਆ ਗਏ। ਜਿਹੜੇ ਕਿਸਾਨ ਆਲੂ ਪੁੱਟ ਰਹੇ ਹਨ ਅਤੇ ਪੁੱਟ ਕੇ ਮੰਡੀ ਲੈ ਕੇ ਜਾਂਦੇ ਹਨ, ਉਹ ਆਲੂ 1-2 ਦਿਨ ਬਾਅਦ ਗਲ ਜਾਂਦੇ ਹਨ, ਢੇਰੀਆਂ ਲਗਾਉਂਦੇ ਹਨ। ਸਪੀਕਰ ਸਾਹਿਬ, ਇੱਕ ਏਕੜ ਨੂੰ ਪਾਲਣ ਵਾਸਤੇ 60-70 ਹਜ਼ਾਰ ਰੁਪਿਆ ਕਿਸਾਨਾਂ ਦਾ ਲੱਗਦਾ ਹੈ। ਬੜੀ ਵਾਰ ਇਸ ਇਸ਼ੂ ਦਾ ਹਾਊਸ ਵਿੱਚ ਜ਼ਿਕਰ ਹੋਇਆ ਹੈ। ਸੀ.ਐਮ. ਸਾਹਿਬ ਨੇ ਵੀ ਕਿਹਾ, ਐਫ.ਐਮ. ਸਾਹਿਬ ਨੇ ਵੀ ਕਿਹਾ ਕਿ ਅਸੀਂ ਇੱਕ ਵਿਲੇਜ ਅਡਾਪਟ ਕਰਕੇ ਆਲੂਆਂ ਦਾ ਸਪੈਸ਼ਲ ਕੰਪੇਨ ਬਣਾਉਣ ਜਾ ਰਹੇ ਹਾਂ। ਲੇਕਿਨ ਸਿਚੂਏਸ਼ਨ ਇੰਨੀ ਗਰੇਵ ਹੈ ਕਿ ਸੁੱਖ ਸਰਕਾਰੀਆ ਜੀ, ਤੁਹਾਡੇ ਕੋਲ ਮਹਿਕਮਾ ਹੈ। ਰਾਣਾ ਜੀ, ਆਪਾਂ ਨੂੰ ਜ਼ਰੂਰ ਗੱਲ ਕਰਨੀ ਚਾਹੀਦੀ ਹੈ ਕਿ ਸ਼ਾਇਦ ਅਗਲੀ ਕਰਾਪ ਲਾਉਣ ਵਾਸਤੇ ਸੀਡ ਵੀ ਨਾ ਬਚੇ, ਇੰਨਾ ਡਿਸਟਰੈਸ ਹੈ, ਫਾਰਮਰਜ਼ ਇਸ ਵੇਲੇ ਇੰਨੇ ਮਾੜੇ ਹਾਲਾਤ ਵਿਚੋਂ ਨਿਕਲ ਰਹੇ ਹਨ। ਇਸ ਦੇ ਨਾਲ ਹੀ ਜਿੱਥੇ ਪ੍ਰਾਈਸ ਵੀ ਨਹੀਂ ਮਿਲੀ, ਤਕਰੀਬਨ ਪਿਛਲੇ ਕਈ ਸਾਲਾਂ ਤੋਂ ਆਲੂ ਦੀ ਪ੍ਰਾਈਸ ਕਰੈਸ਼ ਕਰ ਗਈ ਹੈ। ਕਿਸਾਨਾਂ ਨੇ ਬਹੁਤ ਜ਼ਿਆਦਾ suffer ਕੀਤਾ। ਕਿਸਾਨਾਂ ਦੀ ਖੁਦਕੁਸ਼ੀ ਦੀ ਗੱਲ ਵੀ, it is a very important issue. ਸਪੀਕਰ ਸਾਹਿਬ, ਜਿਹੜੇ ਕਿਸਾਨ 4-4, 5-5 ਲੱਖ ਦੇ ਕਿਸਾਨ ਕਰਜ਼ਈ ਹੁੰਦੇ ਹਨ, ਉਹ ਵੀ ਕਈ ਵਾਰ ਆਪਣੀ ਜਾਨ ਦੇ ਦਿੰਦੇ ਹਨ। ਸਪੀਕਰ ਸਾਹਿਬ, ਜਿਹੜੇ ਆਲੂਆਂ ਵਾਲੇ ਕਿਸਾਨ ਹਨ, ਉਨ੍ਹਾਂ ਦੀਆਂ ਪੰਜਾਹ ਲੱਖ, ਇੱਕ ਕਰੋੜ, ਦੋ ਕਰੋੜ ਜਾਂ ਵੱਧ ਦੀਆਂ ਲਿਮਟਸ ਹਨ ਕਿਉਂਕਿ ਆਲੂਆਂ ਨੂੰ ਕਲਟੀਵੇਟ ਕਰਨ ਲਈ ਬਹੁਤ ਜ਼ਿਆਦਾ ਕੈਪੀਟਲ ਚਾਹੀਦਾ ਹੈ। ਇਸ ਲਈ ਸਰਕਾਰ ਨੂੰ ਬੇਨਤੀ ਹੈ ਕਿ ਇਸ ਦਾ ਜ਼ਰੂਰ ਸਰਵੇ ਕਰਵਾਇਆ ਜਾਵੇ, ਇਸ ਦਾ ਅੰਦਾਜ਼ਾ ਲਗਾਇਆ ਜਾਵੇ। ਗਿਰਦਾਵਰੀ

[ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ]

ਕਰਵਾਉਣੀ ਹੈ ਤਾਂ ਗਿਰਦਾਵਰੀ ਕਰਵਾਓ। ਘੱਟੋ-ਘੱਟ ਪੰਜਾਬ ਦੇ ਕਿਸਾਨਾਂ ਨੂੰ ਥੋੜ੍ਹਾ-ਬਹੁਤਾ ਢਾਰਸ ਮਿਲੇ ਕਿ ਉਨ੍ਹਾਂ ਲਈ ਸਰਕਾਰ ਵੀ ਕੁਝ ਕਰਨ ਜਾ ਰਹੀ ਹੈ। ਆਪਾਂ ਦੇ ਸਕਦੇ ਹਾਂ ਜਾਂ ਨਹੀਂ ਦੇ ਸਕਦੇ, ਇਹ ਇੱਕ ਵੱਖਰਾ ਇਸ਼ੂ ਹੈ। ਆਪਾਂ ਨੂੰ ਥੋੜ੍ਹਾ-ਬਹੁਤਾ ਡੈਮੇਜ ਬਾਰੇ ਤਾਂ ਪਤਾ ਲੱਗੇ ਕਿ ਏਨਾ ਡੈਮੇਜ ਹੋ ਗਿਆ ਹੈ। ਇਸ ਦੇ ਨਾਲ ਨਾਲ ਸਰਕਾਰ ਨੇ ਜਿਹੜੀ ਗਿਰਦਾਵਰੀ ਦੀ ਗੱਲ ਕਹੀ ਹੈ, ਜਿੰਨਾ ਕੁ ਆਪਾਂ ਦੇ ਸਕਦੇ ਹਾਂ, ਉਹ ਜ਼ਰੂਰ ਦੇਣਾ ਚਾਹੀਦਾ ਹੈ। ਕਣਕ ਵਾਲਿਆਂ ਨੂੰ ਵੀ ਮੁਆਵਜ਼ਾ ਦਿਓ ਔਰ ਆਲੂਆਂ ਵਾਲਿਆਂ ਨੂੰ ਜ਼ਰੂਰ ਦਿਓ, ਜਿੰਨਾ ਵੀ ਮੁਆਵਜ਼ਾ ਆਪਾਂ ਦੇ ਸਕਦੇ ਹਾਂ। ਇੱਕ ਗੱਲ ਹੋਰ ਵੀ ਹੈ ਕਿ ਇਸ ਨਾਲ ਸੀਡ ਦਾ ਪ੍ਰਬੰਧ ਵੀ ਕਰਕੇ ਦੇਣਾ ਪਵੇਗਾ। ਸਰਕਾਰੀਆ ਜੀ, ਕਿਉਂਕਿ ਸੀਡ ਸਾਰਾ ਡੈਮੇਜ ਹੋ ਜਾਣਾ ਹੈ । ਅਗਲਾ ਜਿਹੜਾ ਬਹੁਤ ਵੱਡਾ ਫਿਕਰ ਹੈ, ਉਹ ਪੰਜਾਬ ਦੇ ਆਲੂਆਂ ਦੇ ਕਿਸਾਨਾਂ ਦਾ ਹੈ। ਇੱਥੇ ਸਿੱਕੀ ਜੀ ਵੀ ਬੈਠੇ ਹਨ, ਉਹ ਵੀ ਬਹੁਤ ਵੱਡੇ ਆਲੂ ਗਰੋਅਰ ਹਨ। ਲੇਕਿਨ ਇਹ ਜਿਹੜਾ ਆਲੂ ਹੈ, ਉਹ ਵੈਸਟ ਬੰਗਾਲ, ਉੱਤਰ ਪ੍ਰਦੇਸ਼, ਗੁਜਰਾਤ ਜਾਂ ਮਹਾਰਾਸ਼ਟਰ ਤੋਂ ਆ ਕੇ ਪੰਜਾਬ ਦੇ ਸਟੋਰਾਂ ਵਿੱਚ ਸਟੋਰ ਹੋਣਾ ਹੈ। ਉਨ੍ਹਾਂ ਨੇ ਪੈਸੇ ਵੱਟਣੇ ਹਨ। ਲੇਕਿਨ ਉਹ ਟੋਟਲੀ ਅਣਪਿਓਰ ਸੀਡ ਹੋਵੇਗਾ। ਸਿੱਕੀ ਜੀ ਬੈਠੇ ਹਨ, ਉਨ੍ਹਾਂ ਨੂੰ ਪਤਾ ਹੈ। ਪੰਜਾਬ ਦਾ ਇਸ ਨਾਲ ਬਹੁਤ ਨੁਕਸਾਨ ਹੋਵੇਗਾ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਰਫਤ ਸਰਕਾਰ ਨੂੰ, ਸਾਰੇ ਮੰਤਰੀ ਸਾਹਿਬਾਨਾਂ ਨੂੰ, ਵਿਸ਼ੇਸ਼ ਤੌਰ ਤੇ ਸਰਕਾਰੀਆ ਜੀ ਨੂੰ ਬੇਨਤੀ ਕਰਦਾ ਹਾਂ ਕਿ ਕਮ-ਜ਼-ਕਮ ਆਪਾਂ ਆਲੂਆਂ ਵਾਲੇ ਕਿਸਾਨਾਂ ਨੂੰ ਮੁਆਵਜ਼ਾ ਦੇਣ ਦਾ ਜ਼ਰੂਰ ਐਲਾਨ ਕਰੀਏ ਜਾਂ ਉਨ੍ਹਾਂ ਦੀ ਬਾਂਹ ਫੜੀਏ।

**ਮਾਨਯੋਗ ਸਪੀਕਰ:** ਇੱਕ ਸੈਕਿੰਡ ਵਡਾਲਾ ਜੀ, ਮੈਂ ਸਾਰੇ ਹੀ ਸਤਿਕਾਰਤ ਮੈਂਬਰ ਸਾਹਿਬ ਨੂੰ ਰਿਕੁਐਸਟ ਕਰਦਾ ਹਾਂ ਕਿ ਅੱਜ ਨਾਨ-ਆਫੀਸ਼ੀਅਲ ਡੇਅ ਹੈ। ਖੁੱਲ੍ਹਾ ਟਾਈਮ ਹੈ।ਸਭ ਨੂੰ ਮਿਲੇਗਾ।ਜ਼ਰਾ ਅਰਾਮ ਨਾਲ ਬੈਠੋ, ਸਾਰਿਆਂ ਨੇ ਵਾਰੀ-ਵਾਰੀ ਸਿਰ ਬੋਲ ਲੈਣਾ।ਹਾਂ ਜੀ, ਵਡਾਲਾ ਜੀ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਉਨ੍ਹਾਂ ਕਿਸਾਨਾਂ ਨੂੰ ਕਮ-ਜ਼-ਕਮ ਆਪਾਂ 50% ਦੇਈਏ, 60% ਦੇਈਏ, 40%, 30% ਦੇਈਏ। ਉਨ੍ਹਾਂ ਕਿਸਾਨਾਂ ਦੀ ਕੁਝ ਨਾ ਕੁਝ ਜ਼ਰੂਰ ਬਾਂਹ ਫੜੀਏ। ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ। ਸਪੀਕਰ ਸਾਹਿਬ, ਮੈਂ ਪੁਲਵਾਮਾ ਦੇ ਅਟੈਕ ਤੋਂ ਬਾਅਦ ਸਾਡੇ ਪੰਜਾਬ ਦੇ ਵਿੱਚ ਪੜ੍ਹਦੇ ਵਿਦਿਆਰਥੀਆਂ ਵੱਲ ਧਿਆਨ ਦਿਵਾਉਣਾ ਚਾਹੁੰਦੀ ਹਾਂ ਕਿ ਕੁਝ ਵਿਦਿਆਰਥੀ ਬਾਹਰਲੀਆਂ ਸਟੇਟਸ ਤੋਂ ਇਥੇ ਆਏ ਹੋਏ ਹਨ, ਕੁਝ ਵਿਦਿਆਰਥੀ ਸਾਡੀ ਸਟੇਟ ਤੋਂ ਬਾਹਰ ਗਏ ਹੋਏ ਹਨ। ਜਿਹੜੇ ਸਾਡੇ ਪੰਜਾਬ ਤੋਂ ਬਾਹਰ ਵਿਦਿਆਰਥੀ ਪੜ੍ਹ ਰਹੇ ਹਨ, ਉਨ੍ਹਾਂ ਵਿੱਚ ਡਰ ਦਾ ਮਾਹੌਲ ਬਣਿਆ ਹੋਇਆ ਹੈ ਕਿ ਪਤਾ ਨਹੀਂ ਹੁਣ ਸਾਡੇ ਨਾਲ ਕੀ ਬਣੇਗਾ। ਇਸੇ ਤਰ੍ਹਾਂ ਜਿਹੜੇ ਉਧਰਲੇ ਵਿਦਿਆਰਥੀ ਸਾਡੇ ਇਥੇ ਪੱਕੇ ਵਸਨੀਕ ਹੋ ਚੁੱਕੇ ਹਨ, ਇੱਥੇ ਹੀ ਰਹਿ ਰਹੇ ਹਨ, ਉਨ੍ਹਾਂ ਨੂੰ ਵੀ ਤਰ੍ਹਾਂ-ਤਰ੍ਹਾਂ ਦੀ ਹਰਾਸਮੈਂਟ ਦਾ ਸਾਹਮਣਾ ਕਰਨਾ ਪੈਂਦਾ ਹੈ। ਸਪੀਕਰ ਸਾਹਿਬ, ਇੱਕ ਤਾਂ ਇਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਤਾਂ ਹੈ ਹੀ ਪਰੰਤੂ ਸਭ ਤੋਂ ਪਹਿਲਾਂ ਮੈਂ ਇਸ ਗੱਲ ਤੇ ਜ਼ਰੂਰ ਜ਼ੋਰ ਦੇਣਾ ਚਾਹਾਂਗੀ ਕਿ ਪ੍ਰਾਈਵੇਟ ਕਾਲਜਾਂ ਦੀ ਤਾਦਾਦ ਵਧਣ ਕਾਰਨ ਕਿਸੇ ਨੂੰ ਵੀ ਐਡਮਿਸ਼ਨ ਦੇਣ ਸਮੇਂ ਉਨ੍ਹਾਂ ਦੀ ਪਰਾਪਰ ਵੈਰੀਫਿਕੇਸ਼ਨ ਨਹੀਂ ਹੋ ਰਹੀ ਹੈ, ਜਿਵੇਂ ਕਿ ਪਿੱਛੇ ਜਿਹੇ ਸਿਟੀ ਯੂਨੀਵਰਸਿਟੀ ਵਿੱਚੋਂ ਦੋ ਵਿਦਿਆਰਥੀ ਫੜੇ ਗਏ, ਲੋਕੇਟ ਕੀਤੇ। ਬੇਸ਼ੱਕ ਪੁਲਿਸ ਪ੍ਰਸ਼ਾਸਨ ਨੇ ਆਪਣੀ ਮੁਸਤੈਦੀ ਦੇ ਨਾਲ ਉਨ੍ਹਾਂ ਦੀ ਜਾਂਚ ਕੀਤੀ, ਉਨ੍ਹਾਂ ਨੂੰ ਫੜਿਆ ਅਤੇ ਕਿਸੇ ਵੱਡੇ ਹਾਦਸੇ ਨੂੰ ਹੋਣ ਤੋਂ ਰੋਕ ਲਿਆ। ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਜਦੋਂ ਕੋਈ ਬੱਚਾ ਕਾਲਜ ਵਿੱਚ ਐਡਮਿਸ਼ਨ ਲੈਂਦਾ ਹੈ, ਉਸ ਦੀ ਸਮੇਂ-ਸਮੇਂ ਤੇ ਪਰਾਪਰ ਵੈਰੀਫਿਕੇਸ਼ਨ ਹੋਵੇ, ਚੈਕਿੰਗ ਹੋਵੇ ਤਾਂ ਕਿ ਜਿਸ ਮੁਹੱਲੇ ਵਿੱਚ ਉਹ ਬੱਚਾ ਰਹਿ ਕੇ ਪੜ੍ਹ ਰਿਹਾ ਹੈ, ਕਾਲਜ ਵਿੱਚ ਪੜ੍ਹ ਰਿਹਾ ਹੈ, ਉਸ ਬਾਰੇ ਸਾਰਾ ਕੁਝ ਪਤਾ ਹੋਵੇ। ਸਪੀਕਰ ਸਾਹਿਬ, ਇਹ ਇਸ ਲਈ ਹੋ ਰਿਹਾ ਹੈ ਕਿਉਂਕਿ ਬੱਚਿਆਂ ਦੀ ਕਾਲਜ ਵਿੱਚ ਪਰਾਪਰ ਵੈਰੀਫਿਕੇਸ਼ਨ ਨਹੀਂ ਹੁੰਦੀ। ਸਾਡੇ ਅਧਿਆਪਕਾਂ ਵੱਲੋਂ ਆਪਣੇ ਹੀ ਕੰਮਾਂ ਵਿੱਚ ਉਲਝੇ ਹੋਣ ਕਾਰਨ, ਇਹ ਧਿਆਨ ਨਹੀਂ ਦਿੱਤਾ ਜਾਂਦਾ। ਸਪੀਕਰ ਸਾਹਿਬ, ਏਡਿਡ ਸਕੂਲਾਂ, ਏਡਿਡ ਕਾਲਜਾਂ ਵਿੱਚ ਦੋ ਲੱਖ ਤੋਂ ਵੱਧ ਵਿਦਿਆਰਥੀ ਪੜ੍ਹ ਰਹੇ ਹਨ। ਪਿਛਲੀ ਅਕਾਲੀ ਭਾਜਪਾ ਸਰਕਾਰ ਵੱਲੋਂ ਏਡਿਡ ਕਾਲਜਾਂ ਦੇ ਅਧਿਆਪਕਾਂ ਦੀ ਭਰਤੀ ਤੇ ਸਾਲ 2005 ਤੋਂ 2014 ਤੱਕ ਰੋਕ ਲਗਾ ਦਿੱਤੀ ਗਈ, ਜਿਸ ਕਾਰਨ ਉਹ ਅਧਿਆਪਕ ਆਪਣੀ ਤਨਖਾਹ ਦੇ ਚੱਕਰ ਵਿੱਚ, ਆਪਣੀ ਭਰਤੀ ਦੇ ਚੱਕਰ ਵਿੱਚ ਉਲਝੇ ਰਹੇ, ਉਨ੍ਹਾਂ ਨੇ ਜਿੰਨਾ ਵਿਦਿਆਰਥੀਆਂ ਵੱਲ ਧਿਆਨ ਦਿੱਤਾ, ਉਸ ਦੇ ਨਾਲ-ਨਾਲ ਆਪਣੀ ਰੋਜ਼ੀ ਰੋਟੀ ਨੂੰ ਵਧਾਉਣ ਵੱਲ ਵੀ ਧਿਆਨ ਦਿੱਤਾ। ਉਸ ਤੋਂ ਬਾਅਦ ਮਾਨਯੋਗ ਹਾਈ ਕੋਰਟ ਨੇ ਇਨ੍ਹਾਂ ਨਿਯਮਾਂ

[ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ]

ਦੇ ਤਹਿਤ ਉਨ੍ਹਾਂ ਦੀ ਸ਼ਰਤ ਤਾਂ ਖੋਲ੍ਹ ਦਿੱਤੀ। ਸਰ, ਉਨ੍ਹਾਂ ਨੂੰ ਪੰਜਾਬ ਸਿਵਲ ਸਰਵਿਸਿਜ਼ ਰੂਲਜ਼ ਦੇ ਮੁਤਾਬਿਕ ਤਿੰਨ ਸਾਲ ਅੱਠ ਮਹੀਨੇ ਪੱਕੇ ਹੋਇਆਂ ਨੂੰ ਹੋ ਗਏ ਹਨ। ਉਹ 21600/- ਰੁਪਏ ਬੇਸਿਕ ਤਨਖਾਹ ਤੇ ਕੰਮ ਕਰ ਰਹੇ ਹਨ। ਸਪੀਕਰ ਸਾਹਿਬ, ਮੈਂ ਕਹਿਣਾ ਚਾਹਾਂਗੀ ਕਿ ਜਿਹੜੇ ਏਡਿਡ ਕਾਲਜਿਜ਼ ਦੇ ਪ੍ਰੋਫੈਸਰ ਹਨ, ਯੂ.ਜੀ.ਸੀ. ਕਲੀਅਰ, ਨੈੱਟ ਕਲੀਅਰ, ਐਮ.ਫਿਲ, ਪੀ.ਐਚ.ਡੀ. ਕੀਤੇ ਹੋਏ ਅਧਿਆਪਕ ਜੇਕਰ 21600/- ਰੁਪਏ ਤਨਖਾਹ ਦੇ ਨਾਲ ਆਪਣਾ ਗੁਜ਼ਾਰਾ ਦੇਖਣਗੇ ਤਾਂ ਉਹ ਕਾਲਜ ਦੇ ਵਿੱਚ ਅਟੈਨਸ਼ਨ ਕਿਵੇਂ ਕਰਨਗੇ? ਸਾਡੇ ਬੱਚਿਆਂ ਦੇ ਵਿੱਚ ਅਸ਼ਾਂਤੀ ਦਾ ਮਾਹੌਲ ਬਣਦਾ ਹੈ, ਇਨਸਕਿਉਰਿਟੀ ਦਾ ਮਾਹੌਲ ਬਣਦਾ ਹੈ। ਉਹ ਸਿਰਫ ਇਸ ਕਰਕੇ ਬਣਦਾ ਹੈ ਕਿ ਅਸੀਂ ਆਪਣੇ ਟੀਚਰਜ਼ ਨੂੰ ਪਰਾਪਰ ਸਕਿਓਰ ਨਹੀਂ ਕਰ ਪਾਏ ਹਾਂ, ਜਿਸ ਕਰਕੇ ਸਾਡੇ ਬੱਚੇ ਅਸ਼ਾਂਤੀ ਵਿੱਚ ਰਹਿ ਰਹੇ ਹਨ ਔਰ ਦੂਸਰੇ ਬੱਚੇ ਆ ਕੇ ਉਨ੍ਹਾਂ ਦਾ ਨਾਜਾਇਜ਼ ਫਾਇਦਾ ਉਠਾਉਂਦੇ ਹਨ। ਮੈਂ ਸਦਨ ਨੂੰ ਇੱਕੋ ਹੀ ਬੇਨਤੀ ਕਰਾਂਗੀ ਕਿ ਸਾਡੇ ਬੱਚੇ ਜਿਹੜੇ ਬਾਹਰ ਪੜ੍ਹ ਰਹੇ ਹਨ, ਉਨ੍ਹਾਂ ਨੂੰ ਵੀ ਲੱਗੇ ਕਿ ਸਾਡੀ ਸਰਕਾਰ ਪਿੱਛੇ ਖੜ੍ਹੀ ਹੈ ਔਰ ਜਿਹੜੇ ਬੱਚੇ ਇੱਥੇ ਪੜ੍ਹ ਰਹੇ ਹਨ, ਗਲਤ ਅਨਸਰ ਹੋ ਸਕਦੇ ਹਨ, ਗਲਤ ਐਡਮਿਸ਼ਨਾਂ ਵੀ ਹੋਈਆਂ ਹੋਣਗੀਆਂ, ਕਿਉਂਕਿ ਸ਼ਰਾਰਤੀ ਅਨਸਰ ਨੇ ਆਪਣੀ ਚਾਲ ਚੱਲਣ ਲਈ ਕਿਸੇ ਨਾ ਕਿਸੇ ਤਰੀਕੇ ਆਉਣਾ ਹੁੰਦਾ ਹੈ। ਸਪੀਕਰ ਸਾਹਿਬ, ਇਹ ਸਾਡਾ ਫਰਜ਼ ਹੈ ਕਿ ਅਸੀਂ ਕਿਤੇ ਕਣਕ ਦੇ ਨਾਲ ਘੁਣ ਨਾ ਪੀਸ ਦੇਈਏ। ਧੰਨਵਾਦ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੇਰੀ ਤੁਹਾਡੇ ਕੋਲ ਇੱਕ ਬੇਨਤੀ ਹੈ ਕਿ ਹੁਣੇ ਇੱਕ ਬਾਹਰ ਠੇਕਾ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਦੇ ਬੜੀ ਵੱਡੀ ਗਿਣਤੀ ਵਿਚ ਨੌਜਵਾਨ ਮੰਗ ਪੱਤਰ ਲੈ ਕੇ ਇੱਥੇ ਚੰਡੀਗੜ੍ਹ ਆ ਰਹੇ ਸੀ ਜਿਨ੍ਹਾਂ ਨਾਲ ਕਾਂਗਰਸ ਪਾਰਟੀ ਨੇ ਆਪਣੇ 2017 ਦੇ ਚੋਣ ਮੈਨੀਫੈਸਟੋ ਪੱਤਰ ਵਿਚ ਇਹ ਵਾਅਦਾ ਕੀਤਾ ਸੀ ਕਿ ਸਾਡੀ ਸਰਕਾਰ ਬਣਦੇ ਸਾਰ ਪਹਿਲੀ ਕੈਬਨਿਟ ਵਿਚ ਹੀ ਉਨ੍ਹਾਂ contractual ਇੰਪਲਾਇਜ਼ ਨੂੰ ਪੱਕਾ ਕਰ ਦਿੱਤਾ ਜਾਵੇਗਾ। ਅੱਜ ਉਨ੍ਹਾਂ ਨੇ ਮੁੜ ਆਪਣਾ ਮੰਗ ਪੱਤਰ ਤੁਹਾਡੇ ਕੋਲ ਭੇਜਣ ਨੂੰ ਕਿਹਾ ਹੈ ਕਿ ਇਹ ਅੱਗੇ ਪਹੁੰਚ ਜਾਵੇ। ਸਪੀਕਰ ਸਾਹਿਬ, ਉਨ੍ਹਾਂ ਦੀ ਮਿਤੀ 14 ਮਾਰਚ, 2017 ਨੂੰ ਕੈਪਟਨ ਸੰਦੀਪ ਸਿੰਘ ਸੰਧੂ ਨਾਲ ਮੀਟਿੰਗ ਹੋਈ। ਮਿਤੀ 9 ਮਈ, 2017 ਨੂੰ ਮੁੱਖ ਸਕੱਤਰ ਸਾਹਿਬ ਨਾਲ ਮੀਟਿੰਗ ਹੋਈ, ਮਿਤੀ 20 ਜੂਨ, 2017 ਨੂੰ ਸ਼੍ਰੀ ਜਗਦੀਪ ਸਿੱਧੂ ਨਾਲ ਮੀਟਿੰਗ ਹੋਈ, ਮਿਤੀ 22 ਜੂਨ, 2017 ਨੂੰ ਕੈਪਟਨ ਸਾਹਿਬ ਦੇ ਓ.ਐਸ.ਡੀ. ਸ਼੍ਰੀ ਐਮ.ਪੀ. ਸਿੰਘ ਨਾਲ ਮੀਟਿੰਗ ਹੋਈ,

ਮਿਤੀ 27 ਸਤੰਬਰ, 2017 ਨੂੰ ਮੁੱਖ ਸਕੱਤਰ ਨਾਲ ਫੇਰ ਮੀਟਿੰਗ ਹੋਈ, ਮਿਤੀ 28 ਨਵੰਬਰ, 2017 ਨੂੰ ਸ਼੍ਰੀ ਜਗਦੀਪ ਸਿੱਧੂ ਨਾਲ ਫੇਰ ਮੀਟਿੰਗ ਹੋਈ, ਫੇਰ ਮਿਤੀ 10 ਜਨਵਰੀ, 2018 ਨੂੰ ਸਲਾਹਕਾਰ ਸ਼੍ਰੀ ਸੰਦੀਪ ਸੰਧੂ ਜੀ ਨਾਲ ਫੇਰ ਮੀਟਿੰਗ ਹੋਈ। ਫੇਰ ਮਿਤੀ 13 ਅਪ੍ਰੈਲ, 2018 ਨੂੰ ਮੇਜਰ ਅਮਰਦੀਪ ਸਿੰਘ ਜੀ ਨਾਲ ਮੀਟਿੰਗ ਹੋਈ। ਫੇਰ ਮਿਤੀ 22 ਮਈ, 2018 ਨੂੰ ਉਨ੍ਹਾਂ ਨੇ ਫੇਰ ਕਿਹਾ। ਇੱਕ ਇੱਕ ਮੀਟਿੰਗ ਦਾ ਵੇਰਵਾ ਇਸ ਪੱਤਰ ਵਿਚ ਦਿੱਤਾ ਹੋਇਆ ਹੈ। ਉਨ੍ਹਾਂ ਨੇ ਕਿਹਾ ਹੈ ਕਿ ਇਲੈਕਸ਼ਨਾਂ ਤੋਂ ਪਹਿਲਾਂ ਵੀ ਮੀਟਿੰਗਾਂ ਕਰਕੇ ਚੋਣ ਮੈਨੀਫੈਸਟੋ ਵਿਚ ਐਲਾਨਿਆ ਗਿਆ। ਇਨ੍ਹਾਂ ਨੇ ਇਹ ਕਿਹਾ ਸੀ ਕਿ ਪਹਿਲੀ ਕੈਬਨਿਟ ਮੀਟਿੰਗ ਵਿਚ ਹੀ ਸਾਨੂੰ ਪੱਕਾ ਕਰ ਦਿੱਤਾ ਜਾਵੇਗਾ ਪਰ ਅੱਜ 11 ਮੀਟਿੰਗਾਂ ਤੋਂ ਬਾਅਦ ਵੀ ਉਨ੍ਹਾਂ ਨੂੰ **** ਪਾਇਆ ਜਾ ਰਿਹਾ ਹੈ। ਸਪੀਕਰ ਸਾਹਿਬ, ਅੱਜ ਉਨ੍ਹਾਂ ਦੀ ਇਹ ਮੰਗ ਹੈ ਬਲਕਿ ਅੱਜ ਉਨ੍ਹਾਂ ਤੇ ਉਲਟਾ ਪਰਚਾ ਹੋ ਰਿਹਾ ਹੈ। ਉਹ ਬਹੁਤ ਦੁਖੀ ਹਨ। ਸਪੀਕਰ ਸਾਹਿਬ, ਮੈਂ ਤਾਂ ਉਨ੍ਹਾਂ ਦੀ ਆਵਾਜ਼ ਉਠਾ ਰਿਹਾ ਹਾਂ ਉਹ ਕਹਿੰਦੇ ਜੇ ਸਾਡੇ ਨਾਲ ਧੋਖਾ ਹੀ ਕਰਨਾ ਹੈ ਸਾਨੂੰ ਪੱਕਾ ਨਹੀਂ ਕਰਨਾ, ਉਨ੍ਹਾਂ ਨੇ ਇੱਕ ਚਿੱਠੀ ਸੀ.ਐਮ. ਸਾਹਿਬ ਦੇ ਹੱਥ ਵਿਚ ਭੇਜੀ ਹੈ ਕਿ ਜਦੋਂ ਕੋਈ ਦੁਖੀ ਹੋ ਕੇ ਸੁਸਾਈਡ ਦਾ ਦੁਖਦਾਈ ਰਸਤਾ ਲੈਂਦਾ ਹੈ ਤਾਂ ਫਿਰ ਸਰਕਾਰ ਮਾੜਾ ਮੋਟਾ ਉਸ ਦਾ ਪਤਾ ਲੈਣ ਜਾਂਦੀ ਹੈ ਪਰ ਜਿਊਂਦੇ ਨੂੰ ਨਹੀਂ ਪੁੱਛਦੀ, ਇਹ ਜਿਉਂਦਿਆਂ ਨਾਲ ਧੋਖਾ ਹੋ ਰਿਹਾ ਹੈ। ਸਰ, ਇਹ ਉਨ੍ਹਾਂ ਦੀ ਬੇਨਤੀ ਹੈ ਕਿ ਸਦਨ ਵਿਚ ਸਾਡੇ ਵੱਲੋਂ ਬੇਨਤੀ ਕਰ ਦਿਉ ਕਿ ਜੇ ਸਪੀਕਰ ਸਾਹਿਬ, ਸਾਨੂੰ ਇਜਾਜ਼ਤ ਦੇ ਦੇਣ ਕਿ ਸਾਨੂੰ ਜ਼ਲੀਲ ਕਰਨ ਤੋਂ ਮਰਨਾ ਚੰਗਾ ਹੈ। ਮੇਰੀ ਬੇਨਤੀ ਸੁਣ ਲਓ (ਵਿਘਨ..) ਮੇਰੀ ਬੇਨਤੀ ਸੁਣ ਲਓ ਜੀ। ਮੈਂ ਉਨ੍ਹਾਂ ਦੀ ਭਾਵਨਾ ਦੱਸ ਰਿਹਾ ਹਾਂ ਇਹ ਗੱਲ ਮੈਂ ਉਨ੍ਹਾਂ ਨੂੰ ਵੀ ਕਹੀ ਕਿ ਇਹ ਰਸਤਾ ਤਾਂ ਬਿਲਕੁਲ ਵੀ ਸਹੀ ਨਹੀਂ ਤੇ ਇਹ ਗੱਲ ਕਰਨੀ ਵੀ ਨਹੀਂ ਪਰ ਮੈਂ ਉਨ੍ਹਾਂ ਦੀ ਦਰਦਭਰੀ ਭਾਵਨਾ ਤੁਹਾਨੂੰ ਦੱਸ ਰਿਹਾ ਹਾਂ, they are so frustrated ਅੱਜ ਉਹ ਚੌਂਕ ਤੇ ਬੈਠੇ ਹਨ ਤੇ ਉਨ੍ਹਾਂ ਤੇ ਕਾਰਵਾਈ ਹੋ ਰਹੀ ਹੈ। ਮੇਰੀ ਬੇਨਤੀ ਹੈ ਕਿ ਸਤਿਕਾਰਯੋਗ ਸ਼੍ਰੀ ਬ੍ਰਹਮ ਮਹਿੰਦਰਾ ਜੀ ਦੀ ਡਿਊਟੀ ਲਗਾ ਦਿਉ। ਉਹ ਉਨ੍ਹਾਂ ਨਾਲ ਮੀਟਿੰਗ ਕਰ ਲੈਣ, ** ** ** ਉਨ੍ਹਾਂ ਨਾਲ ਕਿਉਂ ਧੱਕਾ ਕਰੀ ਜਾਂਦੇ ਹੋ।

**ਮਾਨਯੋਗ ਸਪੀਕਰ :** ਚਲੋ ਤੁਹਾਡੀ ਗੱਲ ਆ ਗਈ। ਹਾਂ ਜੀ, ਸਰਦਾਰ ਰਣਦੀਪ ਸਿੰਘ ਨਾਭਾ, ਰਣਦੀਪ ਸਿੰਘ ਨਾਭਾ। (ਵਿਘਨ) ਚੀਮਾ ਜੀ, ਤੁਸੀਂ ਜ਼ੀਰੋ ਆਵਰ ਵਿਚ ਇੱਕ ਵਾਰ ਖੜ੍ਹੇ ਹੋ ਗਏ ਹੋ, ਤੁਸੀਂ ਦੂਜੀ ਵਾਰ ਨਹੀਂ ਉੱਠ ਸਕਦੇ। ਨਹੀਂ, ਨਹੀਂ, ਇਹ ਅਸੂਲ ਹੈ।

---

**Expunged as ordered by the Hon'ble Speaker

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ, ਵਿਰੋਧੀ ਧਿਰ ਦੇ ਨੇਤਾ, ਸਰਦਾਰ ਹਰਪਾਲ ਸਿੰਘ ਚੀਮਾ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਹਰਦਿਆਲ ਸਿੰਘ ਕੰਬੋਜ ਤੇ ਸਰਦਾਰ ਫਤਹਿਜੰਗ ਸਿੰਘ ਬਾਜਵਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਜੋ ਮੈਂਬਰ ਵਡਾਲਾ ਜੀ ਨੇ ਵੀ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ ਹੈ, ਮੈਂ ਵਿਸ਼ੇਸ਼ ਤੌਰ ਤੇ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਅਤੇ ਮੇਰਾ ਖਿਆਲ ਹੈ ਕਿ ਚੰਗੀ ਗੱਲ ਨੂੰ ਚੰਗਾ ਕਹਿਣਾ ਚਾਹੀਦਾ ਹੈ। ਇਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ ਗੜ੍ਹੇਮਾਰੀ ਤੇ ਬਰਸਾਤ ਦੇ ਨਾਲ ਪੰਜਾਬ ਦੇ ਕਿਸਾਨਾਂ ਦੇ ਆਲੂਆਂ ਦਾ ਤੇ ਸਬਜ਼ੀਆਂ ਦਾ ਬੜਾ ਭਾਰੀ ਨੁਕਸਾਨ ਹੋਇਆ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਉਮੀਦ ਤੇ ਅਪੇਕਸ਼ਾ ਵੀ ਰੱਖਦਾ ਹਾਂ ਕਿ ਮੰਤਰੀ ਜੀ ਇਸ ਬਾਰੇ ਬਿਆਨ ਦੇ ਦੇਣਗੇ ਕਿਉਂਕਿ ਪੰਜਾਬ ਸਰਕਾਰ ਕਿਸਾਨਾਂ ਦੀ ਭਲਾਈ ਲਈ ਵਚਨਬੱਧ ਹੈ। ਸਰਕਾਰ ਕਿਸਾਨਾਂ ਦੇ ਕਰਜ਼ੇ ਅੱਗੇ ਵੀ ਮੁਆਫ ਕਰ ਰਹੀ ਹੈ, ਕਿਸਾਨਾਂ ਦੇ ਨਾਲ ਬੇਢਬੇ ਮੌਸਮ ਅਤੇ ਇਸ ਦੁੱਖ ਦੀ ਘੜੀ ਦੇ ਵਿਚ ਖੜ੍ਹੇਗੀ। ਮੇਰਾ ਖਿਆਲ ਹੈ ਕਿ ਇਸ ਆਉਣ ਵਾਲੇ ਹਫਤੇ ਵਿਚ ਵੀ ਬਰਸਾਤ ਕਾਫੀ ਹੋਣੀ ਹੈ। ਸਪੀਕਰ ਸਾਹਿਬ, ਕਈਆਂ ਕਿਸਾਨਾਂ ਨੇ ਤਾਂ ਹਜ਼ਾਰਾਂ ਰੁਪਏ ਖਰਚ ਕੀਤੇ ਹੋਣਗੇ, ਮੈਂ ਵਟਸਐਪ ਤੇ ਅਖਬਾਰ ਦੀ ਖਬਰ ਲੈ ਕੇ ਆਇਆ ਹਾਂ, ਜਿਥੇ ਉਨ੍ਹਾਂ ਕਿਸਾਨਾਂ ਨੇ ਵੱਡੇ ਵੱਡੇ ਟੋਏ ਪੁੱਟੇ ਹੋਏ ਹਨ, ਅਮਲੋਹ ਵਿੱਚ, ਨਾਭੇ ਦੀ ਪੂਰੀ ਬੈਲਟ ਵਿੱਚ ਬਕਾਇਦਾ ਕਿਸਾਨਾਂ ਨੇ ਹਜ਼ਾਰਾਂ ਰੁਪਿਆ ਖਰਚਾ ਕੀਤਾ ਹੈ। ਪਹਿਲਾਂ ਗੜ੍ਹਿਆਂ ਨਾਲ ਕਾਫੀ ਸਬਜ਼ੀਆਂ-ਭਾਜੀਆਂ ਖਰਾਬ ਹੋ ਗਈਆਂ। ਇਥੇ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ ਸ਼ਾਇਦ ਕਿਸਾਨਾਂ ਦੇ ਕੋਲ ਆਲੂਆਂ ਦਾ ਸੀਡ ਵੀ ਨਾ ਬਚੇ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਕਹਿਣਾ ਚਾਹਾਂਗਾ ਕਿ ਅਸੀਂ ਸਿਆਸਤ ਨਹੀਂ ਕਰ ਰਹੇ, ਕਿਉਂਕਿ ਹਰ ਇਨਸਾਨ ਜਿਹੜਾ ਸਦਨ ਦੇ ਵਿੱਚ ਚੁਣ ਕੇ ਆਇਆ ਹੈ, ਕਿਸਾਨਾਂ ਦੇ ਸਹਿਤ ਉਹ ਵੀ ਕਾਫੀ ਪ੍ਰੇਸ਼ਾਨ ਹੈ । ਇਸ ਸਦਨ ਵਿੱਚ ਹਰ ਚੀਜ਼ ਨੂੰ ਸਿਆਸੀ ਰੰਗਤ ਦਿੱਤੀ ਜਾਂਦੀ ਹੈ। ਮੈਂ ਚਾਹੁੰਦਾ ਹਾਂ ਕਿ ਸਾਨੂੰ ਇਸ ਤੋਂ ਉੱਚੇ ਉਠ ਕੇ ਕਿਸਾਨਾਂ ਬਾਰੇ ਸੋਚਣਾ ਚਾਹੀਦਾ ਹੈ । ਮੈਂ ਚਾਹੁੰਦਾ ਹਾਂ ਕਿ ਜੋ ਵੀ ਵੱਧ ਤੋਂ ਵੱਧ ਮੁਆਵਜ਼ਾ ਅਸੀਂ ਸਰਕਾਰ ਵੱਲੋਂ ਉਨ੍ਹਾਂ ਕਿਸਾਨਾਂ ਨੂੰ ਦੇ ਸਕਦੇ ਹਾਂ ਉਸ ਬਾਰੇ ਸਦਨ ਵਿੱਚ ਵਜ਼ੀਰ ਸਾਹਿਬ ਐਸ਼ੋਰੈਂਸ ਦੇ ਦੇਣ ਕਿਉਂਕਿ ਮੇਰਾ ਖਿਆਲ ਹੈ ਕਿ ਐਤਕੀਂ ਆਲੂਆਂ ਦੀ ਫਸਲ 80 ਫੀਸਦੀ ਉਜੜ ਗਈ ਹੈ, ਉਹ ਪੁੱਟੇ ਗਏ

ਹਨ ਔਰ ਸ਼ਾਇਦ ਹੀ ਬਚਣ ਦੀ ਸੰਭਾਵਨਾ ਹੈ, ਜੇਕਰ ਇੱਕ-ਦੋ ਬਰਸਾਤਾਂ ਹੋਰ ਪੈ ਗਈਆਂ ਤਾਂ ਫਸਲ ਦਾ ਟੋਟਲੀ ਨੁਕਸਾਨ ਹੋ ਜਾਣਾ ਹੈ। ਸਪੀਕਰ ਸਾਹਿਬ, ਮੇਰੀ ਤੁਹਾਡੇ ਜ਼ਰੀਏ ਬੇਨਤੀ ਹੈ ਕਿ ਮੰਤਰੀ ਸਾਹਿਬ ਇਥੇ ਬੈਠੇ ਹਨ, ਉਹ ਬੜੇ ਨੇਕ ਖਿਆਲਾਤ ਵਾਲੇ ਹਨ, ਮੈਨੂੰ ਉਮੀਦ ਵੀ ਹੈ ਕਿ ਇਹ ਜ਼ਰੂਰ ਐਸ਼ੋਰੈਂਸ ਦੇ ਦੇਣਗੇ ਕਿ ਜੋ ਵੀ ਵੱਧ ਤੋਂ ਵੱਧ ਮੁਆਵਜ਼ਾ ਸਰਕਾਰ ਵੱਲੋਂ ਕਿਸਾਨਾਂ ਨੂੰ, ਜਿਨ੍ਹਾਂ ਦੀਆਂ ਫਸਲਾਂ ਦਾ ਨੁਕਸਾਨ ਹੋਇਆ ਹੈ ਉਹ ਦਿੱਤਾ ਜਾਵੇ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਜਿਹੜੇ ਖੇਤ ਨੀਵੇਂ ਸਨ, ਉਥੇ ਅੱਜ ਵੀ ਪਾਣੀ ਖੜ੍ਹਾ ਹੈ। ਅੱਜ ਵੀ ਕਈ ਕਿਸਾਨ ਉਸ ਬਰਸਾਤੀ ਪਾਣੀ ਨੂੰ ਪਾਈਪਾਂ ਲਗਾ ਕੇ, ਇੰਜਣ ਲਗਾ ਕੇ ਪਿੰਡ ਦੇ ਟੋਭਿਆਂ ਵਿੱਚ, ਸੂਇਆਂ ਵਿੱਚ ਕੱਢਣ ਦੀ ਕੋਸ਼ਿਸ਼ ਕਰ ਰਹੇ ਹਨ। ਸਪੀਕਰ ਸਾਹਿਬ, ਮੇਰੀ ਤੁਹਾਡੇ ਜ਼ਰੀਏ ਬੇਨਤੀ ਹੈ ਕਿ ਵਜ਼ੀਰ ਸਾਹਿਬ ਇਸ ਬਾਰੇ ਕੋਈ ਐਸ਼ੋਰੈਂਸ ਦੇਣ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਾਡੇ ਟੈਕਨੀਕਲ ਐਜੂਕੇਸ਼ਨ ਮਨਿਸਟਰ, ਚੰਨੀ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦਾ ਇੱਕ ਬਹੁਤ ਅਹਿਮ ਇੰਸਟੀਚਿਊਟ ਬਾਬਾ ਹੀਰਾ ਸਿੰਘ ਭੱਠਲ ਕਾਲਜ ਆਫ ਇੰਜੀਨੀਅਰਿੰਗ ਹੈ। ਉਥੋਂ ਦੇ ਜਿਹੜੇ ਮੁਲਾਜ਼ਮ ਹਨ, ਉਹ ਪਿਛਲੇ 15 ਦਿਨਾਂ ਤੋਂ ਧਰਨੇ ਤੇ ਬੈਠੇ ਹਨ। ਉਨ੍ਹਾਂ ਨੂੰ ਅੱਠ ਮਹੀਨਿਆਂ ਤੋਂ ਤਨਖਾਹ ਨਹੀਂ ਮਿਲੀ। ਉਹ ਇੰਸਟੀਚਿਊਟ ਅਟਾਨਮਸ ਬਾਡੀ ਹੈ.....

**ਮਾਨਯੋਗ ਸਪੀਕਰ :** ਢੀਂਡਸਾ ਸਾਹਿਬ, ਇੱਕ ਮਿੰਟ ਰੁਕਣਾ ਜੀ।

------------

## WELCOME ANNOUNCEMENT BY THE SPEAKER

**ਮਾਨਯੋਗ ਸਪੀਕਰ :** ਮੈਂ ਸਦਨ ਨੂੰ ਇਹ ਸੂਚਿਤ ਕਰਨ ਵਿੱਚ ਫਖਰ ਮਹਿਸੂਸ ਕਰਦਾ ਹਾਂ ਕਿ ਕੈਪਟਨ ਅਭਿਮੰਨਿਊ ਫਾਈਨਾਂਸ ਮਨਿਸਟਰ, ਹਰਿਆਣਾ; ਸ਼੍ਰੀ ਕ੍ਰਿਸ਼ਨ ਲਾਲ ਪੰਵਾਰ ਜੀ, ਟਰਾਂਸਪੋਰਟ ਮਨਿਸਟਰ; ਸ਼੍ਰੀ ਓਮ ਪ੍ਰਕਾਸ਼ ਯਾਦਵ ਜੀ, ਐਮ.ਐਲ.ਏ.; ਸ਼੍ਰੀ ਅਭੈ ਸਿੰਘ ਯਾਦਵ ਜੀ, ਐਮ.ਐਲ.ਏ.; ਸ਼੍ਰੀ ਉਮੇਸ਼ ਅਗਰਵਾਲ, ਐਮ.ਐਲ.ਏ. ਅਤੇ ਸ਼੍ਰੀ ਬਖਸ਼ੀਸ਼ ਸਿੰਘ ਵਿਰਕ, ਐਮ.ਐਲ.ਏ. ਹਰਿਆਣਾ ਅੱਜ ਸਦਨ ਦੀ ਕਾਰਵਾਈ ਦੇਖਣ ਵਾਸਤੇ ਆਏ ਹਨ, ਮੈਂ ਉਨ੍ਹਾਂ ਦਾ ਸਦਨ ਵੱਲੋਂ ਸਵਾਗਤ ਕਰਦਾ ਹਾਂ।

----------

## MATTERS RAISED DURING ZERO HOUR AND STATEMENTS MADE BY THE MINISTERS THEREON
*(Resumption)*

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰ ਰਿਹਾ ਸੀ ਕਿ ਅੱਠ ਮਹੀਨਿਆਂ ਤੋਂ ਉਸ ਇੰਸਟੀਚਿਊਟ ਦੇ ਮੁਲਾਜ਼ਮਾਂ ਨੂੰ ਤਨਖਾਹ ਨਹੀਂ ਮਿਲੀ। ਉਹ ਪੰਜਾਬ ਸਰਕਾਰ ਦੇ ਐਡਮਨਿਸਟ੍ਰੇਟਿਵ ਕੰਟਰੋਲ ਥੱਲੇ ਹਨ। ਭਾਵੇਂ ਇਨ੍ਹਾਂ ਦੀ ਪਿਛਲੀ ਸਰਕਾਰ ਦੌਰਾਨ 2005 ਵਿੱਚ ਉਨ੍ਹਾਂ ਨੂੰ ਅਟਾਨਮਸ ਕਰ ਦਿੱਤਾ ਸੀ ਪਰ ਅੱਜ ਉਥੇ ਉਨ੍ਹਾਂ ਕੋਲ ਤਨਖਾਹ ਦੇਣ ਨੂੰ ਪੈਸੇ ਨਹੀਂ ਹਨ। ਹੁਣ ਤੁਸੀਂ ਖੁਦ ਅੰਦਾਜ਼ਾ ਲਗਾ ਸਕਦੇ ਹੋ ਕਿ ਜਿਹੜੇ ਮੁਲਾਜ਼ਮ ਨੂੰ ਅੱਠ ਮਹੀਨਿਆਂ ਤੋਂ ਤਨਖਾਹ ਨਹੀਂ ਮਿਲੀ, ਉਸ ਦਾ ਕੀ ਹਾਲ ਹੋਵੇਗਾ? ਉਹ ਕਿਵੇਂ ਆਪਣੇ ਪਰਿਵਾਰ ਦਾ ਗੁਜ਼ਾਰਾ ਕਰੇਗਾ। ਉਨ੍ਹਾਂ ਵਿਚਾਰਿਆਂ ਦੇ ਇਹ ਹਾਲ ਹਨ ਕਿ ਉਹ ਕਹਿੰਦੇ ਹਨ ਕਿ ਅਸੀਂ ਆਪਣੇ ਬੱਚਿਆਂ ਦੀਆਂ ਸਕੂਲਾਂ ਦੀਆਂ ਫੀਸਾਂ ਵੀ ਭਰਨ ਦੇ ਸਮਰਥ ਨਹੀਂ ਰਹੇ ਕਿਉਂਕਿ ਉਨ੍ਹਾਂ ਨੂੰ ਅੱਠ ਮਹੀਨਿਆਂ ਤੋਂ ਤਨਖਾਹ ਨਹੀਂ ਮਿਲੀ। ਇੱਕ ਤਾਂ ਮੇਰੀ ਮਾਨਯੋਗ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਇਸ ਇੰਸਟੀਚਿਊਟ ਨੂੰ ਦੁਬਾਰਾ ਪੰਜਾਬ ਸਰਕਾਰ ਦੇ ਅੰਡਰ ਲੈ ਲਿਆ ਜਾਵੇ ਕਿਉਂਕਿ ਇਸ ਇੰਸਟੀਚਿਊਟ ਤੇ ਐਡਮਨਿਸਟ੍ਰੇਟਿਵ ਕੰਟਰੋਲ ਅਤੇ ਪਾਲਿਸੀਆਂ ਪੰਜਾਬ ਸਰਕਾਰ ਦੀਆਂ ਲਾਗੂ ਹੁੰਦੀਆਂ ਹਨ। ਦੂਸਰਾ, as a temporary measure, ਜੇ ਇਮੀਜੇਟਲੀ ਉਨ੍ਹਾਂ ਦੀ ਤਨਖਾਹ ਰਿਲੀਜ਼ ਨਹੀਂ ਕਰ ਸਕਦੇ ਤਾਂ ਉਨ੍ਹਾਂ ਕੋਲ 7-8 ਕਰੋੜ ਰੁਪਏ ਦਾ ਕੌਰਪਸ ਫੰਡ ਪਿਆ ਹੈ, ਘੱਟੋ-ਘੱਟ ਉਸ ਦੀ ਆਗਿਆ ਦੇ ਦੇਣ ਤਾਂ ਕਿ ਉਨ੍ਹਾਂ ਵਿਚਾਰਿਆਂ ਨੂੰ ਤਨਖਾਹਾਂ ਤਾਂ ਮਿਲ ਜਾਣ। ਸਪੀਕਰ ਸਾਹਿਬ, ਜੋ ਮੇਰੀ ਜਾਣਕਾਰੀ ਹੈ ਉਸ ਅਨੁਸਾਰ ਇਨ੍ਹਾਂ ਮੁਲਾਜ਼ਮਾਂ ਦੀ ਸਰਕਾਰ ਨਾਲ ਮੀਟਿੰਗ ਵੀ ਹੋ ਚੁੱਕੀ ਹੈ। ਸਾਡੇ ਟੈਕਨੀਕਲ ਐਜੂਕੇਸ਼ਨ ਡਿਪਾਰਟਮੈਂਟ ਦੇ ਪ੍ਰਿੰਸੀਪਲ ਸੈਕ੍ਰੇਟਰੀ ਨਾਲ ਵੀ ਮੀਟਿੰਗ ਹੋਈ ਹੈ ਪਰ ਅੱਜ ਤੱਕ ਉਸ ਦਾ ਕੋਈ ਹੱਲ ਨਹੀਂ ਨਿਕਲਿਆ। ਇਹ ਬੜਾ ਚਿੰਤਾ ਦਾ ਵਿਸ਼ਾ ਹੈ। ਜਿਹੜੇ ਪ੍ਰੋਫੈਸਰ ਹਨ, ਜਿਹੜੇ ਲੈਕਚਰਾਰ ਹਨ, ਜੇਕਰ ਉਨ੍ਹਾਂ ਨੂੰ ਹੀ 8-8 ਮਹੀਨੇ ਤਨਖਾਹ ਨਹੀਂ ਮਿਲੇ ਗੀ, ਫਿਰ ਆਪਾਂ ਐਜੂਕੇਸ਼ਨ ਨੂੰ ਅੱਗੇ ਕਿਵੇਂ ਲਿਜਾ ਸਕਦੇ ਹਾਂ।

**ਮਾਨਯੋਗ ਸਪੀਕਰ :** ਧੰਨਵਾਦ ਜੀ। ਹਾਂ ਜੀ, ਨਾਗਰਾ ਜੀ, ਤੁਸੀਂ ਬੋਲੋ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਪੂਰੇ ਸਦਨ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਅੱਜ ਬਾਬਾ ਜ਼ੋਰਾਵਰ ਸਿੰਘ

ਜੀ, ਬਾਬਾ ਫਤਹਿ ਸਿੰਘ ਜੀ ਅਤੇ ਮਾਤਾ ਗੁਜਰ ਕੌਰ ਜੀ ਦੀ ਅਦੁੱਤੀ ਸ਼ਹਾਦਤ ਜੋ ਫਤਹਿਗੜ੍ਹ ਸਾਹਿਬ ਵਿਖੇ ਹੋਈ ਸੀ, ਉਸ ਵੇਲੇ ਜਦੋਂ ਉਨ੍ਹਾਂ ਨੂੰ ਸੂਬਾ ਸਰਹੰਦ ਵੱਲੋਂ ਠੰਡੇ ਬੁਰਜ ਵਿੱਚ ਕੈਦ ਕੀਤਾ ਗਿਆ ਸੀ, ਬਾਬਾ ਮੋਤੀ ਰਾਮ ਮਹਿਰਾ ਜੀ, ਜਿਨ੍ਹਾਂ ਨੇ ਉਨ੍ਹਾਂ ਨੂੰ ਉਸ ਵੇਲੇ ਦੁੱਧ ਦੀ ਸੇਵਾ ਕੀਤੀ, ਲੰਗਰ ਦੀ ਸੇਵਾ ਕੀਤੀ ਅਤੇ ਉਨ੍ਹਾਂ ਨੇ ਉਸ ਵੇਲੇ ਸ਼ਹਾਦਤ ਪ੍ਰਾਪਤ ਕੀਤੀ, ਉਨ੍ਹਾਂ ਦਾ ਅੱਜ ਸ਼ਹਾਦਤ ਦਿਨ ਹੈ। ਸਪੀਕਰ ਸਾਹਿਬ, ਮੈਂ ਚਾਹਾਂਗਾ ਕਿ ਆਪਾਂ ਇਸ ਸਦਨ ਵੱਲੋਂ ਅੱਜ ਉਸ ਮਹਾਨ ਬਾਬਾ ਜੀ ਦੀ ਸ਼ਖਸੀਅਤ ਨੂੰ ਸ਼ਰਧਾ ਦੇ ਫੁੱਲ ਭੇਟ ਕਰੀਏ। ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਅੱਜ ਸਦਨ ਵਲੋਂ ਆਪਾਂ ਉਨ੍ਹਾਂ ਨੂੰ ਇੱਥੇ ਯਾਦ ਕਰਦੇ ਹੋਏ ਸ਼ਰਧਾਂਜਲੀ ਦੇਈਏ। (ਥੰਪਿੰਗ)

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਜੋ ਨਾਗਰਾ ਜੀ ਨੇ ਗੱਲ ਉਠਾਈ ਹੈ, ਮੈਂ ਉਸ ਨਾਲ ਬਿਲਕੁਲ ਸਹਿਮਤ ਹਾਂ, ਹਾਊਸ ਵੱਲੋਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨੀ ਬਣਦੀ ਹੈ । ਸਰ, ਮੇਰੀ ਵੀ ਬੇਨਤੀ ਹੈ ਕਿ ਇਸ ਮੰਗ ਨੂੰ ਮੰਨ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣ।

**ਮਾਨਯੋਗ ਸਪੀਕਰ :** ਹਾਂ ਜੀ, ਟੀਨੂ ਜੀ, ਤੁਸੀਂ ਇਸ ਇਸ਼ੂ ਉਤੇ ਕੁਝ ਕਹਿਣਾ ਹੈ?

**ਸ਼੍ਰੀ ਪਵਨ ਕੁਮਾਰ ਟੀਨੂ :** ਸਰ, ਬਿਲਕੁਲ ਠੀਕ ਗੱਲ ਹੈ, ਉਨ੍ਹਾਂ ਨੂੰ ਸ਼ਰਧਾਂਜਲੀ ਦੇ ਕੇ ਯਾਦ ਕਰਨਾ ਚਾਹੀਦਾ ਹੈ, ਸ਼ਰਧਾਂਜਲੀ ਭੇਟ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਮੈਨੂੰ ਜ਼ੀਰੋ ਆਵਰ ਉੱਤੇ ਬੋਲਣ ਦਾ ਸਮਾਂ ਵੀ ਦੇ ਦਿਉ।

**ਮਾਨਯੋਗ ਸਪੀਕਰ:** ਧੰਨਵਾਦ ਜੀ, ਹਾਂ ਜੀ, ਸ਼੍ਰੀ ਬ੍ਰਹਮ ਮਹਿੰਦਰਾ ਜੀ।

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਕਾਲ ਅਟੈਨਸ਼ਨਜ਼ ਲੈ ਲਵੋ।

**ਮਾਨਯੋਗ ਸਪੀਕਰ:** ਹਾਂ ਜੀ, ਲੈ ਲੈਂਦੇ ਹਾਂ। ਇਸ ਵਿਚ ਤੁਸੀਂ ਕੁਝ ਕਹਿਣਾ ਹੈ?

**ਸੰਸਦੀ ਮਾਮਲੇ ਮੰਤਰੀ:** ਨਹੀਂ ਜੀ, ਇਸ ਵਿਚ ਕੁਝ ਨਹੀਂ ਕਹਿਣਾ।

**ਮਾਨਯੋਗ ਸਪੀਕਰ :** ਧੰਨਵਾਦ ਜੀ। ਨੈਕਸਟ ਆਈਟਮ ਕਾਲ ਅਟੈਨਸ਼ਨਜ਼।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਹਾਂ ਜੀ, ਟੀਨੂ ਜੀ, ਤੁਸੀਂ ਬੋਲ ਲਵੋ। ਬਾਕੀ ਤੁਸੀਂ ਸਾਰੇ ਬੈਠੋ, ਬੈਠੋ। ਬੈਠੋ, ਬੈਠੋ। ਬੈਂਸ ਸਾਹਿਬ, ਇਨ੍ਹਾਂ ਨੂੰ ਜ਼ਰਾ ਬੋਲ ਲੈਣ ਦਿਉ। ਹੋ ਗਿਆ, ਹੁਣ

[ਮਾਨਯੋਗ ਸਪੀਕਰ]
ਕਾਫੀ ਹੋ ਗਿਆ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਕੁਲਦੀਪ ਸਿੰਘ ਵੈਦ ਅਤੇ ਸਰਦਾਰ ਫਤਿਹਜੰਗ ਸਿੰਘ ਬਾਜਵਾ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਤੁਸੀਂ ਵੀ ਟੀਨੂ ਜੀ ਤੋਂ ਬਾਅਦ ਬੋਲ ਲੈਣਾ। ਅੱਜ ਸਾਰੇ ਬੋਲੋਗੇ।(ਵਿਘਨ)

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਹਾਊਸ ਦਾ, ਸਰਕਾਰ ਦਾ ਧਿਆਨ ਪੰਜਾਬ ਦੇ ਬਹੁਤ ਹੀ ਗਰੀਬ ਅਤੇ ਦਲਿਤ ਲੋਕਾਂ ਵੱਲ ਦਿਵਾਉਣਾ ਚਾਹੁੰਦਾ ਹਾਂ, ਜਿਨ੍ਹਾਂ ਨੂੰ ਪਿਛਲੀ ਸਰਕਾਰ ਵੇਲੇ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਵੇਲੇ ਬਿਜਲੀ ਦਾ ਬਿਲ 200 ਯੂਨਿਟ ਮਾਈਨਸ ਕਰਕੇ ਬਿਲ ਦਿੱਤਾ ਜਾਂਦਾ ਸੀ ਲੇਕਿਨ ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਕਾਂਗਰਸ ਪਾਰਟੀ ਵੋਟਾਂ ਤੋਂ ਪਹਿਲਾਂ ਤਾਂ ਕਹਿੰਦੀ ਸੀ ਕਿ ਅਸੀਂ ਗਰੀਬਾਂ ਨੂੰ ਤਿੰਨ ਸੌ ਯੂਨਿਟ ਮਾਫ ਕਰਾਂਗੇ ਲੇਕਿਨ ਪਿਛਲੀ ਸਰਕਾਰ ਸਮੇਂ ਜਿਹੜੇ 200 ਯੂਨਿਟ ਫਰੀ ਮਿਲਦੇ ਸੀ, ਸਪੀਕਰ ਸਾਹਿਬ, ਇਨ੍ਹਾਂ ਨੇ ਮਿਤੀ 9.11.2017 ਨੂੰ ਸਰਕਾਰ ਵਲੋਂ ਸਾਰੇ ਦਫਤਰਾਂ ਨੂੰ ਇੱਕ ਚਿੱਠੀ ਜਾਰੀ ਕਰਕੇ ਸ਼ਰਤ ਲਗਾ ਦਿੱਤੀ, ਉਹ ਸ਼ਰਤ ਕੀ ਲਗਾ ਦਿੱਤੀ ਹੈ ਉਹ ਇਹ ਹੈ ਕਿ ਜਿਹੜਾ ਪਰਿਵਾਰ ਸਾਲ ਦੇ 3000 ਯੂਨਿਟ ਤੋਂ ਵੱਧ ਫੂਕੇਗਾ ਉਸ ਨੂੰ 200 ਯੂਨਿਟ ਮਾਫੀ ਦੀ ਜਿਹੜੀ ਸਹੂਲਤ ਹੈ, ਉਹ ਨਹੀਂ ਮਿਲੇਗੀ। (ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਸਪੀਕਰ ਸਾਹਿਬ, ਉਸ ਤੋਂ ਬਾਅਦ ਕੀ ਹੋਇਆ....

**ਮਾਨਯੋਗ ਸਪੀਕਰ :** ਟੀਨੂ ਜੀ, ਇਕ ਮਿੰਟ ਬੈਠੋ, ਟੀਨੂ ਜੀ, ਇਹ ਜ਼ੀਰੋ ਆਵਰ ਦਾ ਮਸਲਾ ਨਹੀਂ ਹੈ, ਇਹ ਤੁਸੀਂ ਬਜਟ ਤੇ ਗੱਲ ਕਰ ਸਕਦੇ ਹੋ..(ਵਿਘਨ)(ਸ਼ੋਰ) ਇਹ ਗੱਲ ਤੁਸੀਂ ਬਜਟ ਉਤੇ ਬਹਿਸ ਦੌਰਾਨ ਕਰ ਸਕਦੇ ਹੋ।

**ਸ਼੍ਰੀ ਪਵਨ ਕੁਮਾਰ ਟੀਨੂ :** ਨਹੀਂ ਜੀ। ਹੁਣ ਮੈਂ ਦੱਸਣ ਲੱਗਾ ਹਾਂ। ਸਪੀਕਰ ਸਾਹਿਬ, ਇਨ੍ਹਾਂ ਨੇ ਹੁਣ ਲੋਕ ਸਭਾ ਦੀਆਂ ਵੋਟਾਂ ਲੈਣ ਲਈ 31 ਜਨਵਰੀ, 2019 ਨੂੰ ਉਹ ਸ਼ਰਤ ਹਟਾ ਦਿੱਤੀ (ਵਿਘਨ)(ਸ਼ੋਰ) ਸਪੀਕਰ ਸਾਹਿਬ, ਮੈਂ ਮੰਗ ਕਰਦਾ ਹਾਂ ਕਿ ਦਲਿਤਾਂ ਦਾ 500 ਕਰੋੜ ਰੁਪਿਆ ਵਾਪਸ ਕੀਤਾ ਜਾਵੇ। (ਵਿਘਨ)(ਸ਼ੋਰ)..

**ਮਾਨਯੋਗ ਸਪੀਕਰ:** ਇਹ ਨਹੀਂ ਹੋਵੇਗਾ। ਹਾਂ ਜੀ, ਸਰਦਾਰ ਫਤਹਿਜੰਗ ਸਿੰਘ ਬਾਜਵਾ।ਟੀਨੂ ਜੀ, ਤੁਸੀਂ ਬੈਠੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿਚ ਆ ਗਏ।)

**ਸਰਦਾਰ ਫਤਿਹਜੰਗ ਸਿੰਘ ਬਾਜਵਾ :** ਸਪੀਕਰ ਸਾਹਿਬ, ਮੈਂ ਇੱਕ ਬਹੁਤ ਅਹਿਮ ਮਸਲਾ ਸਦਨ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ। (ਵਿਘਨ)(ਸ਼ੋਰ) ਸਪੀਕਰ ਸਾਹਿਬ, ਡਰੱਗ ਦੇ ਉਤੇ ਪੰਜਾਬ ਵਿੱਚ ਸਾਰਿਆਂ ਨਾਲੋਂ ਵੱਧ...

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਹੋ ਕੇ **** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਤੁਸੀਂ ਬਜਟ ਉਤੇ ਗੱਲ ਕਰ ਲੈਣਾ। ਕੱਲ੍ਹ ਬਜਟ ਉਤੇ ਗੱਲ ਕਰ ਲੈਣਾ, ਕੱਲ੍ਹ ਬਜਟ ਉਤੇ ਗੱਲ ਕਰ ਲੈਣਾ। ਤੁਸੀਂ ਬੈਠੋ। (ਵਿਘਨ)(ਸ਼ੋਰ) ਕੱਲ੍ਹ ਬਜਟ ਦੇ ਉਤੇ ਗੱਲ ਕਰਨਾ। ਕੱਲ੍ਹ ਬਜਟ ਦੇ ਉਤੇ ਗੱਲ ਕਰ ਲੈਣਾ। (ਵਿਘਨ)(ਸ਼ੋਰ) ** ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਸਰਦਾਰ ਫਤਿਹਜੰਗ ਸਿੰਘ ਬਾਜਵਾ :** ਸਪੀਕਰ ਸਾਹਿਬ, ਮੈਂ ਡਰੱਗ ਦੇ ਸਬੰਧ ਵਿੱਚ ਦੱਸਣਾ ਚਾਹੁੰਦਾ ਹਾਂ ਕਿ ਅਕਾਲੀ ਦਲ ਪਾਰਟੀ ਨੇ ਕਰਨ ਸਿੰਘ ਘੁੰਮਣ ਨੂੰ ਐਨ.ਆਰ.ਆਈ. ਕਮਿਸ਼ਨ ਦਾ ਮੈਂਬਰ ਬਣਾਇਆ, ਉਹ ਕਰਨ ਸਿੰਘ ਘੁੰਮਣ ਬਹੁਤ ਵੱਡੀ ਖੇਪ ਦੇ ਨਾਲ ਕੈਨੇਡਾ ਵਿਚ ਹੈਰੋਇਨ ਦੇ ਨਾਲ ਗ੍ਰਿਫਤਾਰ ਹੋਇਆ। ਅਸੀਂ ਇਨ੍ਹਾਂ ਤੋਂ ਇਹ ਗੱਲ ਪੁੱਛਣਾ ਚਾਹੁੰਦੇ ਹਾਂ ਕਿ ਅਕਾਲੀ ਸਰਕਾਰ ਨੇ ਇਸ ਕਿਸਮ ਦਾ ਮਾਲ ਕਿਥੋਂ ਲੱਭ ਕੇ ਲਿਆਂਦਾ ਸੀ..

**ਮਾਨਯੋਗ ਸਪੀਕਰ:** ** ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਸਰਦਾਰ ਫਤਿਹਜੰਗ ਸਿੰਘ ਬਾਜਵਾ:** ਕੈਨੇਡਾ ਵਿਚ ਬੈਠੇ ਅਜੇ ਵੀ ਇਨ੍ਹਾਂ ਦੇ ਬੰਦੇ ਪੰਜਾਬ ਪੁਲਿਸ ਨੂੰ ਲੋੜੀਂਦੇ ਹਨ....

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

---

** Not recoded as ordered by the Chair.

**ਮਾਨਯੋਗ ਸਪੀਕਰ :** ** ਨਾਅਰੇ ਰਿਕਾਰਡ ਨਾ ਕੀਤੇ ਜਾਣ। (ਵਿਘਨ, ਸ਼ੋਰ)

**ਸਰਦਾਰ ਫਤਿਹਜੰਗ ਸਿੰਘ ਬਾਜਵਾ :** ਸਪੀਕਰ ਸਾਹਿਬ, ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਇਸ ਕਿਸਮ ਦੇ ਬੰਦਿਆਂ ਤੇ ਐਕਸ਼ਨ ਹੋਣਾ ਚਾਹੀਦਾ ਹੈ, ਪਾਰਟੀ ਤੇ ਐਕਸ਼ਨ ਹੋਣਾ ਚਾਹੀਦਾ ਹੈ, ਜਿਸ ਪਾਰਟੀ ਨੇ ਅਜਿਹੇ ਬੰਦਿਆਂ ਨੂੰ ਐਨ.ਆਰ.ਆਈ. ਕਮਿਸ਼ਨ ਦਾ ਮੈਂਬਰ ਬਣਾਇਆ। ਸਪੀਕਰ ਸਾਹਿਬ, ਅਸੀਂ ਲੋਕਾਂ ਵਿੱਚ ਆਪਣਾ ਕਿਹੜਾ ਫੇਸ ਲੈ ਕੇ ਜਾਂਦੇ ਹਾਂ, ਅਸੀਂ ਇਕ ਅਜਿਹੇ ਬੰਦੇ ਨੂੰ ਜਿਹੜਾ ਕਿ ਡਰੱਗ ਡੀਲਰ ਹੈ, ਕਮਿਸ਼ਨ ਦਾ ਮੈਂਬਰ ਬਣਾਉਂਦੇ ਹਾਂ। ਇਸੇ ਤਰੀਕੇ ਨਾਲ ਪੰਜਾਬ ਵਿੱਚ ਪੰਜਾਬ ਦੀ ਜਵਾਨੀ ਦਾ ਇਨ੍ਹਾਂ ਨੇ ਬੇੜਾ ਗਰਕ ਕੀਤਾ ਹੈ। ਇਨ੍ਹਾਂ ਨੇ ਜਿਸ ਤਰੀਕੇ ਨਾਲ ਪੰਜਾਬ ਵਿੱਚ ਚਿੱਟਾ ਵੇਚਿਆ ਹੈ, ਇਨ੍ਹਾਂ ਤੋਂ ਜਵਾਬ ਮੰਗਿਆ ਜਾਣਾ ਚਾਹੀਦਾ ਹੈ ਕਿ ਕਿਸ ਦੇ ਕਹਿਣ ਤੇ ਕਰਨ ਸਿੰਘ ਘੁੰਮਣ ਨੂੰ ਐਨ.ਆਰ.ਆਈ. ਕਮਿਸ਼ਨ ਦਾ ਮੈਂਬਰ ਚੁਣਿਆ ਗਿਆ। (ਵਿਘਨ, ਸ਼ੋਰ)

**Mr. Speaker :** Thank you. (ਵਿਘਨ, ਸ਼ੋਰ)

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, ਮੈਂ ਜਿਹੜਾ ਮਸਲਾ ਚੁੱਕਣਾ ਚਾਹੁੰਦਾ ਹਾਂ, ਉਹ ਚੰਡੀਗੜ੍ਹ ਵਿਖੇ ਮੈਟਰੋ ਦਾ ਹੈ। ਚੰਡੀਗੜ੍ਹ ਸਿਰਫ ਇਕ ਯੂਨੀਅਨ ਟੈਰੇਟਰੀ ਹੀ ਨਹੀਂ, ਇਹ ਦੋ ਰਾਜਾਂ ਦੀ ਕੈਪੀਟਲ ਵੀ ਹੈ ਅਤੇ ਇਸ ਦੇ ਨਾਲ-ਨਾਲ ਜਿਵੇਂ ਦਿੱਲੀ ਵਿੱਚ ਨੈਸ਼ਨਲ ਕੈਪੀਟਲ ਰਿਜ਼ਨ ਹੈ, ਇਸ ਵੇਲੇ ਚੰਡੀਗੜ੍ਹ ਇਕ ਸਟੇਟ ਕੈਪੀਟਲ ਰਿਜ਼ਨ ਬਣ ਚੁੱਕੀ ਹੈ। ਸਪੀਕਰ ਸਾਹਿਬ, ਪਿਛਲੇ 20 ਸਾਲਾਂ ਤੋਂ ਚੰਡੀਗੜ੍ਹ ਮੈਟਰੋ ਦਾ ਮਸਲਾ ਲਟਕ ਰਿਹਾ ਹੈ। ਇਹ ਸਿਰਫ ਚੰਡੀਗੜ੍ਹ ਨਾਲ ਸਬੰਧਿਤ ਨਹੀਂ ਹੈ ਸਗੋਂ ਜਿੰਨੇ ਚੰਡੀਗੜ੍ਹ ਨਾਲ ਲਗਦੇ ਇਲਾਕੇ ਜਿਵੇਂ ਮੁਹਾਲੀ, ਖਰੜ, ਨਵਾਂ ਗਾਓਂ, ਜ਼ੀਰਕਪੁਰ, ਡੇਰਾਬੱਸੀ, ਪੰਚਕੂਲਾ ਅਤੇ ਇਸ ਤੋਂ ਵੀ ਅੱਗੇ ਜਿਹੜੇ ਇਲਾਕੇ ਹਨ, ਇਹ ਸਾਰੇ ਇਸ ਨਾਲ ਸਬੰਧਿਤ ਹਨ। ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਜਿਹੜੇ ਯੂ.ਟੀ. ਦੇ ਐਡਮਨਿਸਟ੍ਰੇਟਰ ਹਨ, ਉਹ ਪੰਜਾਬ ਦੇ ਗਵਰਨਰ ਵੀ ਹਨ। ਇਸ ਬਾਰੇ ਹਾਊਸ ਵੱਲੋਂ ਇਕ ਰੈਜ਼ੋਲਿਊਸ਼ਨ ਪਾਸ ਕਰਕੇ, ਇਹ ਮਸਲਾ ਉਨ੍ਹਾਂ ਨਾਲ ਚੁੱਕਿਆ ਜਾਵੇ। ਸਪੀਕਰ ਸਾਹਿਬ, ਅਸੀਂ ਆਸ ਕਰਦੇ ਹਾਂ ਕਿ ਹਰਿਆਣਾ ਵੀ ਇਹ ਮਸਲਾ ਚੁੱਕੇਗਾ। ਚੰਡੀਗੜ੍ਹ ਵਿੱਚ ਮੈਟਰੋ ਦੀ ਬਹੁਤ ਜ਼ਿਆਦਾ ਲੋੜ ਹੈ ਕਿਉਂਕਿ ਹੁਣ ਆਵਾਜਾਈ ਬਹੁਤ ਵੱਧ ਗਈ ਹੈ ਅਤੇ ਮੈਟਰੋ ਤੋਂ ਬਿਨਾਂ ਬਹੁਤ ਦਿੱਕਤ ਹੋ ਰਹੀ ਹੈ। ਜੇਕਰ ਦਿੱਲੀ ਵਿੱਚ ਮੈਟਰੋ ਬਣ ਸਕਦੀ ਹੈ ਤਾਂ ਚੰਡੀਗੜ੍ਹ ਵਿੱਚ ਵੀ ਇਹ ਜ਼ਰੂਰ ਬਣਨੀ ਚਾਹੀਦੀ ਹੈ। ਇਸ ਮਸਲੇ ਨੂੰ ਜ਼ਰੂਰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ। (ਵਿਘਨ, ਸ਼ੋਰ)

---

** Not recorded as ordered by the Chair.

**ਸਰਦਾਰ ਜਗਦੇਵ ਸਿੰਘ :** ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਮੈਂ ਬੜੇ ਦੁੱਖ ਨਾਲ ਕਹਿਣਾ ਚਾਹੁੰਦਾ ਹਾਂ ਕਿ ਸਾਲ 2017 ਦੀਆਂ ਚੋਣਾਂ ਦੌਰਾਨ ਮੌੜ ਮੰਡੀ ਵਿੱਚ ਬਹੁਤ ਭਾਰੀ ਬੰਬ ਬਲਾਸਟ ਹੋਇਆ ਸੀ, ਜਿਸ ਵਿੱਚ ਪੰਜ ਬੱਚਿਆਂ ਸਮੇਤ ਸੱਤ ਜਾਨਾਂ ਚਲੀਆਂ ਗਈਆਂ ਸਨ। ਉਸ ਬੰਬ ਬਲਾਸਟ ਹੋਏ ਨੂੰ ਲਗਭਗ ਦੋ ਸਾਲ ਹੋ ਗਏ ਹਨ। ਅੱਜ ਵੀ ਉਸ ਦੀ ਜਾਂਚ ਸਿਰੇ ਨਹੀਂ ਲੱਗੀ। ਮੈਂ ਹਰ ਵਾਰ ਸੈਸ਼ਨ ਵਿੱਚ ਇਹ ਬੇਨਤੀ ਕਰਦਾ ਹਾਂ ਕਿ ਇਸ ਦੇ ਦੋਸ਼ੀ ਨੰਗੇ ਕੀਤੇ ਜਾਣ। ਸਪੀਕਰ ਸਾਹਿਬ, ਸਾਨੂੰ ਅਜਿਹਾ ਲਗਦਾ ਹੈ ਕਿ ਚੋਣਾਂ ਦੌਰਾਨ ਜਿਹੜੀਆਂ ਅਜਿਹੀਆਂ ਘਟਨਾਵਾਂ ਹੁੰਦੀਆਂ ਹਨ, ਉਹ ਕਿਸੇ ਨਾ ਕਿਸੇ ਸਿਆਸੀ ਪਾਰਟੀ ਦੇ ਚੋਣ ਜਿੱਤਣ ਦੇ ਮਨਸੂਬਿਆਂ ਨਾਲ ਸਬੰਧਿਤ ਹੁੰਦੀਆਂ ਹਨ ਕਿਉਂਕਿ ਇੰਨੀ ਵੱਡੀ ਘਟਨਾ ਹੋਈ ਸੀ, ਜਿਸ ਵਿੱਚ ਛੋਟੇ ਛੋਟੇ ਬੱਚੇ ਖੇਡਦੇ ਹੋਏ ਮਾਰੇ ਗਏ ਪਰੰਤੂ ਅੱਜ ਤੱਕ ਇਸ ਦੀ ਜਾਂਚ ਸਿਰੇ ਨਹੀਂ ਲੱਗੀ।

ਦੂਜੀ ਗੱਲ, ਜਿਹੜੇ ਪੀੜਤ ਲੋਕ ਸਨ, ਉਨ੍ਹਾਂ ਨਾਲ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੇ ਪਰਿਵਾਰਾਂ ਨੂੰ ਨੌਕਰੀਆਂ ਦੇਵਾਂਗੇ ਪਰੰਤੂ ਅੱਜ ਤੱਕ ਕਿਸੇ ਦੇ ਪਰਿਵਾਰ ਨੂੰ ਨੌਕਰੀ ਨਹੀਂ ਦਿੱਤੀ ਗਈ ਜਦ ਕਿ ਹਾਲੇ ਵੀ ਇਕ ਪੀੜਤ ਬੰਦਾ ਜ਼ਿੰਦਗੀ ਅਤੇ ਮੌਤ ਦੀ ਲੜਾਈ ਅੱਜ ਵੀ ਲੜ ਰਿਹਾ ਹੈ ਅਤੇ ਉਸ ਦਾ ਇਲਾਜ ਵੀ ਸਰਕਾਰ ਨਹੀਂ ਕਰਵਾ ਰਹੀ। ਇਸ ਲਈ ਮੈਂ ਬੇਨਤੀ ਕਰਦਾ ਹਾਂ.... (ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਤੁਹਾਡੀ ਗੱਲ ਆ ਗਈ। (ਵਿਘਨ, ਸ਼ੋਰ)

**ਸਰਦਾਰ ਜਗਦੇਵ ਸਿੰਘ :** ਨਹੀਂ ਜੀ, ਹਾਲੇ ਨਹੀਂ ਆਈ। ਸਾਡੇ ਮੌੜ ਮੰਡੀ ਹਲਕੇ ਦਾ ਇਕੋ ਇਕ ਹਸਪਤਾਲ ਹੈ ਅਤੇ ਉਸ ਵੇਲੇ ਵੀ ਐਮਰਜੰਸੀ ਵਿੱਚ ਕੋਈ ਡਾਕਟਰ ਅਵੇਲੇਬਲ ਨਹੀਂ ਸੀ ਅਤੇ ਨਾ ਹੁਣ ਹੈ। ਇਸ ਲਈ ਉਸ ਹਸਪਤਾਲ ਵਿੱਚ ਐਮਰਜੰਸੀ ਵਿੱਚ ਡਾਕਟਰ ਮੁਹੱਈਆ ਕਰਵਾ ਕੇ ਉਨ੍ਹਾਂ ਲੋਕਾਂ ਨੂੰ ਇਨਸਾਫ ਦਿੱਤਾ ਜਾਵੇ ਅਤੇ ਇਸ ਵਾਸਤੇ ਜ਼ਿੰਮੇਵਾਰ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇ ਤਾਂ ਕਿ ਜਿਹੜੀਆਂ ਸਾਲ 2019 ਵਿੱਚ ਚੋਣਾਂ ਆ ਰਹੀਆਂ ਹਨ, ਲੋਕਾਂ ਨੂੰ ਇਹ ਆਸ ਬਣੇ ਕਿ ਇਹ ਚੋਣ ਸਟੰਟ ਨਹੀਂ ਸੀ। (ਵਿਘਨ, ਸ਼ੋਰ)

----

## WALK OUT

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਮੌਜੂਦਾ ਸਰਕਾਰ ਵੱਲੋਂ ਪਿਛਲੇ ਸਮੇਂ ਦੌਰਾਨ ਦਲਿਤ ਵਰਗ ਦੇ ਲੋਕਾਂ ਤੋਂ ਵਾਧੂ ਵਸੂਲੇ ਗਏ ਬਿਜਲੀ ਬਿਲਾਂ ਦੀ ਰਾਸ਼ੀ ਨੂੰ ਵਾਪਸ ਕਰਨ ਦੀ ਮੰਗ ਨੂੰ ਲੈ ਕੇ ** ** ਨਾਅਰੇ ਮਾਰਦੇ ਹੋਏ ਸਦਨ ਵਿਚੋਂ ਵਾਕ-ਆਊਟ ਕਰ ਗਏ।)

-----

** Not recorded as ordered by the Chair.

## MATTERS RAISED DURING ZERO HOUR AND STATEMENTS MADE BY THE MINISTERS THEREON *(RESUMPTION)*

**ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ) :** ਸਪੀਕਰ ਸਾਹਿਬ, ਬਾਜਵਾ ਸਾਹਿਬ ਨੇ ਇਕ ਬੜਾ ਵਧੀਆ ਮੁੱਦਾ ਉਠਾਇਆ ਹੈ ਕਿ ਪਿਛਲੀ ਸਰਕਾਰ ਨੇ ਕਰਨ ਸਿੰਘ ਘੁੰਮਣ ਨੂੰ ਐਨ.ਆਰ.ਆਈ. ਕਮਿਸ਼ਨ ਦਾ ਮੈਂਬਰ ਬਣਾਇਆ ਸੀ। ਉਹ ਪੰਜ ਕਿਲੋ ਹੈਰੋਇਨ ਨਾਲ ਕੈਨੇਡਾ ਵਿੱਚ ਫੜਿਆ ਗਿਆ ਹੈ। ਮੈਂ ਹਾਊਸ ਨੂੰ ਬੇਨਤੀ ਕਰਾਂਗਾ ਕਿ ਇਸ ਦੀ ਪਰਾਪਰ ਇਨਕੁਆਇਰੀ ਹੋਣੀ ਚਾਹੀਦੀ ਹੈ ਕਿ ਪੰਜਾਬ ਵਿੱਚ ਕਿਸ ਕਿਸ ਨਾਲ ਇਸ ਬੰਦੇ ਦੇ ਲਿੰਕਸ ਸਨ। ਇਹ ਬਹੁਤ ਹੀ ਇੰਪਾਰਟੈਂਟ ਮਸਲਾ ਹੈ। ਮੈਂ ਕੈਪਟਨ ਅਮਰਿੰਦਰ ਸਿੰਘ ਨੂੰ ਮੁਬਾਰਕਬਾਦ ਵੀ ਦੇਣੀ ਚਾਹੁੰਦਾ ਹਾਂ ਜਿਨ੍ਹਾਂ ਦੀ ਨੁਮਾਇੰਦਗੀ ਵਿੱਚ ਸਾਡੀ ਸਰਕਾਰ ਨੇ ਦੋ ਸਾਲਾਂ ਵਿੱਚ ਚਿੱਟੇ ਤੇ ਜਿੰਨੀ ਕਾਰਵਾਈ ਕੀਤੀ ਹੈ, ਪਿਛਲੀ ਸਰਕਾਰ ਨੇ ਨਹੀਂ ਕੀਤੀ। ਸਪੀਕਰ ਸਾਹਿਬ, ਕਰਨ ਸਿੰਘ ਘੁੰਮਣ ਵਾਲਾ ਇਸ਼ੂ ਬਹੁਤ ਵੱਡਾ ਹੈ ਅਤੇ ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। Thank you.

**ਮਾਨਯੋਗ ਸਪੀਕਰ :** ਬੈਂਸ ਸਾਹਿਬ ਨੂੰ ਬੋਲ ਲੈਣ ਦਿਓ। ਅੱਜ ਨਾਨ ਆਫੀਸ਼ੀਅਲ ਡੇਅ ਹੈ ਇਸ ਕਰਕੇ...

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਧੰਨਵਾਦ ਜੀ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਤਿਕਾਰਯੋਗ ਪੰਚਾਇਤ ਮੰਤਰੀ ਬਾਜਵਾ ਸਾਹਿਬ ਦੇ ਧਿਆਨ ਵਿੱਚ ਇੱਕ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਸ਼ਾਮਲਾਟ ਪੰਚਾਇਤੀ ਜ਼ਮੀਨ ਲੱਖਾਂ ਏਕੜ ਹੈ। ਮੈਂ ਕੁਝ ਲੁਧਿਆਣਾ ਜ਼ਿਲ੍ਹੇ ਨਾਲ ਸਬੰਧਿਤ ਅਜਿਹੀ ਜ਼ਮੀਨ ਦਾ ਅਤੇ ਕੈਪਟਨ ਅਮਰਿੰਦਰ ਸਿੰਘ ਜੀ ਦੇ ਜੱਦੀ ਪਿੰਡ ਮਹਿਰਾਜ ਨਾਲ ਸਬੰਧਿਤ ਇੱਕ ਮਸਲਾ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਮਹਿਰਾਜ ਪਿੰਡ ਵਿੱਚ 92 ਏਕੜ ਪੰਚਾਇਤੀ ਲੈਂਡ ਹੈ, ਉਸ ਜ਼ਮੀਨ ਦਾ ਠੇਕਾ ਸਿਰਫ 18,000 ਰੁਪਿਆ ਪ੍ਰਤੀ ਏਕੜ ਹੈ ਜੀ। ਮੇਰਾ ਖਿਆਲ ਹੈ ਕਿ ਪੰਜਾਬ ਵਿੱਚ ਤਾਂ ਕੀ, ਸਗੋਂ ਰਾਜਸਥਾਨ ਵਿੱਚ ਕਿਤੇ ਵੀ 18,000 ਰੁਪਿਆ ਠੇਕਾ ਨਹੀਂ ਹੈ। ਇਹ ਇਕੱਲੀ ਮਹਿਰਾਜ ਪਿੰਡ ਦੀ ਗੱਲ ਹੀ ਨਹੀਂ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਥੋੜ੍ਹੀ ਜਿਹੀ ਡਿਟੇਲ ਮੰਤਰੀ ਜੀ ਨੂੰ ਹੋਰ ਦੇਣੀ ਹੈ ਕਿ ਇਸ 92 ਏਕੜ ਜ਼ਮੀਨ ਵਿਚੋਂ ਸਿਰਫ ਤੇ ਸਿਰਫ 25 ਏਕੜ ਜ਼ਮੀਨ 18,000 ਰੁਪਏ ਪ੍ਰਤੀ ਏਕੜ ਠੇਕੇ ਤੇ ਚੜ੍ਹੀ ਅਤੇ 67 ਏਕੜ ਜ਼ਮੀਨ, ਇੱਧਰਲੇ ਸਾਥੀ ਜਿਹੜੇ ਅੱਜ ਸਦਨ ਵਿੱਚ ਡਰਾਮੇਬਾਜ਼ੀ

ਕਰਨ ਵਾਸਤੇ ਆਏ ਸੀ, ਸਰਕਾਰ ਦੀ ਬਦਲੀ ਹੋ ਗਈ, ਮੁੱਖ ਮੰਤਰੀ ਸਾਹਿਬ ਦੀ ਬਦਲੀ ਹੋ ਗਈ, ਇੱਧਰਲੇ ਲੋਕ (ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਬੈਂਚਿਜ਼ ਵੱਲ ਇਸ਼ਾਰਾ) ਡਰਾਮੇਬਾਜ਼ੀਆਂ ਕਰਦੇ ਹਨ, ਕਾਲੇ ਚੋਗੇ ਪਾ ਕੇ ਬਾਹਰ ਚਲੇ ਗਏ ਹਨ, ਮੈਂ ਦੱਸਣਾ ਚਾਹੁੰਦਾ ਹਾਂ ਕਿ ਕੈਪਟਨ ਸਾਹਿਬ ਦੇ ਜੱਦੀ ਪਿੰਡ ਮਹਿਰਾਜ ਵਿੱਚ 67 ਏਕੜ ਜ਼ਮੀਨ ਉਹ ਲੋਕ ਦੱਬੀ ਬੈਠੇ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਲੁਧਿਆਣੇ ਦਾ ਇੱਕ ਪਿੰਡ ਗੋਰਸੀਆਂ ਹੈ। ਉਸ ਪਿੰਡ ਦੀ 360 ਏਕੜ ਪੰਚਾਇਤੀ ਜ਼ਮੀਨ ਹੈ। ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਉਹ ਕਿੰਨੇ-ਕਿੰਨੇ ਠੇਕੇ ਤੇ ਚੜ੍ਹਦੀ ਹੈ। ਉਹ ਪੂਰੀ 360 ਏਕੜ ਜ਼ਮੀਨ ਠੇਕੇ ਤੇ ਨਹੀਂ ਚੜ੍ਹਦੀ, ਉਸ ਦੇ ਵਿੱਚੋਂ ਵੀ ਤਕਰੀਬਨ 122 ਏਕੜ ਦੇ ਕਰੀਬ ਰਕਬਾ ਇਧਰਲੇ ਪਿਛਲੇ 10 ਸਾਲ ਰਾਜ ਕਰਨ ਵਾਲਿਆਂ ਦੁਆਰਾ ਦੱਬਿਆ ਹੋਇਆ ਹੈ। ਮੰਤਰੀ ਜੀ, ਜੇ ਉਸ 360 ਏਕੜ ਜ਼ਮੀਨ ਵਿੱਚੋਂ 122 ਏਕੜ ਘਟਾ ਦੇਈਏ, ਬਾਕੀ ਦੀ ਜ਼ਮੀਨ ਸਿਰਫ ਤੇ ਸਿਰਫ 18,000 ਰੁਪਏ ਤੋਂ ਲੈ ਕੇ 22,000 ਪ੍ਰਤੀ ਏਕੜ ਪ੍ਰਤੀ ਸਾਲ ਨਾਲ ਚੜ੍ਹਦੀ ਹੈ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਉਹ ਕਰਦੇ ਕੀ ਹਨ ਕਿ ਜ਼ਮੀਨ ਤਾਕਤਵਰ ਲੋਕ ਲੈ ਲੈਂਦੇ ਹਨ, ਫਿਰ ਉਹ ਧੱਕੇ ਨਾਲ ਆਪਣੀ ਪੰਚਾਇਤ ਬਣਵਾਉਂਦੇ ਹਨ, ਉਹ ਤਾਕਤਵਰ ਲੋਕ ਕਦੇ 'ਏ' ਦੇ ਨਾਮ ਤੇ ਬੋਲੀ, ਕਦੇ 'ਬੀ' ਦੇ ਨਾਮ ਤੇ ਬੋਲੀ ਅਤੇ ਕਦੇ 'ਸੀ' ਦੇ ਨਾਮ ਤੇ ਬੋਲੀ ਕਰਵਾਉਂਦੇ ਹਨ। ਉਹ ਆਪ ਖੇਤੀ ਨਹੀਂ ਕਰਦੇ। ਉਹ 18,000/- 20,000/- 22,000/- ਰੁਪਿਆ ਪ੍ਰਤੀ ਏਕੜ ਜ਼ਮੀਨ ਠੇਕੇ ਤੇ ਲੈ ਲੈਂਦੇ ਹਨ। ਫਿਰ ਉਹ ਅੱਗੇ ਉਸੇ ਜ਼ਮੀਨ ਨੂੰ 40,000 ਤੋਂ 45,000 ਰੁਪਿਆ ਪ੍ਰਤੀ ਏਕੜ ਠੇਕੇ ਤੇ ਚਾੜ੍ਹਦੇ ਹਨ। ਉਹ ਖੁਦ ਖੇਤੀ ਨਹੀਂ ਕਰਦੇ। ਮਤਲਬ ਕਿ ਉਹ ਲੋਕ ਘਰ ਵਿੱਚ ਬੈਠੇ ਮਲਾਈ ਖਾ ਰਹੇ ਹਨ। ਇਸ ਤੋਂ ਅੱਗੇ ਮੈਂ ਪਿੰਡ ਗੋਰਸੀਆਂ ਕਾਦਰ ਬਖਤ ਤੋਂ ਬਾਅਦ ਭੈਣੀ ਅਰਾਈਆਂ ਦੀ ਗੱਲ ਕਰਦਾ ਹਾਂ। ਉਥੇ ਜ਼ਮੀਨ 150 ਏਕੜ ਹੈ। ਉਥੇ ਸਤਿਕਾਰਯੋਗ ਆਪਣੀ ਸਰਕਾਰ ਦਾ ਜਿਹੜਾ ਹਾਰਿਆ ਹੋਇਆ ਐਮ.ਐਲ.ਏ. ਹੈ ਜੀ, ਮੈਨੂੰ ਇਸ ਗੱਲ ਦਾ ਅਫ਼ਸੋਸ ਹੈ ਕਿ ਗੋਰਸੀਆਂ, ਭੈਣੀ ਅਰਾਈਆਂ ਤੋਂ ਬਾਅਦ ਫਿਰ ਇਸ ਦੇ ਨਾਲ ਛੋਟਾ ਜਿਹਾ ਪਿੰਡ ਨੂਰਪੁਰ ਹੈ ਜੀ। ਉਥੇ ਵੀ ਇਹੀ ਹਾਲ ਹੈ। ਸਪੀਕਰ ਸਾਹਿਬ, ਮੇਰੀ ਤੁਹਾਡੇ ਜ਼ਰੀਏ ਮੰਤਰੀ ਜੀ ਨੂੰ ਬੇਨਤੀ ਹੈ ਕਿ ਇੱਕ ਕਮੇਟੀ ਬਣਾ ਦਿਉ ਤਾਂ ਕਿ ਕੋਈ ਤਾਕਤਵਰ, ਕੋਈ ਰਾਜਨੀਤਿਕ, ਸੱਤਾਧਾਰੀ ਜਾਂ ਕਿਸੇ ਵੱਡੀ ਰਾਜਨੀਤਿਕ ਪਾਰਟੀ ਦਾ ਕੋਈ ਤਾਕਤਵਰ ਵਿਅਕਤੀ ਇਨ੍ਹਾਂ ਜ਼ਮੀਨਾਂ ਨੂੰ ਕੌਡੀਆਂ ਦੇ ਭਾਅ ਤੇ ਠੇਕੇ ਉਤੇ ਨਾ ਲੈ ਸਕੇ ।

**ਮਾਨਯੋਗ ਸਪੀਕਰ :** ਚਲੋ, ਬੈਂਸ ਸਾਹਿਬ, ਤੁਸੀਂ ਬੈਠੋ ਜੀ। ਸ਼੍ਰੀ ਅੰਗਦ ਸਿੰਘ ਜੀ, ਤੁਸੀਂ ਬੋਲੋ।

**ਸ਼੍ਰੀ ਅੰਗਦ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਦੇ ਧਿਆਨ ਵਿੱਚ ਇਹ ਗੱਲ ਲਿਆਉਣੀ ਚਾਹੁੰਦਾ ਹਾਂ ਅਤੇ ਮੇਰੇ ਤੋਂ ਪਹਿਲਾਂ ਵੀ ਮੈਂਬਰ ਸਾਹਿਬਾਨਾਂ ਨੇ ਇਹ ਗੱਲ ਕੀਤੀ ਹੈ। ਜਿਹੜਾ ਪੰਜਾਬ ਵਿੱਚ ਬੇਟਾਈਮ ਮੀਂਹ ਪਿਆ ਹੈ ਇਹ ਬੜਾ ਅਹਿਮ ਮੁੱਦਾ ਹੈ ਜਿਸ ਕਾਰਨ ਕਿਸਾਨਾਂ ਦੀ ਆਲੂ ਦੀ ਫਸਲ ਦਾ ਬੜਾ ਨੁਕਸਾਨ ਹੋਇਆ ਹੈ। ਜੇ ਦੁਬਾਰਾ ਮੀਂਹ ਪਿਆ ਤਾਂ ਹੋਰ ਵੀ ਜ਼ਿਆਦਾ ਨੁਕਸਾਨ ਹੋਵੇਗਾ। ਮੈਨੂੰ ਪੂਰਾ ਯਕੀਨ ਹੈ ਕਿ ਸਰਕਾਰ ਇਸ ਪ੍ਰਤੀ ਜ਼ਰੂਰ ਕੋਈ ਅਹਿਮ ਫੈਸਲਾ ਲਵੇਗੀ ਤਾਂ ਕਿ ਕਿਸਾਨਾਂ ਦਾ ਜਿਹੜਾ ਇਹ ਨੁਕਸਾਨ ਹੋਇਆ ਹੈ, ਇਹ ਕਿਸੇ ਨਾ ਕਿਸੇ ਢੰਗ ਨਾਲ ਪੂਰਾ ਹੋ ਸਕੇ ਪਰ ਸਰ, ਮੈਨੂੰ ਤੁਹਾਡੇ ਧਿਆਨ ਵਿੱਚ ਇਹ ਗੱਲ ਲਿਆਉਣੀ ਪੈ ਰਹੀ ਹੈ ਕਿ ਜੇ ਸਰਕਾਰ ਅਜਿਹਾ ਕੁਝ ਕਰਨਾ ਵੀ ਚਾਹੁੰਦੀ ਹੈ ਤਾਂ ਮੇਰੇ ਨਵਾਂਸ਼ਹਿਰ ਜ਼ਿਲ੍ਹੇ ਦੇ ਕਿਸਾਨਾਂ ਨੂੰ ਉਨ੍ਹਾਂ ਦਾ ਹੱਕ ਨਹੀਂ ਮਿਲ ਸਕੇਗਾ। ਸਰ, ਜੇ ਸਰਕਾਰ ਵੱਲੋਂ ਕਿਸਾਨਾਂ ਨੂੰ ਕੁਝ ਦਿੱਤਾ ਵੀ ਜਾਂਦਾ ਹੈ ਤਾਂ ਨਵਾਂਸ਼ਹਿਰ ਦੇ ਕਿਸਾਨ ਫਿਰ ਵੀ ਵਾਂਝੇ ਰਹਿ ਜਾਣਗੇ, ਉਸ ਦਾ ਕਾਰਨ ਇਹ ਹੈ ਕਿ ਜਿਹੜੀਆਂ ਸਪੈਸ਼ਲ ਗਿਰਦਾਵਰੀਆਂ ਹੁੰਦੀਆਂ ਹਨ ਅਤੇ ਖਰਾਬੇ ਦਾ ਐਸਟੀਮੇਟ ਲਗਾਉਣਾ ਆਦਿ ਇਹ ਸਾਰਾ ਕੁਝ ਮਾਲ ਮਹਿਕਮੇ ਨੇ ਤਿਆਰ ਕਰਨਾ ਹੁੰਦਾ ਹੈ। ਮੈਨੂੰ ਬੜੇ ਦੁੱਖ ਨਾਲ ਇਹ ਗੱਲ ਕਰਨੀ ਪੈ ਰਹੀ ਹੈ ਕਿ ਜਿਹੜਾ ਦੁਆਬੇ ਦਾ ਔਰ ਨਵਾਂਸ਼ਹਿਰ ਦਾ ਹੱਕ ਹੈ, ਉਹ ਸਾਨੂੰ ਨਹੀਂ ਮਿਲ ਰਿਹਾ...

-----

## WELCOME ANNOUNCEMENT BY THE SPEAKER

**ਮਾਨਯੋਗ ਸਪੀਕਰ :** ਇੱਕ ਸੈਕਿੰਡ ਜੀ। ਮੈਨੂੰ ਸਦਨ ਨੂੰ ਇਹ ਸੂਚਿਤ ਕਰਨ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਸ਼੍ਰੀ ਭੁਪਿੰਦਰ ਸਿੰਘ ਹੁੱਡਾ, ਮਾਨਯੋਗ ਸਾਬਕਾ ਮੁੱਖ ਮੰਤਰੀ, ਹਰਿਆਣਾ ਅਤੇ ਸ਼੍ਰੀ ਕੁਲਦੀਪ ਸ਼ਰਮਾ, ਐਮ.ਐਲ.ਏ. ਅਤੇ ਸਾਬਕਾ ਸਪੀਕਰ, ਹਰਿਆਣਾ ਵਿਧਾਨ ਸਭਾ ਅੱਜ ਸਦਨ ਦੀ ਕਾਰਵਾਈ ਦੇਖਣ ਲਈ ਆਏ ਹਨ। ਆਓ, ਆਪਾਂ ਉਨ੍ਹਾਂ ਦਾ ਨਿੱਘਾ ਸਵਾਗਤ ਕਰੀਏ। (ਥੰਪਿੰਗ)

-----

## MATTERS RAISED DURING ZERO HOUR AND STATEMENTS MADE BY THE MINISTERS THEREON *(RESUMPTION)*

**ਸ਼੍ਰੀ ਅੰਗਦ ਸਿੰਘ :** ਸਪੀਕਰ ਸਾਹਿਬ, ਨਵਾਂਸ਼ਹਿਰ ਜ਼ਿਲ੍ਹੇ ਵਿੱਚ ਪਟਵਾਰੀਆਂ ਦੀਆਂ 175 ਪੋਸਟਾਂ ਹਨ। ਜਿਨ੍ਹਾਂ ਵਿਚੋਂ ਇਸ ਸਮੇਂ ਉਥੇ ਸਿਰਫ 40 ਪਟਵਾਰੀ ਕੰਮ ਕਰ ਰਹੇ ਹਨ। ਇਹ ਸਿਰਫ ਪਟਵਾਰੀਆਂ ਦੀ ਹੀ ਗੱਲ ਨਹੀਂ ਹੈ। ਚਾਹੇ ਪੰਚਾਇਤ ਸੈਕਟਰੀਆਂ ਦੀ ਗੱਲ ਹੈ, ਮੇਰੀ ਇਹ ਬੇਨਤੀ ਹੈ ਕਿ ਜਿਵੇਂ ਐਜੂਕੇਸ਼ਨ ਡਿਪਾਰਟਮੈਂਟ ਵਿੱਚ rationalization ਕੀਤੀ ਹੈ, ਇਸੇ ਢੰਗ ਨਾਲ ਜਿਹੜੇ ਬਾਕੀ ਮਹਿਕਮੇ ਹਨ, ਭਾਵੇਂ ਕੋਈ ਮਾਲ ਮਹਿਕਮਾ ਹੈ, ਭਾਵੇਂ ਕੋਈ ਪੰਚਾਇਤੀ ਰਾਜ ਮਹਿਕਮਾ ਹੈ। ਉਸ ਦੇ ਵਿੱਚ ਇਹ proper rationalization ਕੀਤੀ ਜਾਵੇ ਤਾਂ ਕਿ ਗਰਾਊਂਡ ਲੈਵਲ ਤੇ ਕੰਮ ਹੋ ਸਕਣ।

**ਮਾਨਯੋਗ ਸਪੀਕਰ :** ਧੰਨਵਾਦ ਜੀ। ਹਾਂ ਜੀ, ਸ਼੍ਰੀ ਬੁੱਧ ਰਾਮ ਜੀ।

**ਸ਼੍ਰੀ ਬੁੱਧ ਰਾਮ :** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਅੱਜ ਇੱਕ ਬਹੁਤ ਹੀ ਮਹੱਤਵਪੂਰਨ ਸੂਚਨਾ ਹਾਊਸ ਨੂੰ ਦੇਣੀ ਚਾਹੁੰਦਾ ਹਾਂ ਕਿ ਅੱਜ ਸਾਰਾ Secretariat, ਪੰਜਾਬ ਦੇ ਸਾਰੇ Ministerial Staff ਵਾਲੇ ਤੇ ਹੋਰ ਸਟਾਫ ਦੇ ਨਾਲ ਲੱਗ ਕੇ ਧਰਨੇ ਤੇ ਬੈਠੇ ਹਨ, ਕਲਮ ਛੋੜ ਹੜਤਾਲ ਤੇ ਬੈਠੇ ਹਨ। ਮੰਤਰੀ ਸਾਹਿਬ ਨੂੰ ਅਤੇ ਮੁੱਖ ਮੰਤਰੀ ਸਾਹਿਬ ਨੂੰ ਚਾਹੀਦਾ ਹੈ ਕਿ ਏਡੇ ਵੱਡੇ ਪੱਧਰ ਤੇ ਪੰਜਾਬ ਦਾ ਕੰਮ ਠੱਪ ਪਿਆ ਹੈ, ਕਿੰਨੇ ਲੋਕਾਂ ਦੇ ਕੰਮ ਠੱਪ ਪਏ ਹਨ। ਉਨ੍ਹਾਂ ਲੋਕਾਂ ਨਾਲ ਗੱਲ ਕਰਕੇ ਪਰਾਪਰਲੀ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਦੇ ਕੇ assurance ਦਿਵਾਉਣੀ ਚਾਹੀਦੀ ਹੈ। ਮੰਤਰੀਆਂ ਨੂੰ ਇੰਨੀ ਪਾਵਰ ਨਹੀਂ ਹੈ। ਮੁੱਖ ਮੰਤਰੀ ਸਾਹਿਬ ਗੱਲ ਨਹੀਂ ਕਰਨਾ ਚਾਹੁੰਦੇ ਹਨ। ਫਿਰ ਗੱਲ ਕਿਸ ਨਾਲ ਹੋਵੇਗੀ? ਦੇਖੋ ਡੀ.ਏ ਦੇ ਬਾਰੇ ਇਹ ਗੱਲ ਨਹੀਂ ਕਰਦੇ ਹਨ। ਅਕਾਲੀ ਸਰਕਾਰ ਵੇਲੇ ਜਿਹੜੇ ਚਲੇ ਗਏ ਹਨ, 1594 ਕਰੋੜ ਰੁਪਏ ਦਾ ਬਕਾਇਆ ਅਕਾਲੀ ਸਰਕਾਰ ਦੇ ਵੇਲੇ ਦੇ ਡੀ.ਏ ਦਾ ਪਿਆ ਹੈ। ਜਨਵਰੀ 2017, ਜੁਲਾਈ 2017, ਜਨਵਰੀ, 2018 ਅਤੇ ਜੁਲਾਈ, 2018 effectively 4, 3, 3, 6% ਹੈ, ਇਹ total 16% ਦੀ ਕਿਸ਼ਤ ਇਸ ਸਰਕਾਰ ਦੀ ਬਕਾਇਆ ਪਈ ਹੈ। ਸਰਕਾਰ ਨੇ 6% ਡੀ.ਏ. ਦੀ ਕਿਸ਼ਤ ਦੇ ਦਿੱਤੀ ਹੈ ਲੇਕਿਨ 10% ਹਾਲੇ ਵੀ ਬਕਾਇਆ ਪਿਆ ਹੈ ਜਿਸ ਦੇ ਵਿੱਚ 1770 ਕਰੋੜ ਰੁਪਏ ਦਾ ਬਕਾਇਆ

[ਸ਼੍ਰੀ ਬੁੱਧ ਰਾਮ]

ਕਾਂਗਰਸ ਸਰਕਾਰ ਦਾ ਦੋ ਸਾਲ ਦਾ ਮੁਲਾਜ਼ਮਾਂ ਨੇ ਲੈਣਾ ਹੈ। ਟੋਟਲ 3363 ਕਰੋੜ ਰੁਪਿਆ ਬਕਾਇਆ ਇਕੱਲੇ ਡੀ.ਏ. ਦਾ ਹੀ ਪਿਆ ਹੈ ਜੋ ਕਿ ਮੁਲਾਜ਼ਮਾਂ ਨੇ ਸਰਕਾਰ ਤੋਂ ਲੈਣਾ ਹੈ। ਮੁਲਾਜ਼ਮਾਂ ਨੇ 6ਵੇਂ ਪੇ-ਕਮਿਸ਼ਨ ਦੀ ਵੀ ਗੱਲ ਕੀਤੀ ਹੈ। ਬਹੁਤ ਸਮਾਂ ਹੋ ਗਿਆ ਹੈ, 2 ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਕੋਈ ਛੇਵਾਂ ਪੇ-ਕਮਿਸ਼ਨ ਨਹੀਂ ਲਾਗੂ ਕੀਤਾ ਹੈ। ਪੁਰਾਣੀ ਪੈਨਸ਼ਨ ਸਕੀਮ ਲਾਗੂ ਹੋਣੀ ਚਾਹੀਦੀ ਹੈ ਕਿਉਂਕਿ ਇਹ ਮੁਲਾਜ਼ਮਾਂ ਨਾਲ ਬੜਾ ਧੋਖਾ ਕੀਤਾ ਗਿਆ ਹੈ। ਸੋ, ਮੇਰੀ ਬੇਨਤੀ ਇਹ ਹੈ ਕਿ ਮੁਲਾਜ਼ਮਾਂ ਦੀਆਂ ਮੰਗਾਂ ਵੱਲ ਧਿਆਨ ਦਿੱਤਾ ਜਾਵੇ ਤਾਂ ਕਿ ਜਿਹੜੇ ਮੁਲਾਜ਼ਮ ਧਰਨੇ ਤੇ ਬੈਠੇ ਹਨ ਉਨ੍ਹਾਂ ਦੀ ਜਿਹੜੀ ਕਲਮ ਛੋੜ ਹੜਤਾਲ ਹੈ, ਉਸ ਨੂੰ ਖਤਮ ਕਰਵਾਇਆ ਜਾਵੇ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਹੁਣੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਵਾਕ ਆਊਟ ਕਰਕੇ ਗਏ ਹਨ। 10 ਸਾਲ ਇਨ੍ਹਾਂ ਦੀ ਸਰਕਾਰ ਰਹੀ ਹੈ। 10 ਸਾਲ ਇਨ੍ਹਾਂ ਨੇ ਦਲਿਤ ਵਰਗ ਨੂੰ ਪੈਰਾਂ ਵਿੱਚ ਰੋਲਿਆ ਹੈ। 10 ਸਾਲ ਹਰ ਤਰੀਕੇ ਦਾ ਧੋਖਾ ਇਨ੍ਹਾਂ ਨੇ ਦਲਿਤ ਵਰਗ ਦੇ ਨਾਲ ਕੀਤਾ। ਹੁਣ ਜਦੋਂ ਦਲਿਤ ਵਰਗ ਇਨ੍ਹਾਂ ਦੇ ਗਲ ਨੂੰ ਪੈ ਗਿਆ ਤਾਂ ਅੱਜ ਦਲਿਤ ਵਰਗ ਦਾ ਨਾਂ ਲਿਖ ਕੇ ਗਲ ਵਿੱਚ ਕਾਲੇ ਕਪੜੇ ਪਾ ਕੇ ਆਏ। ਇਨ੍ਹਾਂ ਮਗਰਮੱਛ ਦੇ ਹੰਝੂਆਂ ਨੂੰ ਇਹ ਪੰਜਾਬ ਦਾ ਦਲਿਤ ਵਰਗ ਬੜੀ ਭਲੀ ਭਾਂਤੀ ਪਛਾਣਦਾ ਹੈ। ਸਪੀਕਰ ਸਾਹਿਬ, ਇਨ੍ਹਾਂ ਨੇ ਇਹ ਸਭ ਕੁਝ ਇਸ ਲਈ ਕੀਤਾ ਹੈ ਕਿਉਂਕਿ 3000 ਯੂਨਿਟ ਦੀ ਸਾਲ ਦੀ ਜਿਹੜੀ ਕੰਡੀਸ਼ਨ ਲੱਗੀ ਸੀ, ਸਰਕਾਰ ਨੇ ਉਸ ਨੂੰ ਚੁੱਕ ਦਿੱਤਾ ਹੈ। ਹੁਣ ਅਗਰ ਦਲਿਤ ਵਰਗ ਦਾ ਵਿਅਕਤੀ ਬਿਜਲੀ ਦੇ 3000 ਯੂਨਿਟ ਸਾਲ ਵਿੱਚ ਬਾਲੇਗਾ ਤਾਂ ਉਸ ਨੂੰ 200 ਯੂਨਿਟ ਮਾਈਨਸ ਕਰਕੇ ਬਿੱਲ ਆਵੇਗਾ, ਉਸ ਨੂੰ 200 ਯੂਨਿਟਾਂ ਦਾ ਬੈਨੀਫਿੱਟ ਮਿਲੇਗਾ । ਸਪੀਕਰ ਸਾਹਿਬ, ਕੱਲ੍ਹ ਜਦੋਂ ਅਨਾਊਂਸ ਕਰ ਦਿੱਤਾ ਕਿ ਦਲਿਤ ਵਰਗ ਦਾ ਖੇਤ ਮਜ਼ਦੂਰ ਜਿਹੜਾ ਵੀ landless ਹੈ, ਉਨ੍ਹਾਂ ਦੇ ਵੀ ਕਰਜ਼ੇ ਮੁਆਫ ਕਰਾਂਗੇ ਤਾਂ ਇਨ੍ਹਾਂ ਨੇ ਕਿਹਾ ਕਿ ਇਹ ਤਾਂ ਬਾਜ਼ੀ ਲੈ ਗਏ, ਅਸੀਂ ਤਾਂ ਕੁਝ ਕਰ ਨਹੀਂ ਸਕੇ। ਅੱਜ ਇਹ ਡਰਾਮਾ ਕਰਨ ਵਾਸਤੇ ਇਥੇ ਖੜ੍ਹੇ ਹੋਏ ਹਨ। ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇਕਰ ਰਾਜਨੀਤੀ ਵਿੱਚ ਦਲਿਤ ਵਰਗ ਦੀ ਸਭ ਤੋਂ ਵੱਧ ਕੋਈ ਦੁਸ਼ਮਣ ਜਮਾਤ ਹੈ ਤਾਂ ** ਅਕਾਲੀ ਦਲ ਤੇ ਬੀ.ਜੇ.ਪੀ. ਹੈ। ਅੱਜ ਤੱਕ ਇਨ੍ਹਾਂ ਨੇ ਦਲਿਤ ਵਰਗ ਨੂੰ ਕੁੱਟਿਆ, ਲੁੱਟਿਆ ਅਤੇ ਹਰ ਤਰੀਕੇ ਦੇ ਨਾਲ ਇਨ੍ਹਾਂ ਨੇ ਦਲਿਤ ਵਰਗ ਦਾ ਸ਼ੋਸ਼ਣ ਕੀਤਾ ਹੈ। ਇਹ ਕਿਸੇ ਤਰ੍ਹਾਂ ਦਾ ਹੱਕ ਨਹੀਂ

ਸੰਬੰਧਿਤ ਮੰਤਰੀ ਵਲੋਂ ** ਸ਼ਬਦ ਵਾਪਸ ਲਿਆ ਗਿਆ।

ਰੱਖਦੇ ਕਿ ਦਲਿਤ ਵਰਗ ਬਾਰੇ ਕੋਈ ਗੱਲ ਵੀ ਕਰਨ। ਇਸ ਲਈ ਮੈਂ ਇਨ੍ਹਾਂ ਦੀ ਇਸ ਹਰਕਤ ਦੀ ਨਿੰਦਾ ਕਰਦਾ ਹਾਂ। ਜਦੋਂ ਦਲਿਤ ਵਰਗ ਉਤੇ ਇਹ ਕੰਡੀਸ਼ਨ ਲੱਗੀ ਸੀ ਉਦੋਂ ਤਾਂ ਇਹ ਬੋਲੇ ਨਹੀਂ, ਉਨ੍ਹਾਂ ਨੂੰ ਇਹ ਹੋ ਗਿਆ ਕਿ ਦਲਿਤ ਵਰਗ ਉਤੇ 3000 ਯੂਨਿਟਾਂ ਦੀ ਕੰਡੀਸ਼ਨ ਲੱਗ ਗਈ, ਹੁਣ ਦਲਿਤ ਵਰਗ ਦੇ ਲੋਕਾਂ ਦੇ ਬਿਜਲੀ ਦੇ 200 ਯੂਨਿਟ ਮੁਆਫ ਨਹੀਂ ਹੋਣੇ। ਇਸ ਕਰਕੇ ਇਹ ਉਦੋਂ ਨਹੀਂ ਬੋਲੇ। ਜਦੋਂ ਕੰਡੀਸ਼ਨ ਚੁੱਕ ਦਿੱਤੀ, ਉਦੋਂ ਬੋਲਣ ਲੱਗੇ ਹਨ। ਧੰਨਵਾਦ ।

**ਸਹਿਕਾਰਤਾ ਤੇ ਜੇਲ੍ਹਾਂ ਮੰਤਰੀ :** ਸਪੀਕਰ ਸਾਹਿਬ, ਮੰਤਰੀ ਜੀ ਨੇ ਜੋ ** ਲਫਜ਼ ਵਰਤਿਆ ਇਹ ਮੈਂ ਹਾਊਸ ਨੂੰ ਅਪੀਲ ਕਰਦਾ ਹਾਂ ਕਿ ਇਸ ਨੂੰ ਐਕਸਪੰਜ ਕੀਤਾ ਜਾਵੇ। ਇਸ ਕਰਕੇ ਮੰਤਰੀ ਜੀ ਜਾਂ ਤਾਂ ਤੁਸੀਂ ਆਪਣਾ ਇਹ ਲਫਜ਼ ਵਾਪਸ ਲਓ, ਕਿਉਂਕਿ ਕਈ ਦਲ ਬਣ ਗਏ ਹਨ। ਇਹ ਸ਼ਬਦ ਵਾਪਸ ਲਓ ਜੀ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਇਕ ਅਕਾਲੀ ਦਲ ਬਾਦਲ ਹੈ, ਇੱਕ ਹੋਰ ਹੈ। ਇਹ ਕੋਈ ਰਾਜਨੀਤੀ ਵਿੱਚ ਲੋਕਾਂ ਦੀ ਜਾਂ ਪਬਲਿਕ ਦੀ ਪਾਰਟੀ ਨਹੀਂ ਹੈ। ਇਹ ਮੈਂ ਇਨ੍ਹਾਂ ਦੇ ਕਹਿਣ ਤੇ ** ਸ਼ਬਦ ਵਾਪਸ ਲੈਂਦਾ ਹਾਂ।

**ਮਾਨਯੋਗ ਸਪੀਕਰ :** ਚਲੋ, ਬੈਠੋ। ਕਾਲ ਅਟੈਨਸ਼ਨ, ਸ਼੍ਰੀ ਕੰਵਰ ਸੰਧੂ ਜੀ। ਕਾਫੀ ਹੋ ਗਿਆ, ਤੁਸੀਂ ਬੈਠੋ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਤੇ ਬੋਲਣ ਲਈ ਸਮੇਂ ਦੀ ਮੰਗ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ :** ਸ਼੍ਰੀ ਕੰਵਰ ਸੰਧੂ ਜੀ, ਤੁਸੀਂ ਉਠ ਕੇ ਖੜ੍ਹੇ ਹੋਵੋ। (ਸ਼ੋਰ) ਕੰਵਰ ਸੰਧੂ ਜੀ ਬੋਲਣਾ ਤੁਸੀਂ? (ਸ਼ੋਰ) ਤੁਸੀਂ ਦੂਜੇ ਮਤਿਆਂ ਤੇ ਬੋਲ ਲੈਣਾ (ਆਮ ਆਦਮੀ ਪਾਰਟੀ ਦੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ) ਬਹੁਤ ਮਤੇ ਆਉਣੇ ਹਨ। ਅੱਜ ਨਾਨ ਆਫੀਸ਼ੀਅਲ ਡੇਅ ਹੈ, ਸਭ ਨੇ ਬੋਲਣਾ ਹੈ। (ਸ਼ੋਰ) ਬੈਠੋ, ਬੈਠੋ, ਬੈਠੋ। ਹਾਂ ਪਿਰਮਲ ਜੀ, ਦੱਸੋ।

**ਸਰਦਾਰ ਪਿਰਮਲ ਸਿੰਘ ਧੌਲਾ :** ਧੰਨਵਾਦ ਸਪੀਕਰ ਸਾਹਿਬ....... (ਵਿਘਨ) (ਸ਼ੋਰ)

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ :** 24.01.2019 ਨੂੰ..............

**ਮਾਨਯੋਗ ਸਪੀਕਰ :** ਪਿਰਮਲ ਜੀ ਨੂੰ ਆਪਣੀ ਗੱਲ ਕਹਿ ਲੈਣ ਦਿਉ।

---

ਸੰਬੰਧਿਤ ਮੰਤਰੀ ਵਲੋਂ ** ਸ਼ਬਦ ਵਾਪਸ ਲਿਆ ਗਿਆ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਪੈਟਰੋਲ ਪੰਪ,ਸਟੇਟ ਹਾਈਵੇਅ ਤੇ ਪੈਂਦੇ ਹਨ,(ਵਿਘਨ)(ਸ਼ੋਰ) ਨੈਸ਼ਨਲ ਹਾਈਵੇਅ ਤੇ ਪੈਂਦੇ ਹਨ (ਵਿਘਨ) ਜੇ ਬੋਲਣ ਨੂੰ ਟਾਈਮ ਨਹੀਂ ਦਿੰਦੇ ਤਾਂ ਹੋਰ ਕੀ ਕਰੀਏ? (ਵਿਘਨ) (ਸ਼ੋਰ)

**ਸਰਦਾਰ ਪਿਰਮਲ ਸਿੰਘ ਧੌਲਾ :** ਸਪੀਕਰ ਸਾਹਿਬ, ਮੈਂ ਨੌਜਵਾਨਾਂ ਦੀ ਗੱਲ ਕਰਨੀ ਚਾਹੁੰਦਾ ਹਾਂ। ਸਪੀਕਰ ਸਾਹਿਬ, ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਮੁੱਦੇ ਤੇ ਸੱਤਾ ਵਿੱਚ ਆਈ ਹੈ। ਠੀਕ ਹੈ, ਸਰਕਾਰ 5 ਲੱਖ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਦਾਅਵੇ ਕਰਦੀ ਹੈ। ਪਰ ਮੈਂ ਕੁਝ ਨੌਜਵਾਨਾਂ ਦਾ ਦਰਦ ਇਸ ਸਦਨ ਵਿੱਚ ਬਿਆਨ ਕਰਨਾ ਚਾਹੁੰਦਾ ਹਾਂ। ਦੋ ਦਿਨ ਪਹਿਲਾਂ ਮੈਨੂੰ ਕਾਫੀ ਸਾਰੇ ਬੇਰੁਜ਼ਗਾਰ ਈ.ਟੀ.ਟੀ. ਟੀਚਰ, ਬੇ ਰੁਜ਼ਗਾਰ ਬੀ.ਐਡ. ਟੀਚਰ, ਲਾਇਨਮੈਨ ਦੇ ਫੋਨ ਆਏ ਜਿਨ੍ਹਾਂ ਦੀ ਆਪਣੀ ਭਰਤੀ ਦੀ ਉਮਰ ਹੱਦ ਪਾਰ ਹੋਣ ਵਿੱਚ ਕਿਸੇ ਦੇ ਮਹੀਨੇ ਰਹਿ ਗਏ ਹਨ, ਕਿਸੇ ਦਾ ਇੱਕ ਮਹੀਨਾ ਰਹਿ ਗਿਆ ਹੈ ਜਾਂ ਕਈ ਉਮਰ ਪਾਰ ਕਰ ਚੁੱਕੇ ਹਨ। ਸਾਡੇ ਨਾਲ ਦੀ ਗੁਆਂਢੀ ਸਟੇਟ ਹਰਿਆਣਾ ਹੈ, ਉਸ ਨੇ ਆਪਣੀ ਸਟੇਟ ਵਿੱਚ ਭਰਤੀ ਦੀ ਉਮਰ ਹੱਦ 42 ਸਾਲ ਕੀਤੀ ਹੋਈ ਹੈ। ਹਿਮਾਚਲ ਵਿੱਚ ਬਹੁਤ ਸਾਰੇ ਮਹਿਕਮਿਆਂ ਵਿੱਚ 45 ਸਾਲ ਹੈ। ਇਸ ਨਾਲ ਸਾਡੀ ਸਰਕਾਰ ਤੇ ਕੋਈ ਬੋਝ ਨਹੀਂ ਪੈਂਦਾ। ਇੱਕ ਨੋਟੀਫਿਕੇਸ਼ਨ ਨਾਲ ਅਸੀਂ ਉਨ੍ਹਾਂ ਨੌਜਵਾਨਾਂ ਨੂੰ ਰੁਜ਼ਗਾਰ ਦਾ ਮੌਕਾ ਦੇ ਸਕਦੇ ਹਾਂ। ਸੋ, ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਸਾਰੇ ਮਹਿਕਮਿਆਂ ਵਿੱਚ ਹਰਿਆਣਾ ਅਤੇ ਹਿਮਾਚਲ ਦੀ ਤਰਜ਼ ਤੇ ਘੱਟੋ- ਘੱਟ ਉਮਰ ਹੱਦ 42 ਸਾਲ ਕੀਤੀ ਜਾਵੇ ਤਾਂ ਕਿ ਸਾਡੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਮਿਲਣ ਅਤੇ ਸਰਕਾਰ ਨੂੰ ਵੀ ਮਾਲੀਆ ਇਕੱਠਾ ਹੋ ਸਕੇ। ਬਹੁਤ-ਬਹੁਤ ਧੰਨਵਾਦ।

**ਮਾਨਯੋਗ ਸਪੀਕਰ :** ਧੰਨਵਾਦ। ਹਾਂ ਜੀ, ਸ਼੍ਰੀ ਕੰਵਰ ਸੰਧੂ ਜੀ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਤੇ ਬੋਲਣ ਲਈ ਆਗਿਆ ਮੰਗ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ :** ਇਹ ਹੋਣਾ ਨਹੀਂ ਜੀ। ਤੁਸੀਂ ਬੋਲਣਾ ਹੈ ਤਾਂ ਬੋਲੋ, ਨਹੀਂ ਮੈਂ ਅਗਲੀ ਕਾਲ ਅਟੈਂਸ਼ਨ ਸ਼ੁਰੂ ਕਰਵਾਵਾਂ। (ਵਿਘਨ) (ਸ਼ੋਰ) ਬੈਠੋ, ਬੈਠੋ, ਬੈਠੋ। ਜ਼ੀਰੋ ਆਵਰ ਤੇ ਸਾਰੇ ਨਹੀਂ ਬੋਲ ਸਕਦੇ, ਜ਼ੀਰੋ ਆਵਰ ਤੇ ਸਾਰੇ

ਨਹੀਂ ਬੋਲ ਸਕਦੇ। (ਸ਼ੋਰ) Not possible, not possible. (ਵਿਘਨ) (ਸ਼ੋਰ) Impossible, impossible ਸੰਧੂ ਸਾਹਿਬ, ਤੁਸੀਂ ਬੋਲੋ ਜੀ। (ਸ਼ੋਰ) ਸੰਧੂ ਸਾਹਿਬ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਨਾਜਰ ਸਿੰਘ ਮਾਨਸ਼ਾਹੀਆ, ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ।)

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ........ ਇੱਕ ਮਿੰਟ ਬੈਠ ਜਾਉ, (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਤੁਸੀਂ ਬਜਟ ਤੇ ਬੋਲਣਾ ਹੈ, ਬਜਟ ਤੇ ਬਹਿਸ ਦੌਰਾਨ ਬੋਲ ਲੈਣਾ। (ਸ਼ੋਰ) ਬਜਟ ਆਏਗਾ ਤਾਂ ਆਪਣੀ ਗੱਲ ਕਰਨਾ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ :** ਸਰ, ਬਜਟ ਆ ਗਿਆ ਜੀ।

**ਮਾਨਯੋਗ ਸਪੀਕਰ :** ਤੁਸੀਂ ਡਿਸਕਸ਼ਨ ਵੇਲੇ ਗੱਲ ਕਰ ਲੈਣਾ। (ਵਿਘਨ) ਜਦੋਂ ਬਜਟ ਤੇ ਡਿਸਕਸ਼ਨ ਕਰਨੀ ਹੈ, ਉਦੋਂ ਗੱਲ ਕਰਨਾ। (ਸ਼ੋਰ) ਬਜਟ ਦੀ ਡਿਸਕਸ਼ਨ ਤੇ ਬੋਲ ਲੈਣਾ। ਕੱਲ੍ਹ ਬੋਲ ਲੈਣਾ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ :** ਇਹ ਜ਼ੀਰੋ ਆਵਰ ਹੈ ਜੀ।

**ਮਾਨਯੋਗ ਸਪੀਕਰ :** ਨਹੀਂ ਜੀ, ਇਸ ਨੂੰ ਜ਼ੀਰੋ ਆਵਰ ਵਿੱਚ ਨਹੀਂ ਉਠਾ ਸਕਦੇ। (ਸ਼ੋਰ) ਨਹੀਂ ਉੱਠੇਗਾ, ਨਹੀਂ ਉੱਠੇਗਾ। (ਵਿਘਨ) (ਸ਼ੋਰ) ਬੋਲੋ ਜੀ, ਸੰਧੂ ਸਾਹਿਬ। (ਸ਼ੋਰ) ਨਹੀਂ ਹੋਣੀ ਗੱਲ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਪਲੀਜ਼, ਗੱਲ ਕਰ ਲੈਣ ਦਿਉ.....

**ਮਾਨਯੋਗ ਸਪੀਕਰ :** ਨਹੀਂ ਹੋਣੀ ਗੱਲ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ :** ਠੀਕ ਹੈ ਜੀ, ਜੇ ਤੁਸੀਂ ਲੋਕਾਂ ਦੀਆਂ ਸਮੱਸਿਆਵਾਂ ਨਾਲ ਕਨਸਰਨਡ.........

**ਮਾਨਯੋਗ ਸਪੀਕਰ :** ਸੰਧੂ ਸਾਹਿਬ, ਤੁਸੀਂ ਆਪਣੀ ਕਾਲ ਅਟੈਨਸ਼ਨ ਪੇਸ਼ ਕਰੋ ਜੀ।

----

## CALLING ATTENTION NOTICES UNDER RULE 66

**(ਕ੍ਰਮ ਨੰ: 17)**

**ਸ਼੍ਰੀ ਕੰਵਰ ਸੰਧੂ :** ਸ਼੍ਰੀਮਾਨ ਜੀ, ਮੈਂ ਸਦਨ ਦਾ ਧਿਆਨ ਇੱਕ ਬਹੁਤ ਅਹਿਮ ਮਸਲੇ ਤੇ ਦਿਵਾਉਣਾ ਚਾਹੁੰਦਾ ਹਾਂ। ਪੰਜਾਬ ਦੇ ਜਿਹੜੇ ਨੌਜਵਾਨ ਹਨ, ਉਹ ਲਗਾਤਾਰ ਐਕਸਪਲਾਇਟ ਹੋ ਰਹੇ ਹਨ। ਜਿਹੜੇ ਟਰੈਵਲ ਏਜੰਟ ਹਨ, ਬਹੁਤ ਸਾਰੇ ਉਹ ਟਰੈਵਲ ਏਜੰਟ ਜਿਨ੍ਹਾਂ ਕੋਲ ਲਾਇਸੰਸ ਵੀ ਨਹੀਂ ਹੈ, ਉਹ ਉਨ੍ਹਾਂ ਨੂੰ ਝਾਂਸਾ ਦੇ ਕੇ, ਪੈਸੇ ਲੈ ਕੇ.....

**ਮਾਨਯੋਗ ਸਪੀਕਰ :** ਤੁਸੀਂ ਕਾਲ ਅਟੈਂਸ਼ਨ ਪੜ੍ਹੋ।

**ਸ਼੍ਰੀ ਕੰਵਰ ਸੰਧੂ :** ਹਾਂ ਜੀ। ਮੈਂ ਉਸ ਦੀ ਹੀ ਗੱਲ ਕਰ ਰਿਹਾ ਹਾਂ ਜੀ।

**ਮਾਨਯੋਗ ਸਪੀਕਰ :** ਨਹੀਂ, ਗੱਲ ਨਹੀਂ ਕਰਨੀ, ਪੜ੍ਹਨੀ ਹੈ।

**Shri Kanwar Sandhu :** Sir, I draw the attention of the Chief Minister towards a matter of urgent public importance, namely the continuing exploitation of Punjab's youth by unscrupulous travel agents in the State. In this month of February, 2019, a shocking case has surfaced regarding four youth of Kapurthala District who were fraudulently sent to Armenia by a group of seven travel agents.

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਪੰਜਾਬੀ ਵਿੱਚ ਬੋਲੋ......

**ਮਾਨਯੋਗ ਸਪੀਕਰ :** ਉਹ ਅੰਗਰੇਜ਼ੀ ਬੋਲ ਸਕਦੇ ਹਨ।

**ਸ਼੍ਰੀ ਕੰਵਰ ਸੰਧੂ :** ਮੈਂ ਇਹੋ ਚੀਜ਼ ਪੰਜਾਬੀ ਵਿੱਚ ਬੋਲ ਰਿਹਾ ਸੀ। A number of Punjab youth are also reportedly struck in Detention Centres in USA after they were detected while crossing the border into America. All this is just the tip of the iceberg; daily complaints are being filed by gullible people whose money is stuck with unlicensed and illegal travel agents in various places of the state. Apparently, all this is happening despite the promulgation of Punjab Prevention of Human Smuggling Act, 2012 and the

purported Advisory issued by the Punjab Government to DCs and SSPs in 2018. There is great resentment amongst the people of Punjab.

Keeping in view the obvious and urgent importance of the matter, the Minister concerned may please be asked to make a statement on the floor of the House.

ਮੈਂ ਇਹੋ ਚੀਜ਼ ਪੰਜਾਬੀ ਵਿੱਚ ਪੜ੍ਹ ਰਿਹਾ ਸੀ, ਹੋਰ ਕੁਝ ਨਹੀਂ ਸੀ ਕਹਿ ਰਿਹਾ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਤਾਂ ਸ਼੍ਰੀ ਕੰਵਰ ਸੰਧੂ ਸਾਹਿਬ ਦੀ ਇਸ ਗੱਲ ਤੇ ਬਹੁਤ ਸ਼ਲਾਘਾ ਕਰਦਾ ਹਾਂ ਕਿ ਉਨ੍ਹਾਂ ਨੇ ਪੰਜਾਬ ਦੇ ਨੌਜਵਾਨਾਂ ਨਾਲ ਜੁੜੇ ਹੋਏ ਬਰਨਿੰਗ ਇਸ਼ੂ ਤੇ ਕਾਲ ਅਟੈਨਸ਼ਨ ਲਿਆਂਦੀ ਹੈ । ਇਹ ਖੁਦ ਬੜੇ ਇੰਟੈਲੀਜੈਂਟ ਹਨ ਔਰ ਇਨ੍ਹਾਂ ਨੂੰ ਬੜੀ ਅਵੇਅਰਨੈੱਸ ਹੈ। Speaker Sir, The Government of Punjab is making all efforts to stop any exploitation of Punjab's youth by unscrupulous travel agents in the State. In this regard, the Punjab Prevention of Human Smuggling Act, 2012 and the Punjab Travel Professionals Regulation Act, 2014 have been enacted by the Government and Rules thereunder have also been framed. The Department of Home Affairs and Justice is holding regular meetings and video conference with all field officers including Deputy Commissioners and Senior Superintendents of Police. Detailed advisory has also been issued by the Punjab Government to all DCs, CPs and SSPs in 2018. Every effort is being made to make people aware of the provisions of laws and rules for legal immigration so as not to fall prey to the unscrupulous travel agents.

Regarding the case of four youth of Kapurthala District, who were fraudulently sent to Armenia by a group of seven travel agents, FIR No. 08, FIR No. 09 and FIR No. 10 dated 04.02.2019

[Minister for Parliamentary Affairs]

u/s 420 IPC, and u/s 13 of Punjab Prevention of Human Smuggling Act, 2012 have been registered. Three agents have been arrested on 7.2.2019, 8.2.2019 and 9.2.2019. The police is making all efforts to arrest the other accused namely Palwinder Kaur w/o Surjit Singh r/o Dhilwan Patti, District Kapurthala and Harpreet Kaur w/o Jaspal Singh r/o Mansurwala, District Kapurthala Raids are being conducted to arrest the accused persons and Look Out Circular (LOC) has also been issued.

All four victims returned back from Armenia and safely reached their respective homes on 9.2.2019.

From 17.3.2017 to 10.2.2019, a total of 2140 cases have been registered under different Acts. Out of these, 528 cases have been registered under The Punjab Travel Professionals Regulation Act, 2014, 1107 cases have been registered against the unscrupulous travel agents u/s 420 of Indian Penal Code and 505 cases have been registered under the Emigration Act, 1983.

Educational seminars and publicity campaigns have been launched by Punjab Police for educating the common people, especially the youth about the activities of illegal and unscrupulous travel agents. Further, for safe & legal migration in State, various educational seminars are being organized in district of Punjab under SAANJH project of Punjab Police for giving widespread publicity through public meetings. The Government is fully committed to curb illegal activities of such companies in Punjab. Orientation Programme in collaboration with the Ministry of External Affairs are also being organized to make the youth aware and also for pre-departure training.

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੰਤਰੀ ਸਾਹਿਬ ਦੇ ਨੋਟਿਸ ਵਾਸਤੇ ਤਿੰਨ-ਚਾਰ ਇਸ਼ੂਜ਼ ਫਲੈਗ ਕਰਨਾ ਚਾਹੁੰਦਾ ਹਾਂ। ਇਹ ਠੀਕ ਹੈ ਕਿ ਕਾਫੀ ਕੇਸਿਜ਼ ਪਿਛਲੇ ਚਾਰ-ਪੰਜ ਸਾਲਾਂ ਵਿੱਚ ਰਜਿਸਟਰ ਹੋਏ ਹਨ ਪਰ ਕਿਉਂਕਿ ਹਾਲੇ ਵੀ ਇਹ ਸਿਸਟਮ, ਹਾਲੇ ਵੀ ਇਹ ਧੰਦਾ ਚਲ ਰਿਹਾ ਹੈ, unscrupulous agents ਹਾਲੇ ਵੀ ਲੋਕਾਂ ਨੂੰ ਇਸੇ ਤਰ੍ਹਾਂ ਹੀ ਭੇਜ ਰਹੇ ਹਨ। ਕੀ ਸਰਕਾਰ ਦੇ ਧਿਆਨ ਵਿੱਚ ਹੈ ਕਿ ਆਉਣ ਵਾਲੇ ਸਮੇਂ ਵਿੱਚ ਇਸ ਸਬੰਧੀ ਕੋਈ ਫਾਸਟ ਟ੍ਰੈਕ ਕੋਰਟ ਦੀ ਸਿਫਾਰਸ਼ ਕਰਨ ਵਾਸਤੇ ਵਿਚਾਰ ਹੈ? ਕਿਉਂਕਿ ਪੰਜ-ਛੇ ਸਾਲ ਹੋ ਗਏ ਹਨ, ਮੈਨੂੰ ਨਹੀਂ ਲਗਦਾ ਹੈ ਕਿ ਕਿਸੇ ਟ੍ਰੈਵਲ ਏਜੰਟ ਨੂੰ ਕੋਈ ਸਜ਼ਾ ਮਿਲੀ ਹੋਵੇਗੀ। ਜਿੰਨਾ ਸਮਾਂ ਇਨ੍ਹਾਂ ਨੂੰ ਸਜ਼ਾ ਨਹੀਂ ਮਿਲੇਗੀ, ਉਨਾ ਸਮਾਂ ਇਹ ਟ੍ਰੈਵਲ ਏਜੰਟ ਇਹ ਕੰਮ ਕਰਨ ਤੋਂ ਨਹੀਂ ਹੱਟਣਗੇ। ਦੂਜਾ ਇਨ੍ਹਾਂ ਨੇ ਕਿਹਾ ਕਿ ਸੈਮੀਨਾਰ ਆਰਗੇਨਾਈਜ਼ ਕੀਤੇ ਜਾ ਰਹੇ ਹਨ, obviously ਸੈਮੀਨਾਰਜ਼ ਦਾ ਕੋਈ ਅਸਰ ਨਹੀਂ ਹੋ ਰਿਹਾ ਹੈ ਕਿਉਂਕਿ ਮੇਰਾ ਖਿਆਲ ਸਾਰੇ ਐਮ.ਐਲ.ਏ. ਸਾਹਿਬਾਨ ਨੂੰ 5-7 ਫੋਨ ਕਾਲਜ਼ ਰੋਜ਼ ਦੀਆਂ ਆਉਂਦੀਆਂ ਹਨ ਕਿ ਸਾਡੇ ਪੈਸੇ ਫਸੇ ਹਨ, ਕਢਵਾ ਦਿਓ, ਪੁਲਿਸ ਨੂੰ ਫੋਨ ਕਰ ਦਿਓ, ਉਨ੍ਹਾਂ ਤੇ ਦਬਾਅ ਪਾ ਕੇ ਕਢਵਾ ਦਿਓ। ਸੋ, ਹੋਰ ਕੀ ਕਰਨ ਦੀ ਲੋੜ ਹੈ? ਕੀ ਇਸ ਵਾਸਤੇ ਸਰਕਾਰ ਨੇ ਕੋਈ ਕਮੇਟੀ ਬਣਾਈ ਹੈ ਜਾਂ ਕੋਈ ਹੋਰ ਕਦਮ ਚੁੱਕ ਰਹੀ ਹੈ? ਤੀਸਰਾ ਮੈਨੂੰ ਯਾਦ ਹੈ, ਸ਼ਾਇਦ ਮੈਨੀਫੈਸਟੋ ਦੇ ਵਿੱਚ ਇਹ ਜ਼ਿਕਰ ਸੀ ਕਿ ਇੱਕ ਕਾਰਪੋਰੇਸ਼ਨ ਬਣਾਈ ਜਾਵੇਗੀ। ਜਿਹੜੀ-ਜਿਹੜੀ ਕੰਟਰੀਜ਼ ਦੇ ਵਿੱਚ ਜਿਹੜੇ-ਜਿਹੜੇ ਸਕਿੱਲ ਦੇ ਲੋਕਾਂ ਦੀ ਲੋੜ ਹੈ, ਉਸ ਦੇ ਮੁਤਾਬਿਕ ਇੱਥੇ ਇਨ੍ਹਾਂ ਨੂੰ ਸਕਿੱਲ ਪ੍ਰੋਵਾਈਡ ਕੀਤੀ ਜਾਵੇਗੀ। ਆਈ.ਟੀ.ਆਈ ਵਿੱਚ ਜਿਹੜਾ course curriculum ਹੈ, ਉਸ ਦੇ ਵਿੱਚ ਬਦਲਾਅ ਕਰਕੇ ਉਵੇਂ ਦੀ ਟਰੇਨਿੰਗ ਦਿੱਤੀ ਜਾਵੇਗੀ। ਕੀ ਉਹੋ ਜਿਹਾ ਸਿਸਟਮ ਜਾਂ ਸਕੀਮ ਚੱਲ ਰਹੀ ਹੈ ਕਿਉਂਕਿ ਜਿਹੜੇ ਵੀ ਸਕਿੱਲ ਉੱਥੇ ਚਾਹੀਦੇ ਹਨ, ਉਹ ਅਸੀਂ ਪ੍ਰੋਡਿਊਸ ਨਹੀਂ ਕਰ ਰਹੇ ਔਰ ਜਾਇਜ਼ ਤੌਰ ਤੇ ਇਹ ਲੋਕ ਬਾਹਰ ਜਾ ਨਹੀਂ ਸਕਦੇ ਸ਼ਾਇਦ ਇਸ ਕਰਕੇ ਉਹ ਨਾਜਾਇਜ਼ ਰਸਤਾ ਅਪਣਾ ਲੈਂਦੇ ਹਨ। ਇਸ ਤੋਂ ਇਲਾਵਾ ਜਿਹੜੇ ਇਹ 4 ਵਿਅਕਤੀ ਅਰਮੇਨੀਆ ਵਿੱਚ ਫੱਸ ਗਏ ਸਨ, ਉਨ੍ਹਾਂ ਨੇ ਕਈ ਲੋਕਾਂ ਨੂੰ ਫੋਨ ਕੀਤੇ, ਇੱਕ ਸਾਡੇ ਪਾਰਟੀ ਦੇ ਐਮ.ਪੀ. ਸਾਹਿਬਾਨ ਹਨ, ਉਨ੍ਹਾਂ ਦੀ ਮਦਦ ਨਾਲ ਸ਼ਾਇਦ ਉਹ ਵਾਪਸ ਆਏ, ਉਨ੍ਹਾਂ ਨੇ ਫਿਰ ਇਹ ਮਸਲਾ ਕੇਂਦਰ ਨਾਲ ਟੇਕ-ਅੱਪ ਕੀਤਾ। ਕੀ ਸਰਕਾਰ ਦੀ ਕੋਈ ਇਹੋ-ਜਿਹੀ ਹੈਲਪ ਲਾਈਨ ਹੈ ਜਾਂ ਕੀ ਸਰਕਾਰ ਕੋਈ ਇਸ ਤਰ੍ਹਾਂ ਦੀ ਹੈਲਪ ਲਾਈਨ ਸੈੱਟ-ਅੱਪ ਕਰੇਗੀ ਜਿਸ ਦੇ ਨਾਲ ਜੇ ਕੋਈ ਬਾਹਰ ਫੱਸ ਜਾਵੇ ਤਾਂ ਉਹ ਤੁਰੰਤ ਇੱਥੇ ਫੋਨ ਕਰ ਸਕੇ ਅਤੇ ਇੱਥੇ ਸਰਕਾਰ ਹਰਕਤ ਵਿੱਚ ਆ ਕੇ ਕੇਂਦਰ ਸਰਕਾਰ ਨਾਲ ਮਿਲ ਕੇ ਉਸ ਨੂੰ ਵਾਪਸ ਦੇਸ਼ ਲਿਆ ਸਕੇ।

**ਮਾਨਯੋਗ ਸਪੀਕਰ :** ਹਾਂ ਜੀ, ਬ੍ਰਹਮ ਮਹਿੰਦਰਾ ਜੀ, mechanism for training ਜਾਂ ਕੋਈ ਹੈਲਪਲਾਈਨ ਦੇ ਇਸ਼ੂ ਬਾਰੇ ਕੋਈ ਵਿਚਾਰ ਹੈ?

**ਮੰਤਰੀ :** ਸਰ, ਮੈਂ ਕਹਿਣਾ ਚਾਹਾਂਗਾ ਕਿ ਸਤਿਕਾਰਯੋਗ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਇਸ ਇਸ਼ੂ ਤੇ ਬਹੁਤ ਸੈਂਸੇਟਿਵ ਔਰ ਸੀਰੀਅਸ ਹਨ । ਪੰਜਾਬ ਦੇ ਨੌਜਵਾਨਾਂ ਨੂੰ ਟਰੈਵਲ ਏਜੰਟ ਵਰਗਲਾ ਕੇ ਪੈਸਾ ਲੁੱਟਣਾ ਸ਼ੁਰੂ ਕਰ ਦਿੰਦੇ ਹਨ। ਉਸ ਦਾ ਬਚਾਅ ਕਰਨ ਲਈ ਹੀ ਮੈਂ ਧਾਰਾਵਾਂ ਦਾ ਪਹਿਲਾਂ ਜ਼ਿਕਰ ਕੀਤਾ ਹੈ। ਦੂਸਰੀ ਗੱਲ ਇਨ੍ਹਾਂ ਨੇ ਕਾਰਪੋਰੇਸ਼ਨ ਦੀ ਕਹੀ ਹੈ, ਉਹ ਸਾਡੇ ਮੈਨੀਫੈਸਟੋ ਵਿੱਚ ਹੈ, this is under study ਔਰ ਉਸ ਤੇ ਬੜੀ ਡਿਬੇਟ ਲੱਗੀ ਹੋਈ ਹੈ ਕਿ ਕਾਰਪੋਰੇਸ਼ਨ ਨੂੰ ਕਿਸ ਤਰ੍ਹਾਂ ਦੀ ਬਣਾਉਣਾ ਹੈ, ਕੀ ਉਸ ਦੀਆਂ ਟਰਮਸ ਆਫ਼ ਰੈਫਰੈਂਸਿਜ਼ ਰੱਖਣੀਆਂ ਹਨ। ਤੀਸਰੀ ਗੱਲ ਇਨ੍ਹਾਂ ਨੇ ਹੈਲਪ ਲਾਈਨ ਦੀ ਕੀਤੀ ਹੈ। ਇਸ ਦੇ ਲਈ 181 ਨੰ: ਹੈਲਪਲਾਈਨ ਹੈ, ਉਹ 24 ਘੰਟੇ ਚੱਲਦੀ ਹੈ। ਕੋਈ ਵੀ ਕਿਸੇ ਤਰ੍ਹਾਂ ਦੀ ਕੰਪਲੇਂਟ ਉੱਥੇ ਕੀਤੀ ਜਾ ਸਕਦੀ ਹੈ। ਅਸੀਂ ਇਸ ਗੱਲ ਤੇ ਬਹੁਤ ਸਟਰਿਕਟ ਹਾਂ । ਮੈਂ ਸਮਝਦਾ ਹਾਂ ਕਿ ਇਸ ਹਾਊਸ ਵਿੱਚ ਸਾਰੇ ਐਮ.ਐਲ.ਏਜ਼. ਲੋਕਾਂ ਨਾਲ ਜੁੜੇ ਹੋਏ ਹਨ, ਧਰਤੀ ਨਾਲ ਜੁੜੇ ਹੋਏ ਹਨ। ਸਾਨੂੰ ਸਭ ਨੂੰ ਪਤਾ ਹੈ ਕਿ ਜਿਹੜੀ ਇਹ ਪ੍ਰਥਾ ਚੱਲ ਰਹੀ ਹੈ, ਲੋਕ ਕਿੱਲਿਆਂ ਦੇ ਕਿੱਲੇ ਵੇਚ ਜਾਂਦੇ ਹਨ ਔਰ ਉਨ੍ਹਾਂ ਨੂੰ ਕੋਈ ਲੁੱਟ ਕੇ ਲੈ ਜਾਂਦਾ ਹੈ। ਆਪਾਂ ਸਾਰਿਆਂ ਨੂੰ ਵੀ ਚਾਹੀਦਾ ਹੈ ਕਿ ਅਸੀਂ ਵੀ ਆਪਣੇ ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਨੂੰ ਵੀ ਇਸ ਬਾਰੇ ਅਵੇਅਰ ਕਰੀਏ ਕਿ ਉਹ unscrupulous elements ਦੇ ਪਿੱਛੇ ਲੱਗ ਕੇ ਬੱਚਿਆਂ ਨੂੰ ਬਾਹਰ ਭੇਜਣ ਲਈ ਇਸ ਤਰ੍ਹਾਂ ਦੇ ਲਾਲਚ ਵਿੱਚ ਨਾ ਆਉਣ ਤਾਂ ਜ਼ਿਆਦਾ ਅੱਛਾ ਹੈ। ਬਾਕੀ ਕੰਵਰ ਸੰਧੂ ਸਾਹਿਬ ਨੇ ਬੜਾ ਅੱਛਾ ਇਸ਼ੂ ਰੇਜ਼ ਕੀਤਾ ਹੈ। ਜਿਹੜੇ ਇਹ ਸੁਝਾਅ ਦੇਣਗੇ, Government is open to any suggestions, we will do that.

**ਮਾਨਯੋਗ ਸਪੀਕਰ:** ਹਾਂ ਜੀ, ਸਰਦਾਰ ਮਨਜੀਤ ਸਿੰਘ ਬਿਲਾਸਪੁਰ। ਅਮਨ ਅਰੋੜਾ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੀ ਸੀਟ ਤੇ ਬੈਠੇ-ਬੈਠੇ ਕੁਝ ਬੋਲ ਰਹੇ ਸਨ ਪਰ ਮਾਈਕ ਬੰਦ ਹੋਣ ਕਰਕੇ ਕੁਝ ਕਲੀਅਰ ਸੁਣਾਈ ਨਹੀਂ ਦੇ ਰਿਹਾ ਸੀ।)

**ਸ਼੍ਰੀ ਅਮਨ ਅਰੋੜਾ:** ਵੜਿੰਗ ਜੀ, ਕੀ ਤੁਹਾਨੂੰ ਪਤਾ ਨਹੀਂ ਹੈ? ਨਹੀਂ, ਪਤਾ ਨਹੀਂ ਹੈ, ਮੇਰੇ ਖਿਆਲ ਵਿੱਚ। (ਹਾਸਾ)

**ਮਾਨਯੋਗ ਸਪੀਕਰ:** ਅਮਨ ਅਰੋੜਾ ਜੀ, ਤੁਸੀਂ ਆਪਣੀ ਕਾਲ ਅਟੈਂਸ਼ਨ ਤੇ ਆਓ।

**ਸ਼੍ਰੀ ਅਮਨ ਅਰੋੜਾ :** ਬਹੁਤ-ਬਹੁਤ ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਲੋਕ ਮਹੱਤਤਾ ਦੇ ਇਸ ਇਸ਼ੂ ਵੱਲ ਧਿਆਨ ਦਿਵਾਉਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਜੇ ਇਜਾਜ਼ਤ ਹੋਵੇ, ਮੇਰਾ ਖਿਆਲ ਹੈ ਕਿ ਮੇਰੀ ਗੱਲ corroborate ਹੋ ਜਾਵੇਗੀ। ਕੀ ਮੈਂ ਮਿਊਟ ਕਰਕੇ ਸਰਕਾਰ ਨੂੰ ਅਤੇ ਜਨਾਬ ਨੂੰ ਇੱਕ ਵੀਡਿਓ ਵਿਖਾ ਸਕਦਾ ਹਾਂ?

**ਮਾਨਯੋਗ ਸਪੀਕਰ:** ਨਹੀਂ ਜੀ।

**ਸ਼੍ਰੀ ਅਮਨ ਅਰੋੜਾ:** ਜਿਸ ਤਰੀਕੇ ਦੇ ਨਾਲ ਆਤੰਕ...

**ਮਾਨਯੋਗ ਸਪੀਕਰ:** ਨਹੀਂ, ਤੁਸੀਂ ਪਹਿਲਾਂ ਕਾਲ ਅਟੈਂਸ਼ਨ ਪੜ੍ਹੋ।

**ਸ਼੍ਰੀ ਅਮਨ ਅਰੋੜਾ:** ਠੀਕ ਹੈ ਸਰ, ਬਾਅਦ ਵਿੱਚ ਇਸ ਬਾਰੇ ਗੱਲ ਕਰ ਲਵਾਂਗੇ।

----

**(ਕ੍ਰਮ ਨੰ: 22,33 ਅਤੇ 42)**

1 **ਸ਼੍ਰੀ ਅਮਨ ਅਰੋੜਾ**

**2. ਸਰਦਾਰ ਮਨਜੀਤ ਸਿੰਘ**

**3. ਸਰਦਾਰ ਸਿਮਰਜੀਤ ਸਿੰਘ ਬੈਂਸ:** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਰਾਜ ਵਿੱਚ ਅਵਾਰਾ ਪਸ਼ੂਆਂ ਦੀ ਬਹੁਤ ਵੱਡੀ ਸਮੱਸਿਆ ਹੈ। ਬਹੁਤ ਵਾਰੀ ਅਮਰੀਕੀ ਢੱਠੇ ਭਿੜਦੇ ਹੋਏ ਸੜਕਾਂ ਤੇ ਆ ਜਾਂਦੇ ਹਨ ਜਿਸ ਨਾਲ ਕਈ ਹਾਦਸੇ ਹੋ ਜਾਂਦੇ ਹਨ ਅਤੇ ਕੀਮਤੀ ਇਨਸਾਨੀ ਜਾਨਾਂ ਅਜਾਈਂ ਚਲੀਆਂ ਜਾਂਦੀਆਂ ਹਨ। ਇਹ ਕਿਸਾਨਾਂ ਦੀਆਂ ਫਸਲਾਂ ਦਾ ਵੀ ਬਹੁਤ ਉਜਾੜਾ ਕਰਦੇ ਹਨ। ਕੋਈ ਵੀ ਗਊਸ਼ਾਲਾ ਵਾਲੇ ਇਨ੍ਹਾਂ ਨੂੰ ਰੱਖਣ ਲਈ ਤਿਆਰ ਨਹੀਂ ਹੁੰਦੇ ਕਿਉਂਕਿ ਇਹ ਢੱਠੇ ਮਾਰਨ ਖੰਡੇ (violent) ਹੁੰਦੇ ਹਨ। ਪਿਛਲੇ ਕਾਫੀ ਲੰਮੇ ਸਮੇਂ ਤੋਂ ਰਾਜ ਸਰਕਾਰ ਗਊ ਸੈੱਸ ਲੋਕਾਂ ਤੋਂ ਵਸੂਲ ਕਰ ਰਹੀ ਹੈ ਪਰ ਅਵਾਰਾ ਪਸ਼ੂਆਂ ਦਾ ਕੋਈ ਪੁਖਤਾ ਹੱਲ ਨਹੀਂ ਕੀਤਾ ਗਿਆ। ਇਸ ਮਸਲੇ ਨੂੰ ਕੋਈ ਵੀ ਪਾਰਟੀ ਜਾਂ ਸਰਕਾਰ ਧਾਰਮਿਕ ਭਾਵਨਾਵਾਂ ਨਾਲ ਜੋੜ ਕੇ ਵੇਖਦੀ ਹੈ ਅਤੇ ਇਸ ਦੇ ਸਮਾਜਿਕ ਤੇ ਰਾਜਨੀਤਿਕ ਪ੍ਰਭਾਵ ਪੈਣ ਤੋਂ ਡਰਦੀ ਹੋਈ, ਇਸ ਤੇ ਕੋਈ ਕਾਰਵਾਈ ਨਹੀਂ ਕਰਦੀ, ਜਿਸ ਕਰਕੇ ਇਹ ਮਸਲਾ ਦਿਨ ਪ੍ਰਤੀ ਦਿਨ ਵਿਕਰਾਲ ਰੂਪ ਧਾਰ ਰਿਹਾ ਹੈ ਅਤੇ ਪੰਜਾਬ ਕੀਮਤੀ ਇਨਸਾਨੀ ਜਾਨਾਂ ਗੁਆ ਰਿਹਾ ਹੈ ਜਦਕਿ ਅਸਲੀਅਤ ਇਹ ਹੈ ਕਿ ਇਨ੍ਹਾਂ ਅਮਰੀਕੀ ਢੱਠਿਆਂ ਦਾ ਦੇਸੀ ਗਊ ਮਾਤਾ, ਜਿਸ ਨੂੰ ਪੂਜਿਆ ਜਾਂਦਾ

[ਸਰਦਾਰ ਸਿਮਰਜੀਤ ਸਿੰਘ ਬੈਂਸ]

ਹੈ, ਨਾਲ ਬਾਇਓਲੋਜਿਕਲੀ, ਜੈਨੇਟਿਕਲੀ ਜਾਂ ਧਾਰਮਿਕ ਤੌਰ ਤੇ ਕੋਈ ਵੀ ਸਬੰਧ ਜਾਂ ਵਾਸਤਾ ਨਹੀਂ ਹੈ।

ਸੋ, ਇਸ ਲਈ ਇਸ ਦਿਨ ਪ੍ਰਤੀ ਗੰਭੀਰ ਅਤੇ ਵਿਕਰਾਲ ਹੋ ਰਹੀ ਸਮੱਸਿਆ ਨੂੰ ਅੱਖਾਂ ਖੋਲ੍ਹ ਕੇ ਪੁਖਤਾ ਤਰੀਕੇ ਨਾਲ ਹੱਲ ਕਰਨ ਲਈ ਅਤੇ ਕੀਮਤੀ ਜਾਨਾਂ ਬਚਾਉਣ ਲਈ ਇਹ ਸਦਨ ਸਰਕਾਰ ਨੂੰ ਇੱਕ ਸਰਵ ਪਾਰਟੀ ਕਮੇਟੀ ਬਣਾਉਣਾ ਦੀ ਸਿਫਾਰਸ਼ ਕਰਦਾ ਹੈ ਤਾਂ ਇਸ ਮਸਲੇ ਨਾਲ ਸਬੰਧਿਤ ਹਰ ਇੱਕ ਧਿਰ/ਸਟੇਕ ਹੋਲਡਰ ਨਾਲ ਸਲਾਹ ਮਸ਼ਵਰਾ ਕਰਨ ਉਪਰੰਤ ਇਸ ਦਾ ਪੁਖਤਾ ਹੱਲ ਕੀਤਾ ਜਾ ਸਕੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

ਸਰ, ਮੈਂ ਇਸ ਬਾਰੇ ਥੋੜ੍ਹਾ ਐਕਸਪਲੇਨ ਵੀ ਕਰਨਾ ਚਾਹਾਂਗਾਂ ਜਾਂ ਫਿਰ ਮੰਤਰੀ ਸਾਹਿਬ ਪਹਿਲਾਂ ਜਵਾਬ ਦੇ ਲੈਣ ਜਾਂ ਜਿਵੇਂ ਇਜਾਜ਼ਤ ਹੋਵੇ ਜੀ।

**ਮਾਨਯੋਗ ਸਪੀਕਰ:** ਜਿਸ ਤਰ੍ਹਾਂ ਤੁਸੀਂ ਚਾਹੋ ਜੀ, ਵੈਸੇ ਇਸ ਦਾ ਜਵਾਬ ਮੰਤਰੀ ਜੀ ਵੱਲੋਂ ਆ ਲੈਣ ਦਿਓ ਜੀ।

**ਪਸ਼ੂ ਪਾਲਣ, ਡੇਅਰੀ ਵਿਕਾਸ, ਕਿਰਤ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ) :** ਸਪੀਕਰ ਸਾਹਿਬ, ਧੰਨਵਾਦ ਜੀ। ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਜੋ ਮੁੱਦਾ ਉਠਾਇਆ ਹੈ, ਇਹ ਬਹੁਤ ਹੀ ਅਹਿਮ ਮੁੱਦਾ ਹੈ ਅਤੇ ਬੜੀ ਗੰਭੀਰ ਸਮੱਸਿਆ ਹੈ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਅਵਾਰਾ ਪਸ਼ੂਆਂ ਦੀ ਸਮੱਸਿਆ ਪਿੰਡਾਂ ਅਤੇ ਸ਼ਹਿਰਾਂ ਵਿੱਚ ਵਾਕਿਆ ਹੀ ਇੱਕ ਗੰਭੀਰ ਸਮੱਸਿਆ ਹੈ, ਇਹ ਇਕੱਲੇ ਪੰਜਾਬ ਦੀ ਨਹੀਂ, ਬਲਕਿ ਪੂਰੇ ਹਿੰਦੁਸਤਾਨ ਦੀ ਇਸ ਵੇਲੇ ਇਹ ਸਮੱਸਿਆ ਬਣੀ ਹੋਈ ਹੈ। ਖਾਸ ਕਰਕੇ ਜਿਹੜੇ ਸਾਡੇ ਬਾਰਡਰ ਡਿਸਟ੍ਰਿਕਟ ਮਾਨਸਾ, ਬਠਿੰਡਾ, ਇਸ ਪਾਸੇ ਨੂੰ ਬਹੁਤ ਜ਼ਿਆਦਾ ਹੈ। ਇਸ ਨਾਲ ਹਰਿਆਣਾ ਏਰੀਆ ਲੱਗਦਾ ਹੈ। ਸ਼ਹਿਰਾਂ ਵਿੱਚ ਅਵਾਰਾ ਪਸ਼ੂਆਂ ਦੀ ਸਮੱਸਿਆ ਨੂੰ ਨਜਿੱਠਣ ਦੀ ਜ਼ਿੰਮੇਵਾਰੀ ਪੰਜਾਬ ਮਿਊਂਸਿਪਲ ਐਕਟ, 1911 ਅਤੇ ਪੰਜਾਬ ਮਿਊਂਸਿਪਲ ਕਾਰਪੋਰੇਸ਼ਨ ਐਕਟ, 1976 ਅਨੁਸਾਰ ਸਬੰਧਿਤ ਮਿਊਂਸਿਪਲ ਬਾਡੀ ਦੀ ਹੈ। ਇਸ ਤਰ੍ਹਾਂ ਹੀ ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਸੈਕਸ਼ਨ 30 ਅਨੁਸਾਰ ਪੇਂਡੂ ਖੇਤਰਾਂ ਦੀ ਸਮੱਸਿਆ ਨੂੰ ਨਜਿੱਠਣ ਦੀ ਜ਼ਿੰਮੇਵਾਰੀ ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਵਿਭਾਗ ਦੀ ਹੈ। ਪਸ਼ੂ ਪਾਲਣ ਵਿਭਾਗ ਦੀ ਜ਼ਿੰਮੇਵਾਰੀ ਕੇਵਲ ਲੋੜ ਅਨੁਸਾਰ ਤਕਨੀਕੀ ਸੇਵਾਵਾਂ ਜਿਵੇਂ ਕਿ ਟੀਕਾਕਰਨ

ਆਦਿ ਇਲਾਜ ਪ੍ਰਦਾਨ ਕਰਨ ਦੀ ਹੈ। ਕੁਦਰਤੀ ਇਹ ਕਾਲ ਅਟੈਂਸ਼ਨ ਮੇਰੇ ਵਾਲੇ ਪਾਸੇ ਆ ਗਈ ਹੈ ਪਰ ਇੱਥੇ ਦੋਵੇਂ ਮੰਤਰੀ ਸਿੱਧੂ ਸਾਹਿਬ ਅਤੇ ਬਾਜਵਾ ਜੀ ਵੀ ਹਾਜ਼ਰ ਹਨ। ਅਵਾਰਾ ਪਸ਼ੂਆਂ ਦੀ ਸਮੱਸਿਆ ਦੀ ਗੰਭੀਰਤਾ ਨੂੰ ਮੁੱਖ ਰੱਖਦੇ ਹੋਏ ਮਿਤੀ 23.09.2014 ਨੂੰ ਮਾਨਯੋਗ ਮੰਤਰੀ ਪ੍ਰੀਸ਼ਦ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਲਏ ਗਏ ਫੈਸਲੇ ਦੇ ਸਨਮੁੱਖ ਪੰਜਾਬ ਸਰਕਾਰ ਵੱਲੋਂ ਪ੍ਰਤੀ ਜ਼ਿਲ੍ਹਾ ਲਗਭਗ 2000 ਜਾਨਵਰਾਂ ਦੀ ਸਾਂਭ-ਸੰਭਾਲ ਕਰਨ ਲਈ ਘੱਟੋ-ਘੱਟ 25 ਏਕੜ ਪੰਚਾਇਤੀ ਜ਼ਮੀਨ ਦੀ ਪਛਾਣ ਕਰਕੇ ਹਰ ਜ਼ਿਲ੍ਹੇ ਵਿੱਚ cattle pond ਦੀ ਸਥਾਪਨਾ ਕੀਤੀ ਗਈ ਹੈ, ਜਿਨ੍ਹਾਂ ਨੂੰ ਸਬੰਧਿਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਗਠਿਤ ਕੀਤੀ ਗਈ ਜ਼ਿਲ੍ਹਾ ਪਸ਼ੂ ਭਲਾਈ ਸੁਸਾਇਟੀਆਂ ਵੱਲੋਂ ਮੈਨੇਜ ਕੀਤਾ ਜਾਂਦਾ ਹੈ। ਇਨ੍ਹਾਂ ਵਿੱਚ ਮੌਜੂਦਾ ਸਮੇਂ 10593 ਗਊਧਨ ਦੀ ਸਾਂਭ-ਸੰਭਾਲ ਕੀਤੀ ਜਾ ਰਹੀ ਹੈ। ਮਾਨਯੋਗ ਮੁੱਖ ਮੰਤਰੀ ਜੀ ਵੱਲੋਂ ਜਾਰੀ ਹੁਕਮ ਮਿਤੀ 08.02.2019 ਅਨੁਸਾਰ ਹਰ ਜ਼ਿਲ੍ਹੇ ਵਿੱਚ ਸਥਾਪਿਤ ਗਊਸ਼ਾਲਾਵਾਂ ਈਵਨ cattle ponds ਨੂੰ ਪੇਂਡੂ ਵਿਕਾਸ ਅਤੇ ਪੰਚਾਇਤੀ ਵਿਭਾਗ ਦੇ ਕੈਟਲ ਫੇਅਰ ਫੰਡ ਵਿੱਚੋਂ ਦਸ ਲੱਖ ਰੁਪਏ ਪ੍ਰਤੀ ਜ਼ਿਲ੍ਹਾ ਦੀ ਅੰਤਿਮ ਰਾਸ਼ੀ ਜਾਰੀ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਰਾਜ ਵਿੱਚ ਪੰਜਾਬ ਗਊ ਸੇਵਾ ਕਮਿਸ਼ਨ ਨਾਲ 418 ਗਊਸ਼ਾਲਾਵਾਂ ਰਜਿਸਟਰਡ ਹਨ, ਜੋ ਕਿ ਧਾਰਮਿਕ/ਸਮਾਜਿਕ/ਗੈਰ ਸਰਕਾਰੀ ਸੰਸਥਾਵਾਂ ਵੱਲੋਂ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਚਲਾਈਆਂ ਜਾ ਰਹੀਆਂ ਹਨ। ਇਨ੍ਹਾਂ ਗਊਸ਼ਾਲਾਵਾਂ ਵਿੱਚ ਲਗਭਗ 1.71 ਲੱਖ ਗਊਧਨ ਦੀ ਸਾਂਭ-ਸੰਭਾਲ ਕੀਤੀ ਜਾ ਰਹੀ ਹੈ। ਸਥਾਨਕ ਸਰਕਾਰ ਵਿਭਾਗ ਵੱਲੋਂ 2015-2018 ਦੌਰਾਨ 9.30 ਕਰੋੜ ਰੁਪਏ ਕਾਓ ਸੈੱਸ ਦੀ ਰਕਮ ਇਕੱਠੀ ਹੋਈ ਹੈ, ਜੋ ਕਿ ਗਊਸ਼ਾਲਾਵਾਂ ਦੀ ਮੰਗ ਅਨੁਸਾਰ ਸ਼ਹਿਰੀ ਸੰਸਥਾਵਾਂ ਵੱਲੋਂ ਦਿੱਤੀ ਜਾ ਰਹੀ ਹੈ। ਇਸ ਸਮੇਂ ਤੱਕ 10 ਨਗਰ ਨਿਗਮਾਂ ਅਤੇ 157 ਸਥਾਨਕ ਸੰਸਥਾਵਾਂ ਵਿੱਚੋਂ 96 ਬਾਡੀਜ਼ ਵੱਲੋਂ ਕਾਓ ਸੈੱਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰਵਾਏ ਜਾ ਚੁੱਕੇ ਹਨ ਅਤੇ ਬਾਕੀ ਸੰਸਥਾਵਾਂ ਵੱਲੋਂ ਇਹ ਨੋਟੀਫਿਕੇਸ਼ਨ ਜਾਰੀ ਕਰਵਾਉਣ ਸਬੰਧੀ ਕਾਰਵਾਈ ਅਮਲ ਅਧੀਨ ਹੈ। ਸਥਾਨਕ ਸਰਕਾਰ ਵਿਭਾਗ ਵੱਲੋਂ ਅਵਾਰਾ ਪਸ਼ੂਆਂ ਦੀ ਸਮੱਸਿਆ ਨੂੰ ਹੱਲ ਕਰਨ ਲਈ Punjab Municipal Corporation and Municipal (Registration, proper control of stray Animals and compensation to the victim of animal attack) bye laws, 2017 ਬਣਾਏ ਗਏ ਹਨ ਪਰ ਉਨ੍ਹਾਂ ਵੱਲੋਂ ਇਹ ਸਮੂਹ ਕਮਿਸ਼ਨਰਜ਼, ਨਗਰ ਨਿਗਮਾਂ ਅਤੇ ਸਮੂਹ ਡੀ.ਡੀ.ਆਰਜ਼. ਨੂੰ ਭੇਜ ਕੇ ਲਿਖਿਆ ਗਿਆ ਹੈ ਕਿ

[ਪਸ਼ੂ ਪਾਲਣ, ਡੇਅਰੀ ਵਿਕਾਸ,ਕਿਰਤ ਮੰਤਰੀ]

ਇਨ੍ਹਾਂ Draft Bye Lawsਵਿੱਚ ਆਪਣੀ ਲੋੜ ਅਨੁਸਾਰ ਤਰਮੀਮ ਕਰਕੇ ਸਰਕਾਰ ਪਾਸੋਂ ਨੋਟੀਫਿਕੇਸ਼ਨ ਜਾਰੀ ਕਰਵਾਏ ਜਾਣ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਸਮੱਸਿਆ ਬਹੁਤ ਵੱਡੀ ਹੈ, ਇਸ ਵੇਲੇ ਜਿਹੜੇ ਸਟ੍ਰੇਅ ਬੁਲ Stray Bull (ਅਵਾਰਾ ਸਾਨ੍ਹ) ਹਨ, ਉਹ ਰੋਜ਼ ਬੰਦਿਆਂ ਨੂੰ ਮਾਰਦੇ ਹਨ। ਮੇਰੇ ਵੀਰ ਨੇ ਜਿਹੜੀ ਇਹ ਚਿੰਤਾ ਜ਼ਾਹਿਰ ਕੀਤੀ ਹੈ, ਕੈਪਟਨ ਸਾਹਿਬ ਦੀ ਸਰਕਾਰ ਵੱਲੋਂ ਇਸ ਮੁੱਦੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਤਿੰਨ ਅਹਿਮ ਫੈਸਲੇ ਲਏ ਗਏ ਹਨ। ਪਹਿਲਾ ਫੈਸਲਾ ਹੈ ਕਿ ਪਸ਼ੂ ਪਾਲਣ ਵਿਭਾਗ, ਪੰਜਾਬ ਜੋ ਕਿ ਬਹੁਤ ਜਲਦ, ਜਿਸ ਵਿੱਚ ਸਰਦਾਰ ਮਨਪ੍ਰੀਤ ਬਾਦਲ ਸਾਹਿਬ ਨੇ 50 ਕਰੋੜ ਰੁਪਏ ਦੀ ਪ੍ਰੋਵੀਜ਼ਨ ਰੱਖੀ ਹੈ, ਜਿਸ ਵਿੱਚ ਸੀਮਨ sorting ਤਰੀਕੇ ਨਾਲ ਸੈਕਸਡ ਸੀਮਨ ਦਾ ਪਾਲਣ ਕੀਤਾ ਜਾ ਰਿਹਾ ਹੈ। ਇਸ ਸੈਕਸਡ ਸੀਮਨ ਨਾਲ ਸਿਰਫ ਵੱਛੀਆਂ ਅਤੇ ਕੱਟੀਆਂ ਹੀ ਪੈਦਾ ਹੋਣਗੀਆਂ ਜਿਸ ਨਾਲ ਇਸ ਸਮੱਸਿਆ ਤੋਂ ਨਿਜਾਤ ਪਾਈ ਜਾ ਸਕੇਗੀ। ਇਸ ਤੋਂ ਇਲਾਵਾ ਇਹ ਜੋ ਅਮਰੀਕਨ ਸਾਨ੍ਹ ਦੀ ਗੱਲ ਕਰਦੇ ਹਨ। ਜਿਹੜਾ ਕਿ ਇਸ ਤੋਂ ਇਲਾਵਾ ਵਿਭਾਗ ਵੱਲੋਂ ਹੋਲਿਸਟਿਨ ਫਰੀਜ਼ੀਅਨ (ਐਚ.ਐਫ) ਗਾਵਾਂ ਸੈਕਸਡ ਸੀਮਨ ਦੀਆਂ 50 ਹਜ਼ਾਰ ਖੁਰਾਕਾਂ ਆਯਾਤ ਕਰਨ ਦੀ ਪ੍ਰਕਿਰਿਆ ਕਾਰਵਾਈ ਅਧੀਨ ਹੈ ਜੋ ਕਿ ਅਸੀਂ ਬਾਹਰੋਂ ਇੰਪੋਰਟ ਕਰ ਰਹੇ ਹਾਂ।

ਦੂਸਰਾ (ਅ) ਅਸੀਂ ਦੁਧਾਰੂ ਪਸ਼ੂਆਂ ਦੀ ਸਿਹਤ ਨੂੰ ਬਿਹਤਰ ਬਣਾਉਣ ਅਤੇ ਸਾਂਭ-ਸੰਭਾਲ ਕਰਨ ਲਈ ਮੇਰੇ ਵਿਭਾਗ ਨੇ ਸਖਤ ਕਦਮ ਉਠਾਉਂਦਿਆਂ ਜਿਵੇਂ ਕਿ "ਦੀ ਰੈਗੂਲੇਸ਼ਨ ਆਫ ਕੈਟਲਫੀਡ ਕੰਨਸਟ੍ਰੇਸ਼ਨ ਐਂਡ ਮਿਨਰਲ ਮਿਕਸਚਰ ਐਕਟ 2018" ਕਾਨੂੰਨ ਦੀ ਵਿਧੀ ਨੂੰ ਲਾਗੂ ਕਰਨਾ ਨਿਸ਼ਚਿਤ ਕੀਤਾ ਗਿਆ ਹੈ ਜਿਸ ਤਹਿਤ ਵਧੀਆ ਗੁਣਵੱਤਾ ਵਾਲੀ ਪਸ਼ੂ ਫੀਡ ਨੂੰ ਰਾਜ ਵਿਚ ਤਿਆਰ ਕਰਨ ਅਤੇ ਵੇਚਣ ਦਾ ਪ੍ਰਬੰਧ ਹੈ। ਪੰਜਾਬ ਅਜਿਹੇ ਕਦਮ ਚੁੱਕਣ ਵਾਲਾ ਪਹਿਲਾ ਸੂਬਾ ਹੋਵੇਗਾ। ਇਸ ਐਕਟ ਦੀ ਉਲੰਘਣਾ ਲਈ ਸਜ਼ਾ ਦਿੱਤੀ ਜਾਵੇਗੀ। ਪਿੱਛੇ ਜਦੋਂ ਮੈਂ ਮਹਿਕਮਾ ਸੰਭਾਲਿਆ ਸੀ ਤਾਂ ਅਸੀਂ ਇੱਕ ਸਰਵੇ ਕਰਵਾਇਆ ਸੀ ਕਿ ਅਵਾਰਾ ਪਸ਼ੂ ਜਾਂ ਗਾਵਾਂ ਸੜਕ ਉੱਤੇ ਫੰਡਰ ਹੋ ਕੇ ਕਿਉਂ ਆ ਗਈਆਂ, ਇਸ ਵਿਚ ਮੇਨ ਰੋਲ ਜੋ 70-80% ਫੀਡ ਦਾ ਸੀ। ਇਸ ਲਈ ਅਸੀਂ ਇਹ ਐਕਟ ਲੈ ਕੇ ਆਏ ਤਾਂ ਕਿ ਸਾਡੀਆਂ ਗਊਆਂ ਗੱਭਣ ਹੋਣ, ਫੰਡਰ ਨਾ ਰਹਿਣ ਜਾਂ ਉਹ ਪ੍ਰੋਡਕਸ਼ਨ ਦੇ ਵਿਚ ਆਉਣ।

ਤੀਸਰਾ, ਉਨ੍ਹਾਂ ਜਾਨਵਰਾਂ ਦੇ ਇਲਾਵਾ ਬਾਕੀ ਜਾਨਵਰਾਂ ਨੂੰ ਯੂਨੀਕ ਆਈ.ਡੀ. (ਰੇਡੀਓ ਫਰੀਕੁਐਂਸੀ ਇਨਪੁਟ ਡਿਵਾਈਸ) ਨਾਲ ਟੈਗ ਕਰ ਰਹੇ ਹਾਂ ਜਿਸ ਦੁਆਰਾ ਸੜਕ ਉੱਤੇ ਛੱਡੇ ਗਏ ਅਵਾਰਾ ਪਸ਼ੂ ਦੇ ਮਾਲਕ ਦਾ ਪਤਾ

ਲਗਾਇਆ ਜਾ ਸਕੇਗਾ। ਉਨ੍ਹਾਂ ਮਾਲਕਾਂ ਵਿਰੁੱਧ ਵੀ ਬਣਦੀ ਕਾਰਵਾਈ ਕੀਤੀ ਜਾ ਸਕੇਗੀ। ਅਸੀਂ ਪੂਰੇ ਪੰਜਾਬ ਦੀ ਪਸ਼ੂਆਂ ਦੀ ਮਰਦਮਸ਼ੁਮਾਰੀ ਕਾਊਂਟ ਕਰ ਰਹੇ ਹਾਂ, ਉਨ੍ਹਾਂ ਨੂੰ ਅਸੀਂ ਟੈਗ ਲਾਵਾਂਗੇ। ਇਸ ਦਾ ਬਕਾਇਦਾ ਕੰਪਿਊਟਰ ਤੇ ਰਿਕਾਰਡ ਹੋਵੇਗਾ। ਇਹ 16 ਡਿਜ਼ਿਟ ਦਾ ਨੰਬਰ ਹੋਵੇਗਾ। ਇਸ ਨਾਲ ਜਿਹੜਾ ਵੀ ਬੰਦਾ ਪਸ਼ੂ ਛੱਡੇਗਾ, ਉਹ ਸਾਡੇ ਕੰਪਿਊਟਰ ਤੇ ਆ ਜਾਵੇਗਾ ਤੇ ਉਸ ਖਿਲਾਫ ਅਸੀਂ ਕਾਰਵਾਈ ਕਰਾਂਗੇ। ਇਸ ਦੇ ਨਾਲ ਮਾਨਯੋਗ ਮੈਂਬਰ ਵੱਲੋਂ ਸਰਬ ਪਾਰਟੀ ਕਮੇਟੀ ਬਣਾਉਣ ਵਾਸਤੇ ਜੋ ਸੁਝਾਅ ਦਿੱਤਾ ਗਿਆ ਹੈ। ਇਸ ਵਿਚ ਸਰਕਾਰ ਨੂੰ ਕੋਈ ਇਤਰਾਜ਼ ਨਹੀਂ ਹੈ ਪਰ ਇਸ ਕਮੇਟੀ ਨੂੰ ਸਟੇਕ ਹੋਲਡਰਾਂ ਤੋਂ ਇਲਾਵਾ ਕਾਨੂੰਨੀ ਮਾਹਿਰਾਂ, ਪਸ਼ੂਆਂ ਦੇ ਮਾਹਿਰਾਂ ਨੂੰ ਸ਼ਾਮਿਲ ਕਰਨਾ ਹੋਵੇਗਾ। ਕਿਉਂਕਿ ਇਸ ਮਸਲੇ ਦੇ ਮਹੱਤਵਪੂਰਨ ਪਹਿਲੂ ਕਾਨੂੰਨੀ, ਪਸ਼ੂਆਂ ਦੀਆਂ ਨਸਲਾਂ ਦੀਆਂ ਬੰਸਾਵਲੀ ਆਦਿ ਨਾਲ ਸਬੰਧਿਤ ਹੈ। ਦੇਸ਼ ਵਿਚ ਗਊਆਂ ਸਬੰਧੀ ਰਾਜ ਤੋਂ ਇਲਾਵਾ ਕੇਂਦਰ ਦੇ ਕਾਨੂੰਨ ਵੀ ਹਨ, ਇਨ੍ਹਾਂ ਸਾਰਿਆਂ ਨਾਲ ਤਾਲਮੇਲ ਬਣਾ ਕੇ ਹੱਲ ਕੱਢਣ ਦੀ ਲੋੜ ਹੋਵੇਗੀ। ਜਿਵੇਂ ਤੁਸੀਂ ਗਊ ਪੂਜਾ ਦੀ ਗੱਲ ਕੀਤੀ ਹੈ। ਅਮਰੀਕਾ ਦੇ ਵਿਚ ਉਨ੍ਹਾਂ ਨੂੰ ਸਲਾਟਰ ਹਾਊਸ ਵਿਚ ਭੇਜ ਦਿੰਦੇ ਹਨ ਪਰ ਸਾਡੇ ਇਹ ਪ੍ਰਾਵਧਾਨ ਨਹੀਂ ਹੈ ਅਸੀਂ ਧਰਮ ਨਾਲ ਜੁੜੇ ਹੋਏ ਲੋਕ ਹਾਂ। ਅਸੀਂ ਉਹ ਕੰਮ ਨਹੀਂ ਕਰ ਸਕਦੇ ਪਰ ਫਿਰ ਵੀ ਅਸੀਂ ਤੁਹਾਡੀ ਕਮੇਟੀ ਦੀ ਸਿਫਾਰਸ਼ ਨੂੰ ਮੰਨਦੇ ਹਾਂ। ਅਸੀਂ ਕਮੇਟੀ ਬਣਾ ਕੇ ਕੋਈ ਸਾਂਝਾ ਹੱਲ ਕੱਢਣ ਲਈ ਤਿਆਰ ਹਾਂ। ਧੰਨਵਾਦ ਜੀ।

**ਸ਼੍ਰੀ ਅਮਨ ਅਰੋੜਾ :** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। (ਟੈਬ ਤੇ ਇੱਕ ਵੀਡੀਓ ਦਿਖਾਉਂਦੇ ਹੋਏ) ਇਹ ਸਿਰਫ Mute ਤੇ ਹੈ ਤੁਸੀਂ ਦੇਖਦੇ ਚੱਲਿਓ ਕਿ ਕਿਸ ਤਰ੍ਹਾਂ ਇਨ੍ਹਾਂ ਅਵਾਰਾ ਪਸ਼ੂਆਂ ਦਾ ਆਤੰਕ ਹੈ। ਇਨ੍ਹਾਂ ਐਕਸੀਡੈਂਟਾਂ ਵਿਚ ਲੋਕ ਕਿਸ ਤਰ੍ਹਾਂ ਮਾਰੇ ਜਾ ਰਹੇ ਹਨ। ਮੈਂ ਧੰਨਵਾਦ ਕਰਦਾ ਹਾਂ ਕਿ ਮੰਤਰੀ ਜੀ ਨੇ ਬੜੀ ਡਿਟੇਲ ਦੇ ਵਿਚ ਇਸ ਵਾਸਤੇ ਜੋ ਉਪਰਾਲੇ ਕਰ ਰਹੀ ਹੈ, ਇਸ ਬਾਰੇ ਚਾਨਣ ਪਾਇਆ ਹੈ।

(**ਅਵਾਜ਼ਾਂ:** ਕਿੱਥੋਂ ਦੀ ਵੀਡੀਓ ਹੈ ਜੀ, ਵੀਡੀਓ ਕਿੱਥੋਂ ਦੀ ਹੈ? ਇਹ ਪੰਜਾਬ ਦੀ ਨਹੀਂ ਹੈ।)

**ਸ਼੍ਰੀ ਅਮਨ ਅਰੋੜਾ :** ਇਸ ਵੀਡੀਓ ਵਿਚ ਇੱਕ ਬੰਦਾ ਮਰਿਆ ਪਿਆ ਹੈ।

**ਮਾਨਯੋਗ ਸਪੀਕਰ :** ਚਲੋ, ਤੁਸੀਂ ਗੱਲ ਕਰ ਲਓ। ਅਰੋੜਾ ਜੀ, ਅਰੋੜਾ ਜੀ, ਅਰੋੜਾ ਜੀ, ਤੁਸੀਂ ਆਪਣੀ ਗੱਲ ਕਰੋ।

**ਸ਼੍ਰੀ ਅਮਨ ਅਰੋੜਾ :** ਰਾਜਾ ਜੀ, ਆਪਾਂ ਕੰਟਰੋਵਰਸੀ ਦੇ ਵਿਚ ਨਾ ਪਈਏ, I am flagging the issue. Please don't counter me. (ਵਿਘਨ) If I am factually wrong then he may interrupt me.

**ਮਾਨਯੋਗ ਸਪੀਕਰ :** ਅਰੋੜਾ ਜੀ, please address the Chair, please address the Chair, please tell him to keep quiet. ਹਾਂ ਜੀ, ਤੁਸੀਂ ਆਪਣੀ ਗੱਲ ਕਰੋ।

**Shri Aman Arora :** Sir, I was addressing the Chair. ਸਰ, ਮੈਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਬੜਾ ਵਧੀਆ ਦੱਸਿਆ ਹੈ ਜੋ ਸਰਕਾਰ ਉਪਰਾਲੇ ਕਰ ਰਹੀ ਹੈ ਪਰ ਇਨ੍ਹਾਂ ਦੀ ਗੱਲ ਵਿਚ ਸਰਕਾਰ ਦੀ, ਮੈਂ ਕਹਾਂਗਾ ਕਿ ਇੱਕ ਤਰੀਕੇ ਨਾਲ ਜਿਹੜਾ confidence ਹੈ, ਮੰਤਰੀ ਜੀ ਨੇ, ਸਰਦਾਰ ਨਵਜੋਤ ਸਿੰਘ ਸਿੱਧੂ ਦੇ ਮਹਿਕਮੇ ਦੀ ਵੀ ਗੱਲ ਕੀਤੀ, ਬਾਜਵਾ ਸਾਹਿਬ ਦੇ ਮਹਿਕਮੇ ਦੀ ਵੀ ਗੱਲ ਕੀਤੀ ਹੈ there is a clear gap of that who is responsible for it. ਸਰ, ਇਸ ਵਿਚ ਥੋੜ੍ਹੇ ਜਿਹੇ ਫੈਕਟ ਵਿਚ ਤੁਹਾਨੂੰ ਦਿੰਦਾ ਹਾਂ। ਮੇਰੇ ਕੋਲ ਇੱਕ ਰਿਪੋਰਟ ਪਈ ਹੈ ਜਿਸ ਵਿਚ ਲਿਖਿਆ ਹੋਇਆ ਹੈ ਕਿ ਹਰ ਸਾਲ ਰਾਜ ਵਿਚ 150 ਲੋਕਾਂ ਦੀ ਮੌਤ ਦਾ ਕਾਰਨ ਬੇਸਹਾਰਾ ਪਸ਼ੂ ਬਣਦੇ ਹਨ। ਸਪੀਕਰ ਸਾਹਿਬ, ਸਵਾ ਲੱਖ ਦੇ ਕਰੀਬ stray cattle ਪੰਜਾਬ ਦੀਆਂ ਸੜਕਾਂ ਦੇ ਉਪਰ ਘੁੰਮ ਰਿਹਾ ਹੈ, ਐਕਸੀਡੈਂਟ ਹੋ ਰਹੇ ਹਨ, ਬੰਦੇ ਮਰ ਰਹੇ ਹਨ। ਤਕਰੀਬਨ-ਤਕਰੀਬਨ ਸਿਰਫ ਪੰਜਾਬ ਦੇ ਵਿੱਚ ਕਿਸਾਨਾਂ ਦੀ 200 ਕਰੋੜ ਰੁਪਏ ਦੀ ਫਸਲ ਖਰਾਬ ਹੋ ਜਾਂਦੀ ਹੈ। ਇਹ ਸ਼ਾਇਦ ਤੁਸੀਂ ਕੱਲ੍ਹ ਦੇਖਿਆ ਵੀ ਹੋਵੇ, ਅੱਜ ਦੀ ਖਬਰ ਹੈ, 7 ਮਾਰਚ ਨੂੰ ਕਿਸਾਨ ਜਥੇਬੰਦੀਆਂ ਕੈਪਟਨ ਅਮਰਿੰਦਰ ਸਿੰਘ ਜੀ ਨੂੰ 500 ਆਵਾਰਾ ਪਸ਼ੂ, 200 ਕੁੱਤੇ ਪੇਸ਼ ਕਰਨ ਜਾ ਰਹੀਆਂ ਹਨ। ਇਸ ਦੇ ਨਾਲ-ਨਾਲ 1600 ਪਸ਼ੂ ਵੀ ਇਨ੍ਹਾਂ ਐਕਸੀਡੈਂਟਸ ਵਿੱਚ ਮਾਰਿਆ ਗਿਆ ਹੈ, also there is a huge casualty. ਸਰ, ਗੱਲ ਇੰਨੀ ਹੈ ਕਿ ਪੰਜਾਬ ਸਰਕਾਰ ......

**ਰਾਣਾ ਗੁਰਜੀਤ ਸਿੰਘ :** ਇਹ ਤਾਂ ਅਖਬਾਰ ਵਿੱਚ ਆ ਗਿਆ, ਆਹ ਵੀਡੀਓ ਅਸੀਂ ਸਾਰਿਆਂ ਨੇ ਦੇਖੀ ਹੈ। ਤੁਹਾਡਾ ਕਨਸਰਨ ਬਿਲਕੁਲ ਠੀਕ ਹੈ। ਹਰ ਬੰਦਾ ਨੁਕਤਾਚੀਨੀ ਤੇ ਲੱਗਿਆ ਹੋਇਆ ਹੈ, ਸੁਝਾਅ ਦਿਓ। ਸੁਝਾਅ ਦਿਓਗੇ ਤਾਂ ਮੰਤਰੀ ਜੀ ਜ਼ਰੂਰ ਇਸ ਤੇ ਧਿਆਨ ਕਰਨਗੇ।

**ਸ਼੍ਰੀ ਅਮਨ ਅਰੋੜਾ :** ਸੁਝਾਅ ਤੇ ਆ ਰਿਹਾ ਹਾਂ ਜੀ। ਰਾਣਾ ਜੀ, ਮੈਨੂੰ ਸੁਝਾਅ ਦੇ ਲੈਣ ਦਿਓ। ਮੇਰੇ ਸੁਝਾਅ ਨਾ ਚੰਗੇ ਲੱਗੇ ਤਾਂ ਉਨ੍ਹਾਂ ਨੂੰ ਡਸਟਬਿਨ ਵਿੱਚ ਪਾ ਦਿਓ, ਕੋਈ ਗੱਲ ਨਹੀਂ।

**ਮਾਨਯੋਗ ਸਪੀਕਰ :** ਬੋਲੋ ਜੀ, ਬੋਲੋ।

**ਸ਼੍ਰੀ ਅਮਨ ਅਰੋੜਾ :** ਮੇਰੀ ਬੇਨਤੀ ਹੈ ਕਿ ਪਾਵਰ ਉਤੇ, ਸੀਮਿੰਟ ਉਤੇ, ਲਿਕੁਰ ਦੇ ਉਤੇ, ਵਹੀਕਲ ਸੇਲਜ਼ ਦੇ ਉਪਰ, ਆਇਲ ਟੈਂਕਰਜ਼ ਦੇ ਉਪਰ, ਮੈਰਿਜ਼ ਪੈਲਿਸਜ਼ ਦੇ ਵਿੱਚ ਫੰਕਸ਼ਨ ਕਰਨੇ ਹੋਣ ਤਾਂ ਉਸ ਦੇ ਉਪਰ ਕਾਓ ਸੈੱਸ ਸਰਕਾਰ ਲੈ ਰਹੀ ਹੈ, ਮਤਲਬ ਹਰ ਚੀਜ਼ ਦੇ ਉਪਰ ਸਰਕਾਰ ਕਾਓ ਸੈਸ ਲੈ ਰਹੀ ਹੈ ਪਰ ਬੇਸੀਕਲੀ ਬੜੇ ਲੰਬੇ ਸਮੇਂ ਤੋਂ ਹੋ ਕੀ ਰਿਹਾ ਹੈ ਕਿ ਇਹ ਬੜਾ ਰਿਲੀਜੀਅਸ ਇਸ਼ੂ ਹੈ, ਇਸ ਦੇ ਕਿਤੇ ਪੁਲੀਟੀਕਲ ਫਾਲ ਆਊਟਸ ਨਾ ਹੋ ਜਾਣ, ਉਸ ਤਰੀਕੇ ਨਾਲ ਦੇਖਿਆ ਜਾ ਰਿਹਾ ਹੈ ਜਦ ਕਿ ਸਹੀ ਮਾਇਨਿਆਂ ਦੇ ਵਿੱਚ, ਮੰਤਰੀ ਜੀ ਧਿਆਨ ਦਿਓ, ਮੈਂ ਜਿਹੜੀ ਗੱਲ ਤੇ ਆ ਰਿਹਾ ਹਾਂ, Sir, there is need to differentiate between, ਜਿਹੜਾ ਅਮਰੀਕੀ ਢੱਠਾ ਹੈ ....

**ਮਾਨਯੋਗ ਸਪੀਕਰ :** ਅਰੋੜਾ ਜੀ, ਤੁਸੀਂ ਪਹਿਲਾਂ ਮੇਰੀ ਗੱਲ ਸੁਣੋ। ਇਸ ਵਿੱਚ ਡਿਬੇਟ ਨਹੀਂ ਹੁੰਦੀ। ਨੋ ਡਿਬੇਟ, ਇਹ ਰੂਲ ਦੇ ਵਿੱਚ ਸਪੈਸੀਫਿਕਲੀ ਲਿਖਿਆ ਹੋਇਆ ਹੈ। ਤੁਸੀਂ ਗੱਲ ਕਰੋ, ਸਵਾਲ ਪੁੱਛੋ, ਮੁੱਦੇ ਤੇ ਆਓ। ਬਹੁਤ ਸਾਰੀਆਂ ਗੱਲਾਂ ਉਹੀ ਹਨ ਜਿਹੜੀਆਂ ਸਭ ਨੂੰ ਪਤਾ ਹੈ। ਹੁਣ ਤੁਸੀਂ ਸਵਾਲ ਪੁੱਛੋ।

**ਸ਼੍ਰੀ ਅਮਨ ਅਰੋੜਾ :** ਸਰ, ਮੈਂ ਇਸ ਵਿੱਚ ਸਿਰਫ ਇੰਨੀ ਬੇਨਤੀ ਕਰ ਰਿਹਾ ਸੀ ਕਿ ਜਿਹੜੀ ਆਪਾਂ ਗਊਧਨ ਦੀ ਗੱਲ ਕੀਤੀ ਹੈ, ਜਿਥੋਂ ਤੱਕ ਮੈਂ ਸਟੱਡੀ ਕੀਤਾ ਹੈ, ਉਸ ਅਨੁਸਾਰ ਆਪਾਂ ਨੂੰ ਇਸ ਵਿੱਚ ਅਮਰੀਕੀ ਢੱਠੇ ਅਤੇ ਦੇਸੀ ਗਾਂ ਦੇ ਵਿੱਚ ਡਿਫਰੈਂਸ਼ੀਏਟ ਕਰਨਾ ਪਵੇਗਾ। ਜਿਹੜਾ ਪਿੱਛੇ ਜਿਹੇ ਸੈਂਟਰ ਸਰਕਾਰ ਨੇ ਲਾਅ ਬਣਾਇਆ ਹੈ, ਉਹ ਇਸ ਚੀਜ਼ ਨੂੰ ਡਿਫਰੈਂਸ਼ੀਏਟ ਨਹੀਂ ਕਰਦਾ। ਜਿਹੜੀ ਦੇਸੀ ਗਾਂ ਹੈ, ਉਸ ਨੂੰ ਬੌਸ ਇੰਡੀਕਸ, ਜਿਹੜੀ ਅਮਰੀਕੀ ਗਾਂ ਹੈ, ਉਸ ਨੂੰ ਅਮਰੀਕਨ ਕਹਿ ਲਵੋ, ਬੌਸ ਟੌਰਸ ਵੀ ਕਿਹਾ ਜਾਂਦਾ ਹੈ, ਉਸ ਨੂੰ ਜਰਸੀ ਵੀ ਕਿਹਾ ਜਾਂਦਾ ਹੈ ਅਤੇ ਐਚ.ਐਫ. ਕੁਆਲਿਟੀ ਵੀ ਕਿਹਾ ਜਾਂਦਾ ਹੈ। ਦੇਸੀ ਗਾਂ ਦੀ ਜਿਸ ਕਰਕੇ ਪੂਜਾ ਹੁੰਦੀ ਹੈ, ਉਸ ਦੇ ਦੁੱਧ ਦੇ ਵਿੱਚ ਏ-2 ਪ੍ਰੋਟੀਨ ਹੁੰਦਾ ਹੈ, ਜਿਹੜਾ ਕਿ ਸਿਹਤ ਦੇ ਲਈ ਬਹੁਤ ਵਧੀਆ ਹੈ। ਜਿਹੜੀ ਅਮਰੀਕੀ ਗਾਂ ਹੈ, ਉਸ ਦੇ ਦੁੱਧ ਦੇ ਵਿੱਚ ਏ-1 ਬੀਟਾ ਕੈਸੀਨ (Casein) ਪ੍ਰੋਟੀਨ ਹੁੰਦਾ ਹੈ, ਜਿਹੜਾ ਕਿ ਫੈਟੀ ਲੀਵਰ ਅਤੇ ਹੋਰ ਕਈ ਏਲਮੈਂਟ ਪੈਦਾ ਕਰਦਾ ਹੈ। ਸਰ,

[ਸ਼੍ਰੀ ਅਮਨ ਅਰੋੜਾ]

ਦੇਸੀ ਗਾਂ ਦੇ ਨਾਲ ਆਪਾਂ ਸਾਰਿਆਂ ਦੇ ਸੈਂਟੀਮੈਂਟਸ ਜੁੜੇ ਹੁੰਦੇ ਹਨ ਕਿਉਂਕਿ ਜੇਕਰ ਆਪਾਂ ਹਿਸਟਰੀ ਦੇ ਵਿੱਚ ਜਾਈਏ ਤਾਂ ਕਹਾਵਤ ਵਜੋਂ ਕਿਹਾ ਜਾਂਦਾ ਸੀ, ਕਿ "ਧਨ ਗਊ ਦਾ ਜਾਇਆ, ਜਿਸ ਨੇ ਸਾਰਾ ਮੁਲਕ ਵਸਾਇਆ।" ਕਿਉਂਕਿ ਗਊ ਘਰ ਨੂੰ ਦੁੱਧ ਦਿੰਦੀ ਸੀ ਅਤੇ ਜਿਹੜਾ ਦੇਸੀ ਬਲਦ ਸੀ, ਉਹ ਖੇਤਾਂ ਦੇ ਵਿੱਚ ਕਿਸਾਨ ਵਾਸਤੇ ਟਰੈਕਟਰ ਦਾ ਕੰਮ ਕਰਦਾ ਸੀ ਜਦ ਕਿ ਜਿਹੜਾ ਅਮਰੀਕੀ ਢੱਠਾ ਹੈ, ਉਹ ਸੈਕਸੂਅਲੀ ਅਤੇ ਅਦਰਵਾਈਜ਼ ਇੰਨਾ ਕੁ ਵਾਇਲੈਂਟ ਹੈ ਕਿ ਉਸ ਨੂੰ ਕੋਈ ਵੀ ਗਊਸ਼ਾਲਾ ਵਾਲਾ ਸਾਂਭਣ ਨੂੰ ਤਿਆਰ ਹੀ ਨਹੀਂ ਹੁੰਦਾ। ਸਰ, ਇਸ ਦੇ ਵਿੱਚ .....

**ਮਾਨਯੋਗ ਸਪੀਕਰ :** ਅਰੋੜਾ ਜੀ, ਇੱਕ ਮਿੰਟ, ਜ਼ਰਾ ਤੁਸੀਂ ਗੱਲ ਸੁਣਿਓ। ਰੂਲ 66 ਦਾ ਸਬ-ਰੂਲ (3) ਹੈ -

There shall be no debate on such statement at the time it is made but each Member in whose name the notice stands in the List of Business, may with the permission of the Speaker ask a question.

So you can ask one question. There can be no debate.

**ਸ਼੍ਰੀ ਅਮਨ ਅਰੋੜਾ :** ਸਵਾਲ ਇਹ ਹੈ ....(ਵਿਘਨ)... ਪਲੀਜ਼, ਇੱਕ ਮਿੰਟ ..

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਰਾਣਾ ਗੁਰਜੀਤ ਸਿੰਘ, ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸਰਦਾਰ ਬਲਬੀਰ ਸਿੰਘ ਸਿੱਧੂ ਪਸ਼ੂ ਪਾਲਣ ਮੰਤਰੀ ਆਪਣੀਆਂ ਸੀਟਾਂ ਦੇ ਉੱਤੇ ਖੜ੍ਹੇ ਹੋ ਕੇ ਬੋਲਣ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਪਲੀਜ਼, ਰਾਣਾ ਸਾਹਿਬ, ਬੈਠੋ। ਮੈਂ ਬੋਲਣ ਦੀ ਆਗਿਆ ਦੇ ਨਹੀਂ ਸਕਦਾ।

**ਸ਼੍ਰੀ ਅਮਨ ਅਰੋੜਾ :** ਸਰ, ਇੱਕ ਮਿੰਟ ਜੀ। ਚਲੋ, ਮੈਂ ਸਵਾਲ ਪੁੱਛ ਲੈਂਦਾ ਹਾਂ ਜੀ ...(ਵਿਘਨ)...

**ਮਾਨਯੋਗ ਸਪੀਕਰ :** ਸਵਾਲ ਪੁੱਛ ਲੈਣ ਦਿਓ।

**ਸ਼੍ਰੀ ਅਮਨ ਅਰੋੜਾ :** ਮੈਂ ਸਵਾਲ ਪੁੱਛ ਲੈਂਦਾ ਹਾਂ ਜੀ।

**ਮਾਨਯੋਗ ਸਪੀਕਰ :** ਰਾਣਾ ਗੁਰਜੀਤ ਜੀ, ਕੀ ਕਹਿਣਾ ਹੈ ਤੁਸੀਂ? ਤੁਸੀਂ ਸੀਨੀਅਰ ਹੋ।

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ, 9.00 ਕਰੋੜ ਰੁਪਿਆ ਆਉਂਦਾ ਹੈ, ਇਸ ਨੂੰ 117 ਨਾਲ ਵੰਡ ਕੇ ਪੈਸੇ ਇਨ੍ਹਾਂ ਨੂੰ ਦਿਓ, ਪਾਇਲਟ ਪ੍ਰੋਜੈਕਟ ਇਹ ਬਣਾਉਣਗੇ ਅਤੇ ਅਸੀਂ ਸਾਰੇ ਇੰਪਲੀਮੈਂਟ ਕਰਾਂਗੇ।

**ਸ਼੍ਰੀ ਅਮਨ ਅਰੋੜਾ :** ਮੈਂ ਕਰਦਾ ਹਾਂ ਜੀ। ਸਰ, ਗੱਲ ਇੰਨੀ ਹੈ ....(ਵਿਘਨ)...

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਇੱਕ ਮਿੰਟ .....

**ਮਾਨਯੋਗ ਸਪੀਕਰ :** ਇਸ ਵਿੱਚ ਜ਼ਿਆਦਾ ਸਪਨੀਮੈਂਟਰੀ ਕੁਐਸ਼ਚਨ ਨਹੀਂ ਹੁੰਦਾ, (ਵਿਘਨ) ਇਸ ਵਿੱਚ ਇੰਟਰਫੀਅਰੈਂਸ ਨਹੀਂ ਹੁੰਦੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਰ, where is the basic problem, ਇਹੀ ਪ੍ਰਾਬਲਮ ਹੈ, ਮਾਨਸਕਿਤਾ ਦੀ ਪ੍ਰਾਬਲਮ ਹੈ ....

**ਮਾਨਯੋਗ ਸਪੀਕਰ :** ਜਦੋਂ ਤੁਸੀਂ ਬੋਲਣਾ ਹੈ, ਉਦੋਂ ਬੋਲ ਲਿਓ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਰ, ਇੱਕ ਸੈਕਿੰਡ ...(ਵਿਘਨ)...

**Mr. Speaker :** There can be no double standard, no double standards. ਤੁਸੀਂ ਨਹੀਂ ਬੋਲ ਸਕਦੇ, ਬੈਠੋ। ਅਮਨ ਅਰੋੜਾ ਜੀ, ਤੁਸੀਂ ਆਪਣਾ ਕੁਐਸਚਨ ਪੁੱਛੋ ।

**ਸ਼੍ਰੀ ਅਮਨ ਅਰੋੜਾ :** ਸਰ, ਮੇਰਾ ਸਵਾਲ ਇਹ ਹੈ ਕਿ ਇੱਕ ਰਿਪੋਰਟ ਆਈ ਹੈ, ਵਿਕਾਸ ਰਾਵਲ ਐਗਰੀਕਲਚਰ ਐਕਸਪਰਟ ਹਨ, ਜਿਨ੍ਹਾਂ ਦੇ ਮੁਤਾਬਿਕ, ਇਹ ਇਕੱਲੇ ਪੰਜਾਬ ਦੀ ਨਹੀਂ, ਪੂਰੇ ਮੁਲਕ ਦੀ ਪ੍ਰਾਬਲਮ ਹੈ। ਉਸ ਰਿਪੋਰਟ ਅਨੁਸਾਰ ਅਗਲੇ 8 ਸਾਲਾਂ ਦੇ ਵਿਚ 27 ਕਰੋੜ ਸਟਰੇਅ ਐਨੀਮਲਜ ਹਿੰਦੁਸਤਾਨ ਦੀਆਂ ਸੜਕਾਂ ਦੇ ਉਤੇ ਆਉਣਗੇ। ਇਨ੍ਹਾਂ ਨੂੰ ਸੰਭਾਲਣ ਦੇ ਲਈ 5 ਲੱਖ 40 ਹਜ਼ਾਰ ਕਰੋੜ ਰੁਪਿਆ ਚਾਹੀਦਾ ਹੋਵੇਗਾ, 5 ਲੱਖ ਏਕੜ ਜਗ੍ਹਾ ਚਾਹੀਦੀ ਹੋਏਗੀ, which is one and a half time of the Defence Budget of India. ਜਿਹੜਾ ਸਾਰੀਆਂ ਸਟੇਟਾਂ ਦਾ ਐਨੀਮਲ ਹਸਬੈਂਡਰੀ ਦਾ ਬਜਟ ਹੈ, ਇਹ ਉਸ ਨਾਲੋਂ 35 ਗੁਣਾਂ ਜਿਆਦਾ ਹੈ। ਸਰ, ਮੇਰੀ ਬੇਨਤੀ ਸਿਰਫ ਇੰਨੀ ਹੈ ਕਿ ਆਪਾਂ ਅੱਖਾਂ ਬੰਦ ਕਰਕੇ ਸਿਰਫ ਇਸ ਨੂੰ ਧਾਰਮਿਕ ਜਾਂ ਰਿਲੀਜੀਅਸ ਇਸ਼ੂ ਬਣਾ ਕੇ ਨਾ ਰੱਖੀਏ, we will have to differentiate.

**ਮਾਨਯੋਗ ਸਪੀਕਰ:** ਸਵਾਲ ਕਰੋ ਜੀ।

**ਸ਼੍ਰੀ ਅਮਨ ਅਰੋੜਾ:** ਉਸ ਨੂੰ ਗਊ ਧਨ ਦੇ ਵਿਚੋਂ ਕੱਢੋ (ਵਿਘਨ) ਮੈਂ ਕਹਿੰਦਾ ਹਾਂ ਕਿ ਇਸ ਦੇ ਵਾਸਤੇ ਇਕ ਹਾਊਸ ਦੀ ਕਮੇਟੀ ਬਣਾ ਦਿੱਤੀ ਜਾਵੇ, ਜਿਸ ਵਿਚ ਸਾਰੇ ਰਿਲੀਜੀਅਸ ਲੀਡਰ ਹੋਣ।(ਵਿਘਨ) ਸਰ, ਹੋਰ ਕੁਝ ਨਹੀਂ, ਇਸ ਦਾ ਡੀ.ਐਨ.ਏ.ਟੈਸਟ ਕਰਵਾਉ,ਇਹ differentiate ਹੋ ਜਾਵੇਗਾ।

**ਮਾਨਯੋਗ ਸਪੀਕਰ :** ਬੈਠੋ, ਬੈਠੋ। ਹਾਂ ਜੀ, ਸਿੱਧੂ ਸਾਹਿਬ।

**ਮੰਤਰੀ :** ਅਮਨ ਜੀ, ਮੈਂ ਤੁਹਾਨੂੰ ਗੱਲ ਸਮਝਾਉਂਦਾ ਹਾਂ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਪਣੇ ਕਾਬਲ ਸਾਥੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਲਾਸਟ ਪੈਰ੍ਹਾ ਹੈ, ਉਸ ਵਿੱਚ ਮੈਂ ਬਕਾਇਦਾ ਲਿਖਿਆ ਹੈ ਕਿ ਮਾਨਯੋਗ ਮੈਂਬਰਾਂ ਵਲੋਂ ਸਰਬ ਪਾਰਟੀ ਕਮੇਟੀ ਬਣਾਉਣ ਦਾ ਸੁਝਾਅ ਦਿੱਤਾ ਗਿਆ ਹੈ, ਇਸ ਵਿੱਚ ਸਰਕਾਰ ਨੂੰ ਕੋਈ ਇਤਰਾਜ਼ ਨਹੀਂ ।ਸਰਕਾਰ ਨੂੰ ਕੋਈ ਇਤਰਾਜ਼ ਨਹੀਂ ਪਰ ਇਸ ਕਮੇਟੀ ਨੂੰ ਸਟੇਕ ਹੋਲਡਰਾਂ ਤੋਂ ਇਲਾਵਾ ਕਾਨੂੰਨੀ ਮਾਹਿਰ, ਪਸ਼ੂ ਨਸਲਾਂ ਦੇ ਮਾਹਿਰਾਂ ਨੂੰ ਸ਼ਾਮਲ ਕਰਨਾ ਹੋਵੇਗਾ ਕਿਉਂਕਿ ਇਸ ਮਸਲੇ ਦੇ ਮਹੱਤਵਪੂਰਨ ਪਹਿਲੂ ਕਾਨੂੰਨੀ ਅਤੇ ਪਸ਼ੂਆਂ ਦੀਆਂ ਨਸਲਾਂ ਦੀ ਵੰਨ ਸੁਵੰਨਤਾ ਦੇ ਨਾਲ ਸਬੰਧਿਤ ਹਨ। ਦੇਸ਼ ਵਿਚ ਗਊਆਂ ਸਬੰਧੀ ਰਾਜ ਤੋਂ ਇਲਾਵਾ ਕੇਂਦਰ ਦੇ ਕਾਨੂੰਨ ਵੀ ਹਨ। ਤੁਹਾਨੂੰ ਪਤਾ ਹੈ ਕਿ ਕਈ ਵਾਰੀ ਮੈਨੂੰ ਪ੍ਰਾਬਲਮ ਆਉਂਦੀ ਹੈ ਤਾਂ ** ਜੀ ਦਾ ਉਦੋਂ ਹੀ ਫੋਨ ਆ ਜਾਂਦਾ ਹੈ ਤਾਂ ਉਹ ਕਹਿੰਦੇ ਹਨ ਕਿ ਤੁਸੀਂ ਇਹ ਕੀ ਕਰ ਰਹੇ ਹੋ? ਡੇਅਲੀ ਕੋਈ ਨਾ ਕੋਈ ਫੋਨ ਦਿੱਲੀ ਤੋਂ ਆਉਂਦਾ ਹੈ, ਕੱਲ੍ਹ ਬੰਬੇ ਤੋਂ ਇੱਕ ਬਕਾਇਦਾ ਡਾਕ ਆਈ ਹੈ। ਚਲੋ, ਅਸੀਂ ਚਾਹੁੰਦੇ ਹਾਂ ਕਿ ਇਨ੍ਹਾਂ ਸਾਰਿਆਂ ਦਾ ਤਾਲਮੇਲ ਬਣਾ ਕੇ ਇਸ ਦਾ ਹੱਲ ਕੱਢੀਏ । ਦੂਜਾ ਜਿਹੜਾ ਤੁਸੀਂ ਦੇਸੀ ਗਊ ਦੀ ਗੱਲ ਕੀਤੀ ਹੈ, ਮੈਂ ਤੁਹਾਡੇ ਨਾਲ ਮਿਲਕ ਵਾਲੀ ਗੱਲ ਨਾਲ ਸਹਿਮਤ ਨਹੀਂ ਹਾਂ। ਅਸੀਂ, ਲੋਕ ਦੇਸੀ ਗਾਂ ਕਿਉਂ ਨਹੀਂ ਰੱਖਦੇ..

**ਮਾਨਯੋਗ ਸਪੀਕਰ :** ** ਦਾ ਨਾਂ ਐਕਸਪੰਜ ਕਰ ਦਿੱਤਾ ਜਾਵੇ।

**ਮੰਤਰੀ :** ਸਰ, ਦੇਸੀ ਗਾਂ ਲੋਕ ਕਿਉਂ ਨਹੀਂ ਪਰੈਫਰ ਕਰਦੇ ਕਿਉਂਕਿ ਜਿਹੜਾ ਉਸ ਦਾ ਦੁੱਧ ਹੈ, ਉਸ ਦੀ ਜਿਹੜੀ ਫੈਟ ਹੈ, ਉਹ ਪੰਜ ਸਾਢੇ ਪੰਜ ਤੱਕ ਵੀ ਆਉਂਦੀ ਹੈ, ਲੇਕਿਨ ਜਿਹੜਾ ਮਿਲਕ ਪਲਾਂਟ ਹੈ, ਉਨ੍ਹਾਂ ਕੋਲ ਕੋਈ ਸੈਪਰੇਟ ਕਰਨ ਦਾ ਅਜਿਹਾ ਸਿਸਟਮ ਨਹੀਂ ਹੈ, ਉਹ ਸਿਰਫ 4 ਫੈਟ ਵਿਚ ਹੀ ਗਿਣਦੇ ਹਨ, ਉਸ ਗਊ ਦੀ ਦੁੱਧ ਦੀ ਪ੍ਰੋਡਕਸ਼ਨ 10,12,14 ਕਿਲੋ ਤੱਕ ਜਾਂਦੀ ਹੈ। ਜੇਕਰ ਉਸ ਦਾ ਵੱਖਰਾ ਪੈਰਾਮੀਟਰ ਫਿਕਸ ਕੀਤਾ ਜਾਵੇ ਤਾਂ ਦੇਸੀ

** Expunged as ordered by the Chair.

ਗਊਆਂ ਦੀ ਲੋਕਾਂ ਵਿਚ ਕਦਰ ਵੱਧ ਜਾਵੇਗੀ। ਜੇ ਉਸ ਨੂੰ ਮੱਝ ਦੇ ਬਰਾਬਰ ਗਿਣਿਆ ਜਾਵੇ ਤਾਂ ਉਸ ਦੀ ਕਦਰ ਵੱਧ ਜਾਵੇਗੀ ਤੇ ਲੋਕੀਂ ਰੱਖਣਾ ਸ਼ੁਰੂ ਕਰ ਦੇਣਗੇ। ਇਹ ਚੀਜ਼ ਜ਼ਰੂਰੀ ਹੈ, ਜਿਹੜੀ ਗੱਲ ਤੁਸੀਂ ਅਮਰੀਕੀ ਢੱਠਿਆਂ ਦੀ ਕੀਤੀ ਹੈ, ਅਸੀਂ ਉਸ ਲਈ ਸੌਰਟਿੰਗ ਤਕਨੀਕ ਨਾਲ ਸੈਕਸਡ ਸੀਮਨ ਕਿਉਂ ਲਿਆ ਰਹੇ ਹਾਂ ਕਿਉਂਕਿ ਜਦੋਂ ਤੁਹਾਨੂੰ ਫੀਮੇਲ 90 ਪ੍ਰਤੀਸ਼ਤ ਮਿਲਣੇ ਹਨ ਤਾਂ ਸਾਨ੍ਹ ਪੈਦਾ ਹੀ ਨਹੀਂ ਹੋਣੇ। ਅਸੀਂ ਅਜਿਹਾ ਯੂਨਿਟ, ਪ੍ਰਾਜੈਕਟ ਲਗਾ ਰਹੇ ਹਾਂ, ਮੈਂ ਖੁਦ ਦੇਖ ਕੇ ਆਇਆ ਹਾਂ ਕਿ ਉਥੇ ਤੁਹਾਡੀ ਮਰਜ਼ੀ ਹੈ ਕਿ ਕੱਟਾ ਪੈਦਾ ਕਰ ਲਵੋ, ਜੇ ਤੁਹਾਡੀ ਮਰਜ਼ੀ ਹੈ ਕਿ ਕੱਟੀ ਪੈਦਾ ਹੋਵੇ ਤਾਂ ਕੱਟੀ ਪੈਦਾ ਹੋਵੇਗੀ, ਇਹ ਤੁਹਾਡੇ ਹੱਥ ਵਿੱਚ ਹੈ। ਇਸ ਕਰਕੇ ਅਸੀਂ ਉਸ ਉਤੇ ਲੱਗੇ ਹੋਏ ਹਾਂ। ਅਸੀਂ ਤਿੰਨ ਪ੍ਰਾਜੈਕਟ ਤੁਹਾਨੂੰ ਦਿੱਤੇ ਹਨ, ਇਹ ਦੋ ਸਾਲ ਵਿਚ ਕੰਪਲੀਟ ਹੋ ਜਾਣਗੇ, ਦੇਖੋ, ਉਸ ਦੇ ਕੀ ਰਿਜ਼ਲਟ ਆਉਂਦੇ ਹਨ।

**ਮਾਨਯੋਗ ਸਪੀਕਰ :** ਨੈਕਸਟ ਕਾਲ ਅਟੈਨਸ਼ਨ, ਹਾਂ ਜੀ, ਸਰਦਾਰ ਸਿਮਰਜੀਤ ਸਿੰਘ ਬੈਂਸ, ਤੁਹਾਡੀ ਕਾਲ ਅਟੈਨਸ਼ਨ ਇਸ ਨਾਲ ਹੀ ਕਲੱਬ ਹੋਈ ਹੋਈ ਹੈ।

**ਸ਼੍ਰੀ ਅਮਨ ਅਰੋੜਾ :** ਸਪੀਕਰ ਸਾਹਿਬ,..

**ਮਾਨਯੋਗ ਸਪੀਕਰ :** ਨਹੀਂ ਜੀ, ਇਕੋ ਹੀ ਸਪਲੀਮੈਂਟਰੀ ਹੁੰਦੀ ਹੈ, ਸਵਾਲ ਇਕੋ ਹੀ ਹੁੰਦਾ ਹੈ। ਹੁਣ, ਤੁਸੀਂ ਬੈਠੋ। ਇਕੋ ਹੀ ਸਪਲੀਮੈਂਟਰੀ ਹੁੰਦੀ ਹੈ, ਕਾਫੀ ਹੋ ਗਿਆ ਹੈ। ਹਾਂ ਜੀ, ਸਰਦਾਰ ਸਿਮਰਜੀਤ ਸਿੰਘ ਬੈਂਸ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਵੈਸੇ ਤਾਂ ਅਵਾਰਾ ਪਸ਼ੂਆਂ ਦੇ ਮਸਲੇ ਉਤੇ ਬੜੀ ਲੰਮੀ ਡਿਸਕਸ਼ਨ ਹੋ ਗਈ ਹੈ, ਉਸ ਉਤੇ ਅਵਾਰਾ ਪਸ਼ੂ, ਢੱਠੇ, ਗਾਈਆਂ (ਵਿਘਨ) ਜਿਥੇ ਸੜਕਾਂ ਦੇ ਉਤੇ ਦੁਰਘਟਨਾਵਾਂ ਦਾ ਕਾਰਨ ਬਣਦੇ ਹਨ ਜਿਸ ਕਰਕੇ ਸੈਂਕੜੇ ਜਾਨਾਂ ਚਲੀਆਂ ਜਾਂਦੀਆਂ ਹਨ, ਉਥੇ ਕਿਸਾਨਾਂ ਦੀਆਂ ਫਸਲਾਂ ਦਾ ਬਹੁਤ ਵੱਡੀ ਪੱਧਰ ਉਤੇ ਉਜਾੜਾ ਹੁੰਦਾ ਹੈ। ਮੰਤਰੀ ਜੀ ਨੇ ਚੰਗੇ ਸੁਝਾਅ ਦਿੱਤੇ ਹਨ, ਅਮਨ ਜੀ ਨੇ ਵੀ ਚੰਗੇ ਸੁਝਾਅ ਦਿੱਤੇ ਹਨ। ਮੇਰੀ ਉਸ ਵਿਚ ਗੁਜਾਰਿਸ਼ ਹੈ ਕਿ ਜਿਸ ਦਿਨ ਪਿਛਲੀ ਵਿਧਾਨ ਸਭਾ ਵਿੱਚ ਇਹ ਬਿਲ ਇੰਟਰੋਡਿਊਸ ਹੋਇਆ ਸੀ, ਮੈਂ ਉਦੋਂ ਵੀ ਸਰਕਾਰ ਵਾਲਿਆਂ ਨੂੰ ਬੇਨਤੀ ਕੀਤੀ ਸੀ ਕਿ ਇਸ ਦੇ ਉਤੇ ਖੇਤਰ ਫਿਕਸ ਕਰੋ, ਜੁਰਿਸਡਿਕਸ਼ਨ ਫਿਕਸ ਕਰੋ। ਆਪਣਾ ਵਿਧਾਨ ਸਭਾ ਹਲਕਾ, ਚੌਂਕੀ, ਥਾਣਾ, ਤਹਿਸੀਲ ਦਾ ਏਰੀਆ, ਖੇਤਰ ਫਿਕਸ ਕੀਤਾ ਹੋਇਆ ਹੈ। ਆਪਾਂ Cow Cess ਲੈਣਾ ਸ਼ੁਰੂ ਕਰ ਦਿੱਤਾ, ਗਊਸ਼ਾਲਾ ਵਾਲਿਆਂ ਨੂੰ Cow Cess ਵਿਚੋਂ

[ਸਰਦਾਰ ਸਿਮਰਜੀਤ ਸਿੰਘ ਬੈਂਸ]

ਰਕਮ ਦੇਣੀ ਸ਼ੁਰੂ ਕਰ ਦਿੱਤੀ ਪਰ ਗਊਸ਼ਾਲਾ ਵਾਲੇ ਲਈ ਕੋਈ ਏਰੀਆ ਤਾਂ ਫਿਕਸ ਕਰਨਾ ਪਵੇਗਾ, ਜਿੰਨੀ ਦੇਰ ਤੱਕ ਗਊਸ਼ਾਲਾ ਦਾ ਏਰੀਆ ਫਿਕਸ ਨਹੀਂ ਹੋਵੇਗਾ, ਉਦੋਂ ਤੱਕ ਇਹ ਸਮੱਸਿਆ ਜਿਉਂ ਦੀ ਤਿਉਂ ਹੀ ਬਣੀ ਰਹੇਗੀ, ਜਿਵੇਂ ਹੈ ਤਿਵੇਂ ਬਣੀ ਰਹੇਗੀ। ਨੰਬਰ ਦੂਸਰਾ ਗਊਸ਼ਾਲਾ ਵਾਲੇ ਕੀ ਕਰਦੇ ਹਨ, ਮੰਤਰੀ ਸਾਹਿਬ, ਤੁਸੀਂ ਕਿਸੇ ਵੀ ਗਊਸ਼ਾਲਾ ਵਿਚ ਜਾ ਕੇ ਦੇਖ ਲੈਣਾ, ਉਹ ਸਿਰਫ ਜਿਹੜੀਆਂ ਦੁੱਧ ਦੇਣ ਵਾਲੀਆਂ ਗਾਈਆਂ ਹਨ, ਉਨ੍ਹਾਂ ਨੂੰ ਰੱਖਦੇ ਹਨ। ਤੁਹਾਨੂੰ ਉਨ੍ਹਾਂ ਦੀ ਗਊਸ਼ਾਲਾ ਦੇ ਅੰਦਰ 98% ਉਹੀ ਗਾਵਾਂ ਮਿਲਣਗੀਆਂ, ਉਥੇ ਸਿਰਫ ਐਵੇਂ eye wash ਕਰਨ ਵਾਸਤੇ, ਅੱਖੀਂ ਘੱਟਾ ਪਾਉਣ ਵਾਸਤੇ ਕੋਈ ਦੋ ਚਾਰ ਫੰਡਰ ਗਾਵਾਂ ਹੋਣਗੀਆਂ । ਸਪੀਕਰ ਸਾਹਿਬ, ਇਹ ਜ਼ਰੂਰਤ ਹੈ ਕਿ ਗਊਸ਼ਾਲਾ ਦਾ ਏਰੀਆ, ਖੇਤਰ, ਉਸ ਦੀ ਜੁਰਿਸਡਿਕਸ਼ਨ ਫਿਕਸ ਕੀਤੀ ਜਾਵੇ।

ਸਪੀਕਰ ਸਾਹਿਬ, ਇਸ ਤੋਂ ਇਲਾਵਾ ਗਊ ਚਰਾਂਦ ਨੂੰ ਕੋਈ ਵੀ ਬੰਦਾ ਰੈਵੇਨਿਊ ਕਾਨੂੰਨ ਅਨੁਸਾਰ ਵੇਚ ਨਹੀਂ ਸਕਦਾ । ਜਿਹੜੀ ਗਊ ਚਰਾਂਦ ਹੈ, ਉਸ ਨੂੰ ਕੋਈ ਦੇਸ਼ ਦਾ ਕਾਨੂੰਨ ਹੋਵੇ ਜਾਂ ਕਿਸੇ ਸਟੇਟ ਦਾ ਹੋਵੇ, ਉਹ ਵੇਚ ਨਹੀਂ ਸਕਦਾ । ਮੈਂ ਤੁਹਾਨੂੰ ਇਕ ਉਦਾਹਰਣ ਇਥੇ ਦੇ ਦਿੰਦਾ ਹਾਂ ਕਿ ਪਿਛਲੀ ਵਾਰੀ ਸਤਿਕਾਰਯੋਗ ਜਿਹੜੇ ਡਿਪਟੀ ਮੁੱਖ ਮੰਤਰੀ ਹੁੰਦੇ ਸੀ, ਉਨ੍ਹਾਂ ਦਾ ਬੜਾ ਲੰਗੋਟੀਆ ਯਾਰ ਹੈ, ਏਅਰਟੈੱਲ ਦਾ ਮਾਲਕ ** ** core of the city in Ludhiana ਵਿੱਚ ਹੀਰਿਆਂ ਦੇ ਭਾਅ ਦੀ ਜ਼ਮੀਨ ਹੈ। ਉਸ ਜ਼ਮੀਨ ਨੂੰ ਵੇਚਣ ਲੱਗੇ ਸੀ। ਗਊ ਭਗਤ ਇਕੱਠੇ ਹੋ ਗਏ ਅਤੇ ਮੈਨੂੰ ਵੀ ਉਨ੍ਹਾਂ ਦੀ ਸਪੋਰਟ ਵਾਸਤੇ ਜਾਣਾ ਪਿਆ ਕਿਉਂਕਿ ਜਿੱਥੇ ਬੇਈਮਾਨੀ ਹੋਵੇ, ਉਥੇ ਜਾ ਕੇ ਸਪੋਰਟ ਕਰਨੀ ਠੀਕ ਨਹੀਂ ਹੁੰਦੀ ਹੋ ਜਦੋਂ ਉਥੇ ਜਾ ਕੇ ਰੌਲਾ ਪਾਇਆ ਤਾਂ ਸਾਰੇ ਦਾ ਸਾਰਾ ਐਡਮਿਨਿਸਟ੍ਰੇਸ਼ਨ, ਕਿਉਂਕਿ ਇਨ੍ਹਾਂ ਦਾ (ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਵੱਲ ਇਸ਼ਾਰਾ) ਸੀ, ਟੁੱਲ ਹੋਇਆ ਪਿਆ ਸੀ ਕਿ ਜ਼ਮੀਨ ਵੇਚ ਦਿਓ। ਉਥੇ ਬੜਾ ਐਜ਼ੀਟੇਸ਼ਨ ਕਰਨਾ ਪਿਆ ਤਾਂ ਉਹ ਜ਼ਮੀਨ ਬਚੀ। ਮੇਰਾ ਖਿਆਲ ਹੈ ਕਿ ਕੋਈ ਸਾਢੇ 4-5 ਏਕੜ ਦੇ ਕਰੀਬ ਕੋਰ ਏਰੀਏ ਵਿੱਚ ਉਹ ਜ਼ਮੀਨ ਹੈ ਪਰ ਅਫਸੋਸ, ਅੱਜ ਤੱਕ ਉਥੇ ਇਕ ਵੀ ਗਊ ਵਾਸਤੇ ਪ੍ਰਬੰਧ ਨਹੀਂ ਕੀਤਾ। ਮੰਤਰੀ ਸਾਹਿਬ, ਆਪਾਂ ਨੂੰ ਇਹ ਗੱਲ ਐਨਸ਼ਿਓਰ ਕਰਨ ਦੀ ਜ਼ਰੂਰਤ ਹੈ ਕਿ ਪੰਜਾਬ ਅੰਦਰ ਜਿੰਨੀਆਂ ਵੀ ਗਊ ਚਰਾਂਦ ਹਨ, ਉਹ ਸਾਰੀਆਂ ਬੜੀ ਸਖਤੀ ਨਾਲ ਖਾਲੀ ਕਰਵਾਈਆਂ ਜਾਣ ਅਤੇ ਉਥੇ ਗਊਸ਼ਾਲਾ ਦਾ ਪ੍ਰਬੰਧ ਕੀਤਾ ਜਾਵੇ। ਬਹੁਤ ਸਾਰੇ ਐਨ.ਜੀ.ਓਜ਼ ਤੁਹਾਡੇ ਕੋਲ ਆ ਕੇ ਅਪਰੋਚ ਕਰਨਗੇ ਕਿ ਤੁਸੀਂ ਸਾਨੂੰ ਜ਼ਮੀਨ ਦੇ

---

** Expunged as ordered by the Chair.

ਦਿਓ, ਅਸੀਂ ਉਥੇ ਗਊਆਂ ਵਾਸਤੇ ਪ੍ਰਬੰਧ ਕਰਾਂਗੇ। ਤੁਸੀਂ ਇਹ ਦੋ ਨੁਕਤੇ ਲਾਗੂ ਕਰ ਦਿਓ, ਡਿਬੇਟ ਭਾਵੇਂ ਜਿੰਨੀ ਮਰਜ਼ੀ ਕਰਦੇ ਰਹੀਏ, ਹੱਲ ਨੇੜੇ ਆ ਸਕਦਾ ਹੈ। ਮੈਂ ਇਹ ਨਹੀਂ ਕਹਿੰਦਾ ਕਿ 100% ਹੱਲ ਹੋ ਜਾਵੇਗਾ ਪਰ ਨੇੜੇ ਜ਼ਰੂਰ ਆ ਜਾਵੇਗਾ।

ਅਗਲੀ ਗੱਲ, ਭਾਰਤੀ ਸੰਸਕ੍ਰਿਤੀ ਦਾ ਹਿੱਸਾ ਗਊ ਮਾਤਾ ਹੈ। ਅੰਗਰੇਜ਼ੀ ਗਊਆਂ, ਅਮਰੀਕਨ, ਜਰਸੀ ਗਊਆਂ ਅਸੀਂ ਰੱਖੀਆਂ ਹਨ, ਇਹ ਭਾਰਤੀ ਸੰਸਕ੍ਰਿਤੀ ਦਾ ਪਾਰਟ ਨਹੀਂ ਹਨ। ਜਿਹੜੇ ਰੁਲਦੇ-ਫਿਰਦੇ ਅਮਰੀਕਨ ਢੱਠੇ ਹਨ, ਇਨ੍ਹਾਂ ਨੂੰ ਕਾਰਖਾਨਿਆਂ ਵਿੱਚ ਭੇਜ ਦਿਓ। ਮੇਰਾ ਖਿਆਲ ਹੈ ਕਿ ਇਸ ਦਾ ਕੋਈ ਵਿਰੋਧ ਨਹੀਂ ਕਰਦਾ। ਚੰਦ ਕੁ ਸ਼ਿਵ ਸੈਨਿਕ ਆਪਣੀਆਂ ਸਿਆਸੀ ਰੋਟੀਆਂ ਸੇਕਣ ਵਾਸਤੇ, ਸਿਰਫ ਤੇ ਸਿਰਫ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨ ਵਾਸਤੇ, ਜਿਹੜਾ ਪਸ਼ੂ ਪਾਲਕ ਜਾਂ ਡੇਅਰੀ ਫਾਰਮਰ ਹੈ, ਉਸ ਦੇ ਧੰਦੇ ਨੂੰ ਵੀ ਇਹ ਚੋਪਟ ਕਰਦੇ ਹਨ। ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਤੁਹਾਡੇ ਜ਼ਰੀਏ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਤਿੰਨ ਗੱਲਾਂ ਤੇ ਪਹਿਰੇਦਾਰੀ ਕਰ ਲੈਣ, ਇਸ ਸਮੱਸਿਆ ਦਾ ਪਰਮਾਨੈਂਟ ਹੱਲ ਹੋ ਸਕਦਾ ਹੈ। ਧੰਨਵਾਦ।

**ਮੰਤਰੀ :** ਸਪੀਕਰ ਸਾਹਿਬ, ਮੇਰੇ ਕਾਬਲ ਸਾਥੀ ਨੇ ਬੜੇ ਅੱਛੇ ਸੁਝਾਅ ਦਿੱਤੇ ਹਨ। ਮੈਂ ਤੁਹਾਨੂੰ ਇਹੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਜ਼ਿਲ੍ਹਿਆਂ ਵਿੱਚ ਗਊਸ਼ਾਲਾਵਾਂ ਬਣਾਈਆਂ ਗਈਆਂ ਹਨ ਜਾਂ ਹੋਰ ਗਊਸ਼ਾਲਾਵਾਂ ਹਨ, ਜਦੋਂ ਅਸੀਂ ਗਊਆਂ ਦੇ ਕੰਨਾਂ ਤੇ ਟੈਗ ਲਗਾ ਦੇਵਾਂਗੇ, ਜਿਹੜਾ ਤੁਸੀਂ ਕਿਹਾ ਹੈ ਕਿ ਦੁੱਧ ਵਾਲੀਆਂ ਗਊਆਂ ਨੂੰ ਸਾਂਭਦੇ ਹਨ ਅਤੇ ਬਾਕੀਆਂ ਨੂੰ ਨਹੀਂ ਸੰਭਾਲਦੇ, ਜਦੋਂ ਟੈਗ ਲੱਗ ਗਿਆ ਤਾਂ ਉਨ੍ਹਾਂ ਨੂੰ ਸੰਭਾਲਣਾ ਗਊਸ਼ਾਲਾ ਵਾਲਿਆਂ ਦੀ ਮਜਬੂਰੀ ਹੋਵੇਗੀ। ਉਨ੍ਹਾਂ ਦਾ ਰਿਕਾਰਡ ਸਾਡੇ ਕੋਲ ਹੋਵੇਗਾ ਅਤੇ ਪਸ਼ੂ ਨੂੰ ਖੁੱਲ੍ਹਾ ਨਹੀਂ ਛੱਡਣਗੇ।

ਦੂਜੀ ਜਿਹੜੀ ਗਊ ਚਰਾਂਦ ਦੀ ਗੱਲ ਕਹੀ ਹੈ, ਇਸ ਬਾਰੇ ਸਥਾਨਕ ਸਰਕਾਰ ਮੰਤਰੀ, ਸਰਦਾਰ ਨਵਜੋਤ ਸਿੰਘ ਸਿੱਧੂ ਗੱਲ ਕਰਨਗੇ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਜੁਰਿਸਡਿਕਸ਼ਨ ਦੀ ਗੱਲ ਹੈ, ਡਿਸਟ੍ਰਿਕਟਾਂ ਵਿੱਚ ਗਊਸ਼ਾਲਾ ਸਰਕਾਰ ਵਲੋਂ ਬਣਾਈ ਗਈ ਹੈ। ਕੁਝ ਲੋਕਾਂ ਵਲੋਂ ਵੀ ਬਣਾਈਆਂ ਹੋਈਆਂ ਹਨ। ਮੈਨੂੰ ਇਹ ਕਹਿਣ ਵਿੱਚ ਕੋਈ ਹਿਚਕ ਨਹੀਂ ਹੈ ਕਿ ਬਹੁਤ ਸਾਰੇ ਲੋਕਾਂ ਨੇ ਇਹ ਕੰਮ ਮੁਨਾਫੇਖੋਰੀ ਵਾਸਤੇ ਕੀਤਾ ਹੋਇਆ ਹੈ ਪਰ ਅਸੀਂ ਧਾਰਮਿਕ ਨਜ਼ਰੀਏ ਨੂੰ ਦੇਖਦੇ ਹੋਏ ਇਸ ਵਾਸਤੇ ਸਿੱਧੇ ਤੌਰ ਤੇ ਬੋਲ ਨਹੀਂ ਸਕਦੇ। ਜਿਹੜੀ ਤੁਸੀਂ ਢੱਠਿਆਂ ਦੀ ਗੱਲ ਕੀਤੀ ਹੈ, ਮੈਨੂੰ ਇਹ ਦੱਸੋ ਕਿ ਜਿੱਥੇ ਗਊਸ਼ਾਲਾ ਬਣੀ ਹੋਈ ਹੈ, ਉਥੇ ਉਨ੍ਹਾਂ ਨੇ ਸਾਰਾ ਮਾਲ ਇਕੱਠਾ ਛੱਡਿਆ ਹੋਇਆ ਹੈ....

**ਮਾਨਯੋਗ ਸਪੀਕਰ:** ਸਿੱਧੂ ਸਾਹਿਬ, ਮਾਫ ਕਰਨਾ। ਮੈਂ ਇੰਟਰਵੀਨ ਕਰ ਰਿਹਾ ਹਾਂ। ਜਿਹੜੀਆਂ ਗਊਸ਼ਾਲਾਵਾਂ ਸਰਕਾਰ ਤੋਂ ਮਦਦ ਲੈਂਦੀਆਂ ਹਨ, ਉਨ੍ਹਾਂ ਦੀ ਜੁਰਿਸਡਿਕਸ਼ਨ ਫਿਕਸ ਕਰਨ ਵਿੱਚ ਦਿੱਕਤ ਨਹੀਂ ਹੋਣੀ ਚਾਹੀਦੀ।

**ਮੰਤਰੀ :** ਕੋਈ ਦਿੱਕਤ ਨਹੀਂ ਹੈ। ਇਹ ਆਲਰੇਡੀ ਕੀਤੀ ਹੋਈ ਹੈ। ਦਿਨ-ਬ ਦਿਨ ਪਸ਼ੂ ਵਧਦੇ ਜਾ ਰਹੇ ਹਨ। ਅੱਜ 10,000 ਪਸ਼ੂ ਹੋ ਗਿਆ ਹੈ, ਇਹ ਗਊਸ਼ਾਲਾਵਾਂ 44,000 ਪਸ਼ੂਆਂ ਦੀ ਸਮਰੱਥਾ ਰਖਦੀਆਂ ਹਨ। ਜਿਹੜਾ cow cess ਲਾਗੂ ਹੋਇਆ ਹੈ, ਇਸ ਨਾਲ ਸ਼ੈੱਡ ਵਗੈਰਾ ਬਣਨੇ ਹਨ। ਪ੍ਰਾਬਲਮ ਕੀ ਹੈ? ਢੱਠੇ ਵੀ ਉਥੇ ਹੀ ਬੰਦ ਕੀਤੇ ਹੋਏ ਹਨ, ਗਊਆਂ ਵੀ ਉਥੇ ਹੀ ਬੰਦ ਕੀਤੀਆਂ ਹੋਈਆਂ ਹਨ, ਜਿਸ ਨਾਲ ਨਜਾਇਜ਼ ਅਤੇ ਬੇਲੋੜਾ ਉਤਪਾਦਨ ਹੋ ਰਿਹਾ ਹੈ, ਜਿਸ ਦੀ ਸਾਨੂੰ ਜ਼ਰੂਰਤ ਨਹੀਂ ਹੈ। ਜੇਕਰ ਅਸੀਂ ਉਨ੍ਹਾਂ ਨੂੰ ਵੱਖਰੇ-ਵੱਖਰੇ ਕਰਕੇ ਏ.ਆਈ (Artificial Insemination) ਕਰਾਂਗੇ ਤਾਂ ਅਸੀਂ ਉਨ੍ਹਾਂ ਵਿਚੋਂ ਚੰਗੇ ਪਸ਼ੂ ਕੱਢ ਲਵਾਂਗੇ। ਇਹ ਪ੍ਰਪੋਜ਼ਲ ਸਰਕਾਰ ਦੇ ਵਿਚਾਰ ਅਧੀਨ ਹੈ।

**ਸਥਾਨਕ ਸਰਕਾਰ ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਐਮ.ਐਲ.ਏ ਸਾਹਿਬ ਨੇ ਜਿਹੜਾ ਸਵਾਲ ਉਠਾਇਆ ਹੈ, ਉਹ ਬੜਾ ਵਾਜਿਬ ਹੈ ਤੇ ਜਸਟੀਫਾਈਡ ਹੈ ਲੇਕਿਨ ਉਸ ਦੇ ਕਾਰਨਾਂ ਵਿੱਚ ਜਾਣਾ ਬੜਾ ਜ਼ਰੂਰੀ ਹੈ। ਕਿਸੇ ਪ੍ਰਾਬਲਮ ਦਾ ਇਕ cause ਹੁੰਦਾ ਹੈ। ਜੇਕਰ cause ਨੂੰ ਪਾਸੇ ਕਰ ਦਿਓ ਤਾਂ ਇਫੈਕਟ ਸੀਜ਼ ਕਰ ਜਾਂਦਾ ਹੈ, take away the cause and the effect will cease. ਇਨ੍ਹਾਂ ਨੇ ਬਿਲਕੁਲ ਠੀਕ ਕਿਹਾ ਹੈ ਕਿ ਜਦੋਂ ਜ਼ਮੀਨ ਵੰਡੀ ਗਈ ਸੀ, ਉਸ ਵਿੱਚ ਸ਼ਮਸ਼ਾਨ, ਸ਼ਾਮਲਾਟ, ਚਰਾਨ, ਗਊ ਚਰਾਂਦ ਜਿਹੜੀਆਂ ਹਨ, ਉਹ ਰਾਜਿਆਂ-ਮਹਾਰਾਜਿਆਂ ਨੇ ਦਾਨ ਕੀਤੀਆਂ ਸਨ। ਤੁਸੀਂ ਮਨਪ੍ਰੀਤ ਜੀ ਨੂੰ ਪੁੱਛ ਸਕਦੇ ਹੋ, ਇਨ੍ਹਾਂ ਨੂੰ ਰਾਮ ਗਊਆਂ ਕਹਿੰਦੇ ਹੁੰਦੇ ਸੀ, ਇਨ੍ਹਾਂ ਨੇ ਵੀ ਚਾਨਣ ਪਾਇਆ ਹੈ ਕਿ ਇਨ੍ਹਾਂ ਨੂੰ ਰਾਮ ਗਊਆਂ ਕਹਿੰਦੇ ਹੁੰਦੇ ਸੀ। ਘੋੜੇ, ਜਿਨ੍ਹਾਂ ਦੀਆਂ ਲੱਤਾਂ ਖਰਾਬ ਹੋਈਆਂ ਹੁੰਦੀਆਂ ਸਨ, ਉਹ ਵੀ ਹੁੰਦੇ ਸਨ ਅਤੇ ਇਨ੍ਹਾਂ ਵਾਸਤੇ 300-400-500 ਏਕੜ ਜ਼ਮੀਨ ਰੱਖੀ ਹੁੰਦੀ ਸੀ। ਜਿਹੜੀਆਂ ਤੁਸੀਂ ਗੱਲਾਂ ਕਰ ਰਹੇ ਹੋ, ਸਪੀਕਰ ਸਾਹਿਬ, 25-25 ਏਕੜ ਜ਼ਮੀਨ ਇਕ ਡਿਸਟ੍ਰਿਕਟ ਦੀ ਹੈ ਅਤੇ ਇਸ ਵਿੱਚ ਵੀ ਪੂਰੇ ਡਿਸਟ੍ਰਿਕਟਾਂ ਵਿੱਚ ਇਹ ਨਹੀਂ ਹੈ। ਸਪੀਕਰ ਸਾਹਿਬ ਇਹ ਸਾਰੀ ਮਿਲਾ ਕੇ ਤਕਰੀਬਨ 300 ਏਕੜ ਜ਼ਮੀਨ ਸਾਰੀ ਸਟੇਟ ਦੀ ਬਣਦੀ ਹੈ, ਤੁਸੀਂ 400 ਕਹਿ ਲਓ। ਜਿਹੜੀ ਨੱਪੀ ਹੋਈ ਜ਼ਮੀਨ ਹੈ, ਉਹ 9,000 ਏਕੜ ਹੈ ਜੋ ਕਿ ਆਨ ਰਿਕਾਰਡ ਹੈ ਪਰੰਤੂ ਇਸ

ਤੋਂ ਇਲਾਵਾ ਕਰੀਬ-ਕਰੀਬ 70,000 ਏਕੜ ਸ਼ਾਮਲਾਤ ਜ਼ਮੀਨ ਹੈ, ਜਿਹੜੀ ਦੱਬੀ ਹੋਈ ਹੈ। ਤੁਸੀਂ ਉਸ ਨੂੰ ਸੇਲ ਨਹੀਂ ਕਰ ਸਕਦੇ। ਮੈਂ ਐਮ.ਐਲ.ਏ. ਸਾਹਿਬ ਦੀ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਮੇਰੇ ਦੋ ਵਾਰ ਜਦੋਂ ਕੁਐਸਚਨ ਲੱਗੇ ਸੀ, ਮੈਂ ਜਵਾਬ ਇਹ ਦਿੱਤਾ ਸੀ, ਆਨ ਰਿਕਾਰਡ ਦਿੱਤਾ ਸੀ ਔਰ ਉਹ ਜਵਾਬ ਤੁਹਾਡੇ ਕੋਲ ਹੈ। ਜੇ ਮੈਨੂੰ ਕੋਈ ਮੇਰੇ ਘਰ ਵਿਚੋਂ ਕੱਢ ਦੇਵੇਗਾ ਤਾਂ ਮੈਂ ਤਾਂ ਸੜਕ ਤੇ ਹੀ ਆਵਾਂਗਾ। ਜੇ ਇਸ ਸਮੱਸਿਆ ਦਾ ਹੱਲ ਕੱਢਣਾ ਹੈ, ਜੇ ਇਹ ਚਰਾਂਦ ਅਤੇ ਗਊ ਚਰਾਂਦ ਜ਼ਮੀਨਾਂ ਵੱਡੇ-ਵੱਡੇ ਲੋਕਾਂ ਨੇ ਦੱਬ ਲਈਆਂ, ਫਿਰ ਗਊ ਤਾਂ ਸੜਕਾਂ ਤੇ ਹੀ ਫਿਰੇਗੀ। ਇਹ ਇਸ ਦਾ ਹੱਲ ਹੈ ਔਰ ਸਰ, ਇਹ ਹੱਲ ਹੋ ਸਕਦਾ ਹੈ ਕਿਉਂਕਿ ਉਹ ਜ਼ਮੀਨ ਤੁਸੀਂ ਵੇਚ ਨਹੀਂ ਸਕਦੇ, ਉਸ ਤੇ ਕਬਜ਼ਾ ਵੀ ਨਹੀਂ ਕਰ ਸਕਦੇ, ਉਸ ਦੇ ਉਤੇ ਖੇਤ ਨਹੀਂ ਬਣਾ ਸਕਦੇ, ਉਹ ਜ਼ਮੀਨਾਂ ਲੋਕਾਂ ਦੀਆਂ ਦਾਨ ਦਿੱਤੀਆਂ ਹੋਈਆਂ ਹਨ। ਜੇ ਇਸ ਦਾ ਹੱਲ ਕਰਨਾ ਹੈ ਤਾਂ ਫਿਰ ਜਿਹੜੇ ਰਾਜ ਦੇ ਵਿੱਚ ਚੰਗਾ ਕੰਮ ਕਰਨ ਵਾਲੇ ਨੂੰ ਹੌਸਲਾ ਨਾ ਦਿੱਤਾ ਜਾਵੇ ਔਰ ਮਾੜਾ ਕੰਮ ਕਰਨ ਵਾਲੇ ਨੂੰ ਦੰਡਿਤ ਨਾ ਕੀਤਾ ਜਾਵੇ ਤਾਂ ਉਸ ਦਾ ਹਾਲ ਇਹੋ ਜਿਹਾ ਹੀ ਹੋਵੇਗਾ।

-----------

**ਮਾਨਯੋਗ ਸਪੀਕਰ:** ਅਗਲੀ ਕਾਲ ਅਟੈਨਸ਼ਨ ਸਰਦਾਰ ਹਰਪਾਲ ਸਿੰਘ ਚੀਮਾ ਜੀ ਦੀ ਹੈ।

(**ਕੁਝ ਅਵਾਜ਼ਾਂ:** ਸਰਦਾਰ ਮਨਜੀਤ ਸਿੰਘ ਬਿਲਾਸਪੁਰ ਦਾ ਨਾਮ ਵਿੱਚ ਹੈ ਜੀ। ਇਨ੍ਹਾਂ ਦਾ ਨਾਮ ਸੈਕਿੰਡ ਹੈ।)

**ਸਰਦਾਰ ਹਰਪਾਲ ਸਿੰਘ ਚੀਮਾ:** ਮੇਰੀ ਕਾਲ ਅਟੈਨਸ਼ਨ ਨੰਬਰ 23 ਹੈ ਜੀ। ਪਲੀਜ਼, ਚੈੱਕ ਕਰਵਾ ਲਉ।

**ਮਾਨਯੋਗ ਸਪੀਕਰ:** ਸਾਡੇ ਕੋਲੋਂ ਗਲਤੀ ਨਾਲ ਨਹੀਂ ਲਿਖਿਆ ਜਾਂਦਾ। ਮੈਂ ਚੈੱਕ ਕੀਤਾ ਹੈ ਜੀ। ਇਹ ਕਲੱਬ ਹੋਈ ਹੈ। ਨੈਕਸਟ ਜੋ ਕਾਲ ਅਟੈਨਸ਼ਨ ਹੈ, ਉਹ ਸ਼੍ਰੀ ਹਰਪਾਲ ਸਿੰਘ ਚੀਮਾ, ਸਰਦਾਰ ਕੁਲਤਾਰ ਸਿੰਘ ਸੰਧਵਾਂ ਅਤੇ ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ ਸਾਹਿਬ ਦੀ ਹੈ। ਇਸ ਦੇ ਵਿੱਚ ਨਹੀਂ, ਤੁਸੀਂ ਵੈਸੇ ਇੱਕ ਮਿੰਟ ਲਈ ਬੋਲ ਲਉ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਪੀਕਰ ਸਾਹਿਬ, ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ।

**ਮਾਨਯੋਗ ਸਪੀਕਰ:** ਤਿੰਨ ਹੀ ਬੋਲ ਸਕਦੇ ਹਨ ਪ੍ਰੰਤੂ ਇਸ ਨੂੰ ਕਿਤੇ ਕੱਲ੍ਹ ਵਾਸਤੇ ਰੂਲ ਨਾ ਬਣਾ ਲੈਣਾ। ਅੱਜ ਨਾਨ ਆਫੀਸ਼ੀਅਲ ਡੇਅ ਹੈ, ਇਸ ਕਰਕੇ ਥੋੜ੍ਹੀ ਜਿਹੀ ਲਿਹਾਜ਼ ਹੈ। ਇਸ ਨੂੰ ਕੱਲ੍ਹ ਨੂੰ ਕਾਨੂੰਨ ਨਾ ਬਣਾ ਲੈਣਾ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਅੱਜ ਤੁਹਾਡਾ ਮੂਡ ਵੀ ਠੀਕ ਲਗਦਾ ਹੈ ਜੀ। ਕੱਲ੍ਹ ਤਾਂ ਟਾਈਮ ਨਹੀਂ ਦਿੰਦੇ ਸੀ।

**ਮਾਨਯੋਗ ਸਪੀਕਰ :** ਨਹੀਂ ਜੀ, ਨਹੀਂ, ਅਜਿਹੀ ਕੋਈ ਗੱਲ ਨਹੀਂ ਹੈ। ਚਲੋ, ਬੋਲੋ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਸਪੀਕਰ ਸਾਹਿਬ, ਧੰਨਵਾਦ ਜੀ। ਸਪੀਕਰ ਸਾਹਿਬ, ਮੈਂ ਸੁਝਾਅ ਹੀ ਦੇਣਾ ਹੈ। ਮੈਂਬਰ ਸਾਹਿਬ ਨੇ ਬੜੇ ਅੱਛੇ ਸੁਝਾਅ ਦਿੱਤੇ ਹਨ। ਮੇਰੀ ਮੰਤਰੀ ਸਾਹਿਬ ਨੂੰ ਇਹ ਬੇਨਤੀ ਹੈ ਕਿ ਜਿੱਥੇ ਜਾਨਵਰਾਂ ਦੇ ਕਾਰਨ ਐਕਸੀਡੈਂਟਸ ਹੁੰਦੇ ਹਨ ਅਤੇ ਫਸਲਾਂ ਤਬਾਹ ਹੁੰਦੀਆਂ ਹਨ, ਉਥੇ ਉਨ੍ਹਾਂ ਜਾਨਵਰਾਂ ਦੀ ਵੀ ਪੰਜਾਬ ਵਿੱਚ ਬੜੀ ਦੁਰਦਸ਼ਾ ਹੈ। ਜਦੋਂ ਇਹ ਜਾਨਵਰ ਕਿਸੇ ਜ਼ਿਮੀਂਦਾਰ ਦੇ ਖੇਤ ਵਿੱਚ ਵੜਦੇ ਹਨ, ਉਹ ਗੰਡਾਸਾ ਲੈ ਕੇ ਪਿੱਛੇ ਪੈ ਜਾਂਦਾ ਹੈ, ਉਨ੍ਹਾਂ ਜਾਨਵਰਾਂ ਵਿੱਚ ਕੀੜੇ ਪੈ ਜਾਂਦੇ ਹਨ। ਸ਼ਹਿਰਾਂ ਵਿੱਚ ਜਦੋਂ ਕੋਈ ਗਊ ਜਾਂ ਢੱਠਾ ਮਰਦਾ ਹੈ ਤਾਂ ਉਸ ਦਾ ਪੋਸਟਮਾਰਟਮ ਕਰਵਾ ਕੇ ਦੇਖ ਲਉ, ਘੱਟੋ ਘੱਟ ਉਸ ਦੇ ਪੇਟ ਵਿੱਚ ਪੰਜਾਹ ਕਿੱਲੋ ਤਾਂ ਲਿਫਾਫੇ ਨਿਕਲਣਗੇ। ਸੋ, ਮੇਰੀ ਇਹ ਬੇਨਤੀ ਹੈ ਕਿ ਸਾਡੇ ਪੰਜਾਬ ਵਿੱਚ ਬਹੁਤ ਸਾਰੀਆਂ ਬੀੜਾਂ ਹਨ, ਬਹੁਤ ਹਜ਼ਾਰਾਂ ਏਕੜ ਜਗ੍ਹਾ ਪਈ ਹੈ, ਉਨ੍ਹਾਂ ਵਿੱਚ ਫੈਂਸਿੰਗ ਕਰਕੇ ਅਤੇ ਕੇਵਲ ਪਾਣੀ ਦਾ ਪ੍ਰਬੰਧ ਕਰਕੇ ਇਨ੍ਹਾਂ ਪਸ਼ੂਆਂ/ਜਾਨਵਰਾਂ ਨੂੰ ਉਥੇ ਛੱਡ ਦਿੱਤਾ ਜਾਵੇ, ਨਾਲ ਹੀ ਇਹ ਪਸ਼ੂ ਉਸ ਕੁਦਰਤੀ ਮਾਹੌਲ ਵਿੱਚ ਰਹਿਣਗੇ, ਨਾਲ ਹੀ ਜਿੰਨੀ ਇਨ੍ਹਾਂ ਨੇ ਆਪਣੀ ਉਮਰ ਭੋਗਣੀ ਹੋਵੇਗੀ, ਉਸ ਕੁਦਰਤੀ ਮਾਹੌਲ ਵਿੱਚ ਭੋਗਣਗੇ। ਮੇਰੀ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਕੀ ਇਸ ਤਰ੍ਹਾਂ ਦੀ ਕੋਈ ਤਜਵੀਜ਼ ਸਰਕਾਰ ਬਣਾ ਸਕਦੀ ਹੈ?

**ਪਸ਼ੂ ਪਾਲਣ, ਡੇਅਰੀ ਵਿਕਾਸ ਮੰਤਰੀ :** ਸਪੀਕਰ ਸਾਹਿਬ, ਅੱਜ ਸੀ.ਐਮ. ਸਾਹਿਬ ਸਦਨ ਵਿੱਚ ਬੈਠੇ ਨਹੀਂ ਹਨ। ਉਨ੍ਹਾਂ ਦੇ ਮਾਈਂਡ ਵਿੱਚ ਵੀ ਆਲਰੇਡੀ ਇਹ ਪ੍ਰਪੋਜ਼ਲ ਹੈ ਕਿ ਜਿੰਨੇ ਵੀ ਸਾਡੇ ਬੀੜ ਹਨ, ਉਨ੍ਹਾਂ ਦੀ ਫੈਂਸਿੰਗ ਕਰਕੇ, ਪੁਖਤਾ ਪ੍ਰਬੰਧ ਕਰਕੇ ਉਥੇ ਪਸ਼ੂ ਛੱਡਣ ਲਈ ਭਰੋਸਾ ਦਿਵਾਇਆ ਹੋਇਆ ਹੈ ਜੀ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਧੰਨਵਾਦ ਜੀ।

----

**(ਕ੍ਰਮ ਨੰ: 23)**

**1. ਸਰਦਾਰ ਹਰਪਾਲ ਸਿੰਘ ਚੀਮਾ :**

**2. ਸਰਦਾਰ ਕੁਲਤਾਰ ਸਿੰਘ ਸੰਧਵਾਂ :**

**3. ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ, ਅਰਥਾਤ ਪੰਜਾਬ ਰਾਜ ਵਿੱਚ ਬਿਜਲੀ ਬਹੁਤ ਮਹਿੰਗੀ ਹੋ ਗਈ ਹੈ ਅਤੇ ਇਹ ਪ੍ਰਤੀ ਯੂਨਿਟ 9/- ਰੁਪਏ ਤੋਂ ਵੀ ਮਹਿੰਗੀ ਪੈਂਦੀ ਹੈ ਅਤੇ ਗਰੀਬ ਆਦਮੀ ਇੰਨੀ ਮਹਿੰਗੀ ਬਿਜਲੀ ਦਾ ਬਿਲ ਭਰਨ ਤੋਂ ਅਸਮਰੱਥ ਹੈ। ਲੋਕਾਂ ਵਿੱਚ ਇਸ ਮੁੱਦੇ ਨੂੰ ਲੈ ਕੇ ਬੜੀ ਹਾਹਾਕਾਰ ਮੱਚੀ ਹੋਈ ਹੈ। ਲੋਕਾਂ ਦਾ ਮੰਨਣਾ ਹੈ ਕਿ ਦਿੱਲੀ ਵਿੱਚ ਬਿਜਲੀ ਖਰੀਦ ਕੇ ਵੀ ਪੰਜਾਬ ਨਾਲੋਂ ਸਸਤੀ ਦਿੱਤੀ ਜਾਂਦੀ ਹੈ ਜਦ ਕਿ ਪੰਜਾਬ ਆਪ ਬਿਜਲੀ ਪੈਦਾ ਕਰਕੇ ਇੰਨੀ ਮਹਿੰਗੀ ਬਿਜਲੀ ਲੋਕਾਂ ਨੂੰ ਦੇ ਰਿਹਾ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਊਰਜਾ, ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸਰਦਾਰ ਗੁਰਪ੍ਰੀਤ ਸਿੰਘ ਕਾਂਗੜ) :** ਸਪੀਕਰ ਸਾਹਿਬ, ਧੰਨਵਾਦ ਜੀ। ਬਿਜਲੀ ਐਕਟ, 2003 ਅਨੁਸਾਰ ਪੰਜਾਬ ਸਟੇਟ ਇਲੈਕਟ੍ਰੀਸਿਟੀ ਰੈਗੂਲੇਟਰੀ ਕਮਿਸ਼ਨ (ਪੀ.ਐਸ.ਈ.ਆਰ.ਸੀ.) ਦੁਆਰਾ ਹਰ ਸਾਲ ਬਿਜਲੀ ਰੇਟ ਤੈਅ ਕੀਤੇ ਜਾਂਦੇ ਹਨ ਅਤੇ ਵੱਖ-ਵੱਖ ਸ਼੍ਰੇਣੀਆਂ ਦੇ ਖਪਤਕਾਰਾਂ ਲਈ ਟੈਰਿਫ ਆਰਡਰ ਰਾਹੀਂ ਜਾਰੀ ਕੀਤੇ ਜਾਂਦੇ ਹਨ। ਮੌਜੂਦਾ ਸਮੇਂ ਵੱਖ-ਵੱਖ ਸ਼੍ਰੇਣੀਆਂ ਦੇ ਖਪਤਕਾਰਾਂ ਨੂੰ ਟੈਰਿਫ ਆਰਡਰ, 2019 ਅਨੁਸਾਰ ਚਾਰਜ ਕੀਤਾ ਜਾ ਰਿਹਾ ਹੈ, ਜੋ ਕਿ ਅਨੈਕਸਚਰ-ਏ ਅਨੁਸਾਰ ਹੈ।

ਪੰਜਾਬ ਰਾਜ ਵਿੱਚ ਬਿਜਲੀ ਦੀ ਦਰ ਦਿੱਲੀ ਵਿੱਚ ਟੈਰਿਫ ਦਰ ਨਾਲ ਤੁਲਨਾਯੋਗ ਹੈ ਅਤੇ ਇਹ ਕੁਝ ਸ਼੍ਰੇਣੀਆਂ ਦੇ ਖਪਤਕਾਰਾਂ ਜਿਵੇਂ ਕਿ ਖੇਤੀਬਾੜੀ, ਵਪਾਰਕ ਅਤੇ ਉਦਯੋਗਿਕ ਦੇ ਮਾਮਲੇ ਵਿੱਚ ਘੱਟ ਹੈ।

ਇਸ ਤੋਂ ਇਲਾਵਾ, ਅਨੁਸੂਚਿਤ ਜਾਤੀਆਂ (ਐਸ.ਸੀ), ਨਾਨ-ਐਸ.ਸੀ.ਬੀ.ਪੀ.ਐਲ.(ਗਰੀਬ ਪਰਿਵਾਰਾਂ) ਅਤੇ ਪੱਛੜੀਆਂ ਸ਼੍ਰੇਣੀਆਂ (ਬੀ.ਸੀ.) ਦੇ ਘਰੇਲੂ ਵਰਗ ਦੇ ਯੋਗ ਖਪਤਕਾਰਾਂ (ਜਿਨ੍ਹਾਂ ਦਾ ਮਨਜ਼ੂਰਸ਼ੁਦਾ ਲੋਡ 1 ਕਿਲੋਵਾਟ ਤੱਕ ਹੈ) ਨੂੰ ਹਰ ਮਹੀਨੇ 200 ਯੂਨਿਟਾਂ ਮੁਫਤ ਬਿਜਲੀ ਦੀ ਸਹੂਲਤ ਦਿੱਤੀ ਜਾ ਰਹੀ

ਹੈ। ਦਿੱਲੀ ਵਿੱਚ ਗਰੀਬ ਪਰਿਵਾਰਾਂ ਲਈ ਇਹ ਸਹੂਲਤ ਉਪਲੱਬਧ ਨਹੀਂ ਹੈ।

ਇਸ ਤੋਂ ਇਲਾਵਾ, ਪੰਜਾਬ ਰਾਜ ਕਿਸਾਨਾਂ ਨੂੰ ਮੁਫਤ ਬਿਜਲੀ ਦੀ ਸਹੂਲਤ ਪ੍ਰਦਾਨ ਕਰ ਰਿਹਾ ਹੈ, ਜਦੋਂ ਕਿ ਦਿੱਲੀ ਵਿੱਚ ਕਿਸਾਨਾਂ ਪਾਸੋਂ 125/- ਰੁਪਏ ਪ੍ਰਤੀ ਕਿਲੋਵਾਟ ਪ੍ਰਤੀ ਮਹੀਨਾ ਬਤੌਰ ਫਿਕਸਡ ਚਾਰਜ਼ਿਜ਼ ਵਜੋਂ ਅਤੇ ਇਸ ਦੇ ਨਾਲ ਰੁਪਏ 1.50 ਪ੍ਰਤੀ ਯੂਨਿਟ ਬਤੌਰ ਐਨਰਜੀ ਚਾਰਜ਼ਿਜ਼ ਵਸੂਲੇ ਜਾ ਰਹੇ ਹਨ।

ਪੰਜਾਬ ਸਰਕਾਰ ਸਾਰੇ ਸਮਾਲ ਪਾਵਰ ਉਦਯੋਗਿਕ ਖਪਤਕਾਰਾਂ ਨੂੰ 4.99 ਰੁਪਏ ਅਤੇ ਮੀਡੀਅਮ ਸਪਲਾਈ/ਲਾਰਜ ਸਪਲਾਈ ਉਦਯੋਗਿਕ ਖਪਤਕਾਰਾਂ ਨੂੰ 5.00 ਰੁਪਏ ਵੈਰੀਏਬਲ ਕੀਮਤ ਨਾਲ ਬਿਜਲੀ ਪ੍ਰਦਾਨ ਕਰ ਰਹੀ ਹੈ ਜੋ ਕਿ ਦਿੱਲੀ ਸਮੇਤ ਗੁਆਂਢੀ ਰਾਜਾਂ ਨਾਲੋਂ ਬਹੁਤ ਘੱਟ ਹੈ।

ਪੰਜਾਬ ਸਰਕਾਰ ਖੇਤੀਬਾੜੀ ਲਈ 6256.09 ਕਰੋੜ, ਉਦਯੋਗਾਂ ਲਈ 1535.83 ਕਰੋੜ ਅਤੇ ਕਮਜ਼ੋਰ ਵਰਗ ਘਰੇਲੂ ਸ਼੍ਰੇਣੀ ਖਪਤਕਾਰਾਂ ਲਈ 1252.33 ਕਰੋੜ ਰੁਪਏ ਦੀ ਸਬਸਿਡੀ ਦੇ ਰਹੀ ਹੈ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਜਿਹੜੇ ਐਗਰੀਮੈਂਟ ਪ੍ਰਾਈਵੇਟ ਕੰਪਨੀਆਂ ਦੇ ਨਾਲ ਸਾਡੇ ਇੱਧਰ ਬੈਠੇ ਭਰਾਵਾਂ ਨੇ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਕੀਤੇ ਸੀ, ਇਨ੍ਹਾਂ ਨੇ ਲਗਭਗ ਚਾਰ ਐਗਰੀਮੈਂਟ ਕੀਤੇ ਸਨ ਉਨ੍ਹਾਂ ਮੁਤਾਬਿਕ ਚਾਹੇ ਅਸੀਂ ਬਿਜਲੀ ਵਰਤੀਏ, ਚਾਹੇ ਨਾ ਵਰਤੀਏ, ਲੇਕਿਨ ਜਿਹੜੀਆਂ ਪ੍ਰਾਈਵੇਟ ਬਿਜਲੀ ਕੰਪਨੀਆਂ ਹਨ, ਉਨ੍ਹਾਂ ਦਾ ਮੀਟਰ ਚੱਲਣਾ ਹੀ ਚੱਲਣਾ ਹੈ। ਇਸ ਦੇ ਨਾਲ ਘੱਟੋ-ਘੱਟ 2700/- ਕਰੋੜ ਰੁਪਿਆ per year ਪੰਜਾਬ ਵਿੱਚ ਵਜ਼ਨ ਪੈਣਾ ਹੈ। ਸਪੀਕਰ ਸਾਹਿਬ, ਲਗਭਗ ਇਹ ਜਿਹੜੇ ਵੀ ਐਗਰੀਮੈਂਟ ਇਨ੍ਹਾਂ ਨੇ ਕੀਤੇ ਹਨ, ਇਹ ਅਗਲੇ 25 ਸਾਲ ਹੋਰ ਚੱਲਣਗੇ, ਜਿਸ ਦੇ ਨਾਲ ਪੰਜਾਬ ਅਤੇ ਪੰਜਾਬ ਦੇ ਲੋਕਾਂ ਤੇ ਲਗਭਗ 70,000 ਕਰੋੜ ਰੁਪਏ ਦਾ ਭਾਰ ਹੋਰ ਪੈਣਾ ਹੈ। ਕੈਪਟਨ ਸਾਹਿਬ ਨੇ ਆਪਣੇ ਚੋਣ ਮੈਨੀਫੈਸਟੋ ਵਿੱਚ ਵਾਅਦਾ ਕੀਤਾ ਸੀ ਅਤੇ ਕਿਹਾ ਸੀ ਕਿ ਇਹ ਜਿਹੜੇ ਸਾਰੇ ਐਗਰੀਮੈਂਟ ਅਕਾਲੀ ਦਲ ਅਤੇ ਬੀ.ਜੇ.ਪੀ ਨੇ ਕੀਤੇ ਹਨ, ਉਹ ਸਾਰੇ ਐਗਰੀਮੈਂਟ ਰੱਦ ਕਰਾਂਗੇ। ਸਪੀਕਰ ਸਾਹਿਬ, ਹਾਲੇ ਤੱਕ ਕੋਈ ਵੀ ਐਗਰੀਮੈਂਟ ਰੱਦ ਨਹੀਂ ਹੋਇਆ ਹੈ, ਉਨ੍ਹਾਂ ਐਗਰੀਮੈਟਾਂ ਤੇ ਕੰਮ ਚੱਲ ਰਿਹਾ ਹੈ। ਦੂਸਰਾ, ਜਿਹੜਾ ਬਿਜਲੀ ਬੋਰਡ ਦੇ ਵਿੱਚ, ਪਾਵਰਕੌਮ ਦੇ ਵਿੱਚ ਭਰਤੀ ਹੋਣੀ ਸੀ, ਉਹ ਭਰਤੀ

ਨਹੀਂ ਹੋਈ ਹੈ। 2011 ਦੇ ਵਿੱਚ 5000 ਲਾਈਨਮੈਨ ਦਾ ਇਸ਼ਤਿਹਾਰ ਦਿੱਤਾ ਗਿਆ ਸੀ, ਉਨ੍ਹਾਂ ਵਿੱਚੋਂ ਕੇਵਲ 1000 ਭਰਤੀ ਕੀਤਾ ਗਿਆ ਸੀ। ਉਸ ਵਕਤ ਬੜੇ ਲੰਮੇ ਧਰਨੇ ਚੱਲੇ ਸੀ, ਹੁਣ ਤਾਂ ਸਰਦਾਰ ਪਿਰਮਲ ਸਿੰਘ ਜੀ ਵਿਧਾਇਕ ਬਣ ਚੁੱਕੇ ਹਨ, ਇਹ ਵੀ ਹੜਤਾਲ ਤੇ ਬੈਠੇ ਸੀ (ਹੱਥਾਂ ਵਿੱਚ ਕੁਝ ਕਾਗਜ਼ ਦਿਖਾਉਂਦੇ ਹੋਏ) ਮੈਂ ਫੋਟੋਆਂ ਦੇਖ ਰਿਹਾ ਹਾਂ, ਇਸ ਵਿੱਚ ਸਰਦਾਰ ਹਰਦਿਆਲ ਸਿੰਘ ਕੰਬੋਜ ਸਾਹਿਬ ਵੀ ਬੈਠੇ ਹਨ, ਬੀਬੀ ਭੱਠਲ ਜੀ ਵੀ ਬੈਠੇ ਹਨ, ਮਹਾਰਾਣੀ ਪਰਨੀਤ ਕੌਰ ਜੀ ਧਰਮ ਪਤਨੀ ਸੀ.ਐਮ. ਸਾਹਿਬ ਬੈਠੇ ਹਨ। ਬੜੀ ਹੈਰਾਨੀ ਦੀ ਗੱਲ ਹੈ ਕਿ ਉਨ੍ਹਾਂ ਨੇ ਆਪ ਆਪਣੇ ਹੱਥ ਵਿੱਚ ਫੜਿਆ ਹੋਇਆ ਹੈ "ਕੀ ਕਰਨਗੀਆਂ ਨੰਨ੍ਹੀਆਂ ਛਾਵਾਂ, ਸੜਕਾਂ ਤੇ ਰੁਲਦੀਆਂ ਮਾਵਾਂ"। ਇਹ ਸੀ.ਐਮ. ਸਾਹਿਬ ਦੀ ਧਰਮ ਪਤਨੀ ਨੇ ਫੜਿਆ ਹੋਇਆ ਹੈ ਕਿ ਬਿਜਲੀ ਦੇ ਰੇਟ ਘੱਟ ਕਰਾਂਗੇ ਅਤੇ ਮੁਲਾਜ਼ਮ ਭਰਤੀ ਕਰਾਂਗੇ। ਇਸ ਦੇ ਨਾਲ ਹੀ ਪੰਜਾਬ ਦੀ ਜਿਹੜੀ ਬਿਜਲੀ ਹੈ, ਉਹ ਕਿਤੇ ਨਾ ਕਿਤੇ ਚੋਰੀ ਹੁੰਦੀ ਹੈ, ਕੀ ਮੁਲਾਜ਼ਮ ਭਰਤੀ ਕਰਕੇ ਜਿਹੜੀ ਬਿਜਲੀ ਚੋਰੀ ਹੁੰਦੀ ਹੈ, ਉਹ ਬਚਾਈ ਜਾਵੇਗੀ ਅਤੇ ਜਿਸ ਦੇ ਨਾਲ ਪੰਜਾਬ ਵਿੱਚ ਬਿਜਲੀ ਦੇ ਰੇਟ ਘੱਟ ਹੋਣਗੇ ਕੀ ਮੰਤਰੀ ਸਾਹਿਬ ਜਵਾਬ ਦੇਣਗੇ ਕਿ ਉਹ ਐਗਰੀਮੈਂਟ ਰੱਦ ਹੋਣਗੇ?

**ਮੰਤਰੀ :** ਸਪੀਕਰ ਸਾਹਿਬ, ਸਾਡੇ ਮਾਨਯੋਗ ਮੈਂਬਰ ਸਾਹਿਬ ਨੇ ਬੜੀ ਗੰਭੀਰਤਾ ਨਾਲ ਇਹ ਗੱਲ ਕਹੀ ਹੈ। ਬਿਲਕੁਲ ਠੀਕ ਹੈ ਕਿ ਪਿਛਲੀ ਸਰਕਾਰ ਵਾਲੇ ਜੋ ਚਿੱਟੇ ਹਾਥੀ ਬੰਨ ਕੇ ਗਏ ਹਨ ਇਹ ਬੜੇ ਲੰਮੇ ਸਮੇਂ ਲਈ ਫਿਕਸ ਚਾਰਜ ਹੋਏ ਹਨ।ਇਹ ਜੋ ਫੈਸਲਾ ਸੀ, ਮਾੜਾ ਹੋਇਆ। ਇਹ ਪੰਜਾਬ ਬਾਰੇ ਤਾਂ ਅੱਜ ਸੋਚ ਰਹੇ ਹਨ, ਜਿਵੇਂ ਦਿੱਲੀ ਵਿੱਚ ਇਨ੍ਹਾਂ ਨੇ ਆਪਣੀ ਮੂਵਮੈਂਟ ਬਣਾਈ ਸੀ, ਕਿਸੇ ਦੀ ਤਾਰ ਜੋੜੀ ਜਾਂਦੇ ਹਨ ਜਾਂ ਕੁਝ ਹੋਰ ਕਰਕੇ ਇਹ ਚਾਹੁੰਦੇ ਹਨ ਕਿ ਇੱਥੇ ਵੀ ਸਾਡੀ ਮੂਵਮੈਂਟ ਬਣ ਜਾਏ। ਪਿਛਲੀ ਵਾਰ ਦਿੱਲੀ ਵਿੱਚ ਵੀ ਇਨ੍ਹਾਂ ਨੇ ਕਿਹਾ ਸੀ ਅਤੇ ਪ੍ਰਾਈਵੇਟ ਕੰਪਨੀ Welbee ਜੋ ਬਿਜਲੀ ਵੇਚਦੇ ਹਨ, ਦਿੱਲੀ ਗੌਰਮਿੰਟ ਲੈਂਦੀ ਹੈ, ਉਹ ਵੀ ਪ੍ਰਾਈਵੇਟ ਤੋਂ ਲੈਂਦੇ ਹਨ। ਇਨ੍ਹਾਂ ਦਾ ਉਨ੍ਹਾਂ ਨਾਲ ਪੀ.ਪੀ.ਏ ਹੋਇਆ ਹੈ, ਕੀ ਤੁਸੀਂ ਦਿੱਲੀ ਦੇ ਵਿੱਚ ਪੀ.ਪੀ.ਏ. ਰਿਵਿਊ ਕੀਤਾ ਹੈ? ਫਿਰ ਆਪਾਂ ਪੰਜਾਬ ਦੀ ਗੱਲ ਕਰਾਂਗੇ। ਸਾਡੇ ਤੋਂ ਪਹਿਲਾਂ ਤੁਸੀਂ ਗੌਰਮਿੰਟ ਬਣਾਈ ਹੈ ਅਤੇ ਤੁਸੀਂ ਬੜੀ ਕੋਸ਼ਿਸ਼ ਕੀਤੀ ਹੈ...

**ਸ਼੍ਰੀ ਅਮਨ ਅਰੋੜਾ :** ਸਪੀਕਰ ਸਹਿਬ, ਪੁਆਇੰਟ ਆਫ਼ ਆਰਡਰ।

**ਮਾਨਯੋਗ ਸਪੀਕਰ :** ਤੁਹਾਡਾ ਪੁਆਇੰਟ ਆਫ ਆਰਡਰ ਨਹੀਂ ਹੋ ਸਕਦਾ। ਇਹ ਧਿਆਨ ਦਿਵਾਊ ਮਤਾ ਚੀਮਾ ਸਾਹਿਬ ਹੁਰਾਂ ਵੱਲੋਂ ਹੈ, ਇਸ ਲਈ ਤੁਸੀਂ ਬੈਠੋ।

**ਮੰਤਰੀ :** ਇਨ੍ਹਾਂ ਦਾ ਉੱਥੇ ਵੀ ਪੀ.ਪੀ.ਏ. ਹੋਇਆ ਹੈ, ਜੇਕਰ ਇਨ੍ਹਾਂ ਨੇ ਉੱਥੇ ਰਿਵਿਊ ਕਰ ਲਿਆ ਤਾਂ ਅਸੀਂ ਵੀ ਵੇਖ ਲਵਾਂਗੇ। ਦੂਜੀ ਗੱਲ, ਲਾਈਨਮੈਨਾਂ ਦੀ ਗੱਲ ਕਰਦੇ ਹਨ। ਸ਼ਾਇਦ ਪਿਛਲੇ ਦਿਨਾਂ ਵਿੱਚ ਵੀ ਮੈਂ ਸਾਡੇ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਜਵਾਬ ਦਿੱਤਾ ਸੀ ਕਿ ਜਿੰਨੀ ਕੁ ਬਿਜਲੀ ਬੋਰਡ ਵਿੱਚ ਭਰਤੀ ਹੋਈ ਹੈ ਉਸ ਬਾਰੇ ਮੈਂ ਮਾਣ ਨਾਲ ਕਹਿ ਸਕਦਾ ਹਾਂ ਕਿ ਕਿਸੇ ਹੋਰ ਵਿਭਾਗ ਵਿੱਚ ਨਹੀਂ ਹੋਈ ਹੋਵੇਗੀ। ਪਰ ਅੱਜ ਵੀ ਸਾਡੇ ਲਾਇਨਮੈਨ 3500 ਹਨ। ਬੋਰਡ ਆਫ ਡਾਇਰੈਕਟਰਜ਼ ਦੀ ਮੀਟਿੰਗ ਹੋ ਚੁੱਕੀ ਹੈ, ਕੇਸ ਪਾਈਪ ਲਾਈਨ ਵਿੱਚ ਪਿਆ ਹੈ ਅਤੇ ਅਸੀਂ ਜਲਦੀ ਹੀ ਫੈਸਲਾ ਲੈ ਲਵਾਂਗੇ।

**ਮਾਨਯੋਗ ਸਪੀਕਰ :** ਧੰਨਵਾਦ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ....

**ਮਾਨਯੋਗ ਸਪੀਕਰ :** ਚੀਮਾ ਸਾਹਿਬ, ਇੱਕ ਹੀ ਸਪਲੀਮੈਂਟਰੀ ਹੁੰਦੀ ਹੈ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਇਨ੍ਹਾਂ ਨੇ ਮੈਨੂੰ ਕਿਹਾ ਹੈ, ਮੈਂ ਕਲੈਰੀਫਾਈ ਕਰ ਦੇਵਾਂ।

**ਮਾਨਯੋਗ ਸਪੀਕਰ :** ਚਲੋ, ਕਰ ਦਿਉ।

(ਇਸ ਸਮੇਂ ਸ਼੍ਰੀ ਅਮਨ ਅਰੋੜਾ, ਮੈਂਬਰ, ਆਮ ਆਦਮੀ ਪਾਰਟੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਆਗਿਆ ਮੰਗ ਰਹੇ ਸਨ।)

**ਮਾਨਯੋਗ ਸਪੀਕਰ :** ਅਮਨ ਜੀ, ਹੁੰਦਾ ਨਹੀਂ ਜੀ। ਕਾਲ ਅਟੈਂਸ਼ਨ ਕਰਨ ਵਾਲੇ ਦੋ ਹੋਰ ਮੈਂਬਰ ਬੈਠੇ ਹਨ, ਜਿਨ੍ਹਾਂ ਦੀ ਕਾਲ ਅਟੈਂਸ਼ਨ ਹੈ, ਇਸ ਲਈ ਤੁਸੀਂ ਬੈਠੋ। (ਵਿਘਨ)(ਸ਼ੋਰ)

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸਪੀਕਰ ਸਾਹਿਬ, ਗੱਲ ਇਹ ਹੈ ਕਿ ਤੁਸੀਂ ਅੱਜ ਬੜੀ ਫਰਾਖਦਿਲੀ ਨਾਲ ਖੁੱਲ੍ਹਾ ਟਾਈਮ ਸਾਰੇ ਮੈਂਬਰਜ਼ ਨੂੰ ਦੇ ਰਹੇ ਹੋ, ਬੜੀ ਅੱਛੀ ਗੱਲ ਹੈ ਪਰ ਸਪਲੀਮੈਂਟਰੀ ਇੱਕ ਹੀ ਪੁੱਛੀ ਜਾ ਸਕਦੀ ਹੈ, ਦੂਜੀ as per rules ਹੁੰਦੀ ਨਹੀਂ ਹੈ।

**ਮਾਨਯੋਗ ਸਪੀਕਰ :** ਹਾਂ ਜੀ, ਹੁੰਦੀ ਨਹੀਂ ਹੈ। ਹਾਂ ਜੀ, ਸਰਦਾਰ ਕੁਲਤਾਰ ਸਿੰਘ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਮਾਨਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਪੰਜਾਬ ਦਾ ਸਭ ਤੋਂ ਜਿਹੜਾ ਭੱਖਵਾਂ ਮੁੱਦਾ ਹੈ, ਵੈਸੇ ਤਾਂ ਪੰਜਾਬ ਆਪ ਹੀ ਭੱਖ ਰਿਹਾ ਹੈ, ਧੁੱਖ ਰਿਹਾ ਹੈ। ਸਭ ਤੋਂ ਭੱਖਵਾਂ ਮੁੱਦਾ ਹੈ ਕਿ ਅੱਜ ਕੱਲ੍ਹ ਗਰੀਬਾਂ ਨੂੰ ਆਪਣਾ ਬਿਲ ਪੇਅ ਕਰਨ ਵਾਸਤੇ ਆਪਣੇ ਗਹਿਣੇ ਵੇਚਣੇ ਪੈਂਦੇ ਹਨ, ਆਪਣੇ ਘਰ ਵੇਚਣੇ ਪੈਂਦੇ ਹਨ। ਇਸ ਵਾਸਤੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਦਿੱਲੀ ਦੀ ਗੱਲ ਕੀਤੀ ਹੈ, ਬਿੱਲੀ ਦੀ ਗੱਲ ਨਹੀਂ ਕੀਤੀ, ਤੁਸੀਂ ਕਬੂਤਰ ਵਾਂਗ ਅੱਖਾਂ ਮੀਚੀ ਜਾਂਦੇ ਹੋ। ਅੱਜ ਦਿੱਲੀ ਵਿੱਚ 0-200 ਯੂਨਿਟ ਹੈ ਉਹ 1 ਰੁਪਏ ਪ੍ਰਤੀ ਯੂਨਿਟ ਪੈਂਦੀ ਹੈ ਅਤੇ ਦਿੱਲੀ ਦੀ 80% ਪਾਪੂਲੇਸ਼ਨ ਇਸ 1 ਰੁਪਏ ਯੂਨਿਟ ਵਿੱਚ ਕਵਰ ਹੋ ਰਹੀ ਹੈ। ਸੋ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਖਾਂ ਨਾ ਮੀਚੋ, ਦਿੱਲੀ ਸਰਕਾਰ ਵੱਲੋਂ ਦੋ ਰੁਪਏ ਸਬਸਿਡੀ ਦਿੱਤੀ ਜਾ ਰਹੀ ਹੈ। ਠੀਕ ਹੈ ਕਿ ਪੰਜਾਬ ਸਰਕਾਰ ਸਬਸਿਡੀ ਦੇਣ ਦੇ ਸਮਰੱਥ ਨਹੀਂ ਹੈ, ਸਾਡੇ ਜਿਹੜੇ ਇੱਧਰ ਬੈਠੇ ਸਨ (ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਬੈਂਚਿਜ਼ ਵੱਲ ਇਸ਼ਾਰਾ) ਇਹ ਸਭ ਕੁਝ ਲੁੱਟ ਕੇ ਖਾ ਗਏ। ਕੱਲ੍ਹ ਅਸੀਂ ਬਜਟ ਰਿਵਿਊ ਕੀਤਾ ਉਸ ਵਿੱਚ ਪਤਾ ਲੱਗਾ ਕਿ ਪੰਜਾਬ ਕੋਲ ਕੁਝ ਵੀ ਨਹੀਂ ਹੈ। ਪਰ ਤੁਸੀਂ ਇੱਕ ਗੱਲ ਤਾਂ ਕਰ ਸਕਦੇ ਹੋ, ਮੈਂ ਦਾਨੇ ਰਮਾਣੇ ਪਿੰਡ ਗਿਆ, ਮੈਂ ਬਾਂਦਰ ਜਟਾਣੇ ਪਿੰਡ ਗਿਆ, ਮੈਂ ਸਿੱਖਾਂ ਵਾਲੇ ਪਿੰਡ ਗਿਆ, ਮੈਂ ਕੋਟਕਪੂਰਾ ਗਿਆ (ਵਿਘਨ) (ਸ਼ੋਰ)

(ਇਸ ਸਮੇਂ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਇਨ੍ਹਾਂ ਦੀ ਕਾਲ ਅਟੈਂਸ਼ਨ ਹੈ, ਉਨ੍ਹਾਂ ਨੂੰ ਬੋਲਣ ਦਿਉ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਮੈਂ ਕੋਟਕਪੂਰੇ ਦੇ ਲਗਭਗ ਸਾਰੇ ਵਾਰਡਾਂ ਵਿੱਚ ਗਿਆ, ਮੈਂ ਆਪਣੇ ਪਿੰਡ ਸੰਧਵਾਂ ਗਿਆ। ਇੱਕ ਗਰੀਬ ਆਦਮੀ ਤਾਰ ਸਿੰਘ.... (ਵਿਘਨ) (ਸ਼ੋਰ) ਸਪੀਕਰ ਸਾਹਿਬ, ਇਹ ਕੀ ਕਹਿੰਦੇ ਹਨ, ਮੈਨੂੰ ਮਾੜਾ ਜਿਹਾ ਦੱਸ ਦਿਉ ਜੀ।

**ਮਾਨਯੋਗ ਸਪੀਕਰ :** ਤੁਸੀਂ ਆਪਣੀ ਗੱਲ ਕਰੋ।

**ਸ਼੍ਰੀ ਅਮਨ ਅਰੋੜਾ :** ਸਰ, ਰੂਲ ਇਕੱਲੇ ਸਾਡੇ ਲਈ ਹਨ, ਉਨ੍ਹਾਂ ਲਈ ਨਹੀਂ ਹਨ?

**ਮਾਨਯੋਗ ਸਪੀਕਰ :** ਸਭ ਲਈ ਹਨ।

**ਸ਼੍ਰੀ ਅਮਨ ਅਰੋੜਾ:** ਸਰ, ਫਿਰ ਉਨ੍ਹਾਂ ਨੂੰ ਕਹੋ ਕਿ ਇੰਟਰੱਪਟ ਨਾ ਕਰਨ।

**ਮਾਨਯੋਗ ਸਪੀਕਰ:** ਤੁਸੀਂ ਵੀ ਕਰ ਦਿੰਦੇ ਹੋ, ਉਹ ਵੀ ਕਰ ਦਿੰਦੇ ਹਨ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ਬੜੇ ਫਰਾਖਦਿਲ ਹਨ।

(ਇਸ ਸਮੇਂ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਬੈਠੋ, ਬੈਠੋ, ਬੈਠੋ, ਬੈਠੋ। ਰਾਜਾ ਜੀ, ਇੰਟਰੱਪਟ ਨਾ ਕਰੋ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਤਿਕਾਰਯੋਗ ਪਿਆਰੇ ਵੀਰ, ਮੈਨੂੰ ਖੰਘ ਨਹੀਂ ਲੱਗੀ ਵੀਰਿਆ, ਮੈਂ ਨਹੀਂ ਕੋਈ ਦਵਾਈ ਲੈਣੀ।ਸਪੀਕਰ ਸਾਹਿਬ, ਗੱਲ ਇਹ ਹੈ ਕਿ ਤਾਰ ਸਿੰਘ ਮੇਰੇ ਕੋਲ ਸਵੇਰੇ ਸਵੇਰੇ ਆਇਆ ਔਰ he was crying. ਉਹ ਕਹਿੰਦਾ ਕਿ ਬਾਈ ਜੀ, ਮੈਂ ਫਾਹਾ ਲੈ ਲੈਣਾ ਹੈ। ਮੈਂ ਕਿਹਾ ਕੀ ਗੱਲ ਹੋ ਗਈ? ਉਹ ਕਹਿੰਦਾ ਕਿ ਇੱਕ ਬੱਤੀ ਹੈ ਮੇਰੇ ਘਰ। ਮੰਤਰੀ ਸਾਹਿਬ ਤੁਸੀਂ ਹੁਣੇ ਹੀ ਬੰਦੇ ਭੇਜ ਕੇ ਚੈੱਕ ਕਰਵਾ ਲਉ, ਉਸ ਦੇ ਘਰ ਇੱਕ ਬੱਲਬ ਤੇ ਦੋ ਪੱਖੇ ਹਨ। ਉਹ ਕਹਿੰਦਾ ਕਿ ਮੇਰਾ 20 ਹਜ਼ਾਰ ਰੁਪਿਆ ਬਿਲ ਆ ਗਿਆ, ਮੈਂ ਕਿੱਥੋਂ ਦੇਵਾਂ। ਅਸੀਂ ਕਿੰਨਿਆਂ ਕੁ ਦੇ ਇਸ ਤਰ੍ਹਾਂ ਬਿਲ ਭਰ ਸਕਦੇ ਹਾਂ, ਅਸੀਂ ਤਾਂ ਇੰਨੇ ਜੋਗੇ ਨਹੀਂ ਹਾਂ, ਨਾ ਤਾਂ ਸਾਡਾ ਕਿਸੇ ਰੇਤੇ ਦੀ ਖਾਨ ਵਿੱਚ ਹੱਥ ਹੈ, ਨਾ ਹੀ ਸਾਡੀ ਕੋਈ ਸ਼ਰਾਬ ਵਾਲਿਆਂ ਨਾਲ ਗੱਲਬਾਤ ਹੈ, ਨਾ ਹੀ ਅਸੀਂ ਕਰਨੀ ਹੈ। ਅਸੀਂ ਤਾਂ ਕਹਿੰਦੇ ਹਾਂ ਕਿ ਇਸ ਬਾਰੇ ਕਾਰਪੋਰੇਸ਼ਨ ਬਣਾ ਦਿਉ, ਉਹ ਤੁਸੀਂ ਬਣਾਉਂਦੇ ਨਹੀਂ। ਸੋ, ਮੰਤਰੀ ਜੀ ਦਿੱਲੀ ਵਿੱਚ.... ਮੈਂ ਬਿੱਲੀ ਨਹੀਂ ਕਿਹਾ ਸੀ, ਤੁਸੀਂ ਗੱਲ ਸੁਣੋ, ਜੇ ਕਿਸੇ ਸਟੇਟ ਵਿੱਚ ਕੋਈ ਚੰਗੀ ਗੱਲ ਹੈ ਤਾਂ ਉਹ ਕਰੋ। ਦਿੱਲੀ ਵਿੱਚ ਕਿਸੇ ਗਰੀਬ ਬੰਦੇ ਦਾ ਕੁਨੈਕਸ਼ਨ ਨਹੀਂ ਕੱਟਿਆ ਜਾਂਦਾ। ਜਿਹੜੀ ਤੁਸੀਂ ਪੁਰਾਣੇ ਪੀ.ਪੀ.ਏ. ਦੀ ਗੱਲ ਕਰਦੇ ਹੋ। ਦਿੱਲੀ ਸਰਕਾਰ ਬਣਦੇ ਹੀ ਅਰਵਿੰਦ ਕੇਜਰੀਵਾਲ ਨੇ ਉਨ੍ਹਾਂ ਨੂੰ ਰਿਵਿਊ ਕਰਨ ਵਾਸਤੇ ਆਰਡਰ ਕਰ ਦਿੱਤੇ ਸਨ ਪਰ ਜਿਹੜੀਆਂ ਪ੍ਰਾਈਵੇਟ ਕੰਪਨੀਆਂ ਹਨ, ਜਿਨ੍ਹਾਂ ਨਾਲ, ਮੇਰੇ ਇੱਧਰ ਵਾਲੇ ਪਾਸੇ ਵਾਲਿਆਂ ਨੇ (ਸ਼੍ਰੋਮਣੀ ਅਕਾਲੀ ਦਲ ਤੇ ਬੀ.ਜੇ.ਪੀ. ਬੈਂਚਿਜ਼ ਵੱਲ ਇਸ਼ਾਰਾ) ਸਾਂਝ ਪਿਆਲੀ ਪਾਈ ਸੀ, ਉਹ ਤੁਸੀਂ ਜਾਰੀ ਰੱਖ ਰਹੇ ਹੋ। ਜਿਹੜੇ ਉੱਥੇ ਐਲ.ਜੀ. ਸਾਹਿਬ ਲੱਗੇ ਹੋਏ ਹਨ ਉਹ ਮੋਦੀ ਸਰਕਾਰ ਦੀ ਮਦਦ ਨਾਲ ਲੱਗੇ ਹੋਏ ਹਨ। ਸਪੀਕਰ ਸਾਹਿਬ, ਕੰਪਨੀਆਂ ਸੁਪਰੀਮ ਕੋਰਟ ਚਲੀਆਂ ਗਈਆਂ, ਹੁਣ ਉੱਥੇ ਕੁਝ ਕਰ ਨਹੀਂ ਸਕਦੇ। ਜਿਸ ਦਿਨ ਵਾਪਸ ਆ ਗਿਆ, ਮਿੰਟ ਦੋ ਲੱਗਣਗੇ.......

**ਮਾਨਯੋਗ ਸਪੀਕਰ :** ਸੰਧਵਾਂ ਜੀ, ਤੁਹਾਡਾ ਸਵਾਲ ਕੀ ਹੈ?

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ਮੇਰਾ ਸਵਾਲ ਇਹ ਹੈ ਕਿ ਇਹ ਬਹਾਨਾ ਨਾ ਬਣਾਉ। ਤੁਸੀਂ ਦੱਸੋ ਕਿ ਇਹ ਜਿਹੜੇ ਐਗਰੀਮੈਂਟ ਹਨ, ਕੀ ਤੁਸੀਂ ਇਹ ਰਿਵਿਊ ਕਰੋਗੇ ਜਾਂ ਨਹੀਂ? ਇਸ ਦਾ ਹਾਂ ਜਾਂ ਨਾਂਹ ਵਿੱਚ ਜਵਾਬ ਦਿਉ ਤਾਂ ਤੁਹਾਡਾ ਪੰਜਾਬ ਦੇ ਲੋਕਾਂ ਨਾਲ ਖੜ੍ਹੇ ਹੋਣ ਦਾ ਸਬੂਤ ਮਿਲੇਗਾ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਮਾਨਯੋਗ ਸਪੀਕਰ :** ਵਡਾਲਾ ਜੀ, ਕਾਲ ਅਟੈਂਸ਼ਨ ਵਿੱਚ ਇਸ ਤਰ੍ਹਾਂ ਨਹੀਂ ਹੁੰਦਾ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਇਨ੍ਹਾਂ ਨੇ ਸਾਡੇ ਬਾਰੇ ਕਿਹਾ ਹੈ ਜੀ।

**ਮਾਨਯੋਗ ਸਪੀਕਰ :** ਬੇਸ਼ੱਕ ਉਨ੍ਹਾਂ ਨੇ ਕਿਹਾ ਹੋਵੇ ਪਰ ਕਾਲ ਅਟੈਂਸ਼ਨ ਵਿੱਚ ਇਸ ਤਰ੍ਹਾਂ ਨਹੀਂ ਹੁੰਦਾ (ਵਿਘਨ) (ਸ਼ੋਰ) ਵਡਾਲਾ ਜੀ, ਕਾਲ ਅਟੈਂਸ਼ਨ ਵਿੱਚ ਦਸਤੂਰ ਨਹੀਂ ਹੈ। (ਸ਼ੋਰ) ਵਡਾਲਾ ਜੀ, ਕਾਲ ਅਟੈਂਸ਼ਨ ਵਿੱਚ ਦਸਤੂਰ ਨਹੀਂ ਹੈ। ਬੈਂਸ ਸਾਹਿਬ, ਤੁਸੀਂ ਵੀ ਬੈਠ ਜਾਉ, ਕਾਲ ਅਟੈਂਸ਼ਨ ਵਿੱਚ ਦਸਤੂਰ ਨਹੀਂ ਹੈ।

**ਮੰਤਰੀ :** ਸਪੀਕਰ ਸਾਹਿਬ, ਸਾਡੇ ਮਾਨਯੋਗ ਮੈਂਬਰ ਸਾਹਿਬ ਨੇ ਬੜੇ ਅੰਕੜੇ ਦਿੱਤੇ ਹਨ। (ਵਿਘਨ) ਮੈਂਬਰ ਸਾਹਿਬ, ਤੁਸੀਂ ਹਾਊਸ ਨੂੰ ਮਿਸਲੀਡ ਨਾ ਕਰੋ। ਮੇਰੀ ਗੱਲ ਸੁਣ ਲਓ। ਮੈਂ ਤੁਹਾਨੂੰ ਦੱਸਣ ਲੱਗਿਆ ਹਾਂ, ਤੁਸੀਂ ਕਿਹਾ ਹੈ ਕਿ ਗਰੀਬ ਪਰਿਵਾਰਾਂ ਲਈ ਬਹੁਤ ਸਸਤੀ ਬਿਜਲੀ ਹੈ। ਮੈਂ ਤੁਹਾਨੂੰ ਅੰਕੜੇ ਦਿੰਦਾ ਹਾਂ, ਤੁਸੀਂ ਅਸਲ ਵਿੱਚ ਰਾਹੋਂ-ਕੁਰਾਹੇ ਹੋਏ ਫਿਰਦੇ ਹੋ। ਤੁਸੀਂ ਆਪਣੀ ਹਵਾ ਬਣਾਉਣੀ ਚਾਹੁੰਦੇ ਹੋ, ਅਸੀਂ ਬਣਨ ਨਹੀਂ ਦੇਣੀ। ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਘਰੇਲੂ ਸ਼੍ਰੇਣੀ ਲਈ ਸਥਾਈ ਖਰਚੇ 25/- ਰੁਪਏ ਪ੍ਰਤੀ ਕਿਲੋਵਾਟ ਤੋਂ 70/- ਰੁਪਏ ਪ੍ਰਤੀ ਕੇ.ਵੀ. ਹੈ। ਹੁਣ ਤੁਸੀਂ ਦਿੱਲੀ ਬਾਰੇ ਸੁਣ ਲਓ, ਦਿੱਲੀ ਵਿੱਚ 125/- ਰੁਪਏ ਪ੍ਰਤੀ ਕਿਲੋਵਾਟ ਤੋਂ 250/- ਰੁਪਏ ਪ੍ਰਤੀ ਕਿਲੋਵਾਟ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਤੁਸੀਂ ਇਹ ਅੰਕੜੇ ਚੰਗੀ ਤਰ੍ਹਾਂ ਲੈ ਲਓ। ਦੂਜੀ ਇਨ੍ਹਾਂ ਨੇ ਗੱਲ ਕੀਤੀ ਹੈ ਕਿ 20 ਹਜ਼ਾਰ ਰੁਪਏ ਦਾ ਬਿਲ ਆ ਗਿਆ, ਬਿਲਕੁਲ ਆਇਆ ਹੋਣਾ ਹੈ। ਵੈਸੇ ਮੈਂ ਕਹਿਣਾ ਨਹੀਂ ਚਾਹੁੰਦਾ ਹਾਂ, ਸਤਿਕਾਰਯੋਗ ਪ੍ਰੈਸ ਵਾਲੇ ਬੈਠੇ ਹਨ। ਅੱਜ ਦੇ ਟਾਈਮ ਵਿੱਚ ਚਾਹੇ ਉਹ ਕਿੰਨਾ ਵੀ ਜ਼ਿਆਦਾ ਗਰੀਬ ਕਿਉਂ ਨਾ ਹੋਵੇ, ਇੱਕ

ਬਲਬ ਕਿਸੇ ਦਾ ਨਹੀਂ ਹੋ ਸਕਦਾ। (ਵਿਘਨ) ਮੇਰੀ ਗੱਲ ਸੁਣ ਲਵੋ (ਸਰਦਾਰ ਕੁਲਤਾਰ ਸਿੰਘ ਸੰਧਵਾਂ ਵੱਲ ਇਸ਼ਾਰਾ ਕਰਦੇ ਹੋਏ) ਤੁਸੀਂ ਆਪ ਹੀ ਚੈੱਕ ਕਰ ਲੈਣਾ, ਤੁਸੀਂ ਬਹੁਤ ਪਿੰਡਾਂ ਦੇ ਨਾਂ ਲੈ ਲਏ ਹਨ ਤੁਸੀਂ ਆਪ ਹੀ ਜਾ ਆਣਾ। ਅਸੀਂ ਤੁਹਾਡੇ ਤੇ ਵਿਸ਼ਵਾਸ ਕਰ ਲਵਾਂਗੇ। ਦੂਜੀ ਗੱਲ, ਜਿਹੜੇ ਵੱਡੇ ਬਿਲ ਆਏ ਹੋਏ ਹਨ, ਅਸੀਂ ਵੀ ਨਿੱਤ ਪਿੰਡਾਂ ਵਿੱਚ ਹੀ ਰਹਿੰਦੇ ਹਾਂ, ਅਸੀਂ ਕੋਈ ਕੈਨੇਡਾ, ਅਮਰੀਕਾ ਵਿੱਚ ਨਹੀਂ ਰਹਿੰਦੇ ਹਾਂ, ਅਸੀਂ ਵੀ ਉਨ੍ਹਾਂ ਵਿੱਚ ਹੀ ਰਹਿੰਦੇ ਹਾਂ (ਥੰਪਿੰਗ)। ਇਹ ਜਿਹੜੀ ਸਾਡੀ ਸੰਗਤ ਉਠ ਕੇ ਭੱਜ ਗਈ ਹੈ।(ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਬੈਂਚਿਜ਼ ਵੱਲ ਇਸ਼ਾਰਾ) ਜਿਹੜੀ ਅੱਜ ਤੜਕੇ ਤੋਂ ਵੱਡੇ ਚੋਲੇ ਪਾ ਕੇ ਆਈ ਸੀ। (ਵਿਘਨ) ਸੰਗਤ ਹੀ ਕਿਹਾ ਹੈ, ਕੋਈ ਮਾੜਾ ਤਾਂ ਨਹੀਂ ਕਿਹਾ ਹੈ। ਇਨ੍ਹਾਂ ਨੇ ਇਲੈਕਸ਼ਨਾਂ ਦੇ ਵਿੱਚ ਅਤੇ ਇਲੈਕਸ਼ਨਾਂ ਤੋਂ ਪਹਿਲਾਂ ਜਿਹੜੇ ਸਾਡੇ ਸਤਿਕਾਰਯੋਗ ਮੁੱਖ ਮੰਤਰੀ ਹੁੰਦੇ ਸੀ, ** ਮੇਰੇ ਕੰਨ ਵਿੱਚ ਆ ਕੇ ਕਹਿੰਦੇ ਹਨ ਕਿ ** **। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਉਸ ਤੋਂ ਬਾਅਦ ਤੁਸੀਂ ਕਿਹੋ ਜਿਹੀਆਂ ਰੀਤਾਂ ਪਾ ਕੇ ਗਏ ਹੋ। ਇਕ ਵਾਰੀ ਉਹ ਰਾਮਪੁਰਾ ਮੰਡੀ ਆਏ, ਕਿਸੇ ਨੇ ਜਾ ਕੇ ਆਪਣੀ ਫਰਿਆਦ ਕੀਤੀ ਤਾਂ ਉਹ ਕਹਿੰਦੇ ਕਿ ** ਜਦੋਂ ਪਿੰਡਾਂ ਵਿੱਚ ਕੰਪੇਨਿੰਗ ਚਲਦੀ ਸੀ, ਇਹ ਜਾਂਦੇ-ਜਾਂਦੇ ਇਲੈਕਸ਼ਨਾਂ ਵੇਲੇ ਕੀ ਕਹਿ ਕੇ ਗਏ।

**ਮਾਨਯੋਗ ਸਪੀਕਰ :** ਤੁਸੀਂ ਇਸ ਇਸ਼ੂ ਤੇ ਗੱਲ ਕਰੋ। ਇਸ ਇਸ਼ੂ ਤੇ ਗੱਲ ਕਰੋ। ਉਨ੍ਹਾਂ ਦੀ ਗੱਲ ਰਹਿਣ ਦਿਓ। ਉਨ੍ਹਾਂ ਦੀਆਂ ਗੱਲਾਂ ਫਿਰ ਹੋ ਜਾਣਗੀਆਂ, ਅਜੇ ਦੋ ਦਿਨ ਰਹਿੰਦੇ ਹਨ।

**ਮੰਤਰੀ :** ਸਪੀਕਰ ਸਾਹਿਬ, ਮੈਂ ਪਤੇ ਦੀ ਗੱਲ ਦੱਸਦਾ ਹਾਂ। ਮੇਰੀ ਗੱਲ ਤਾਂ ਸੁਣ ਲਓ ਜੀ। ਵੱਡੇ ਬਿਲ ਆਉਣ ਦਾ ਕਾਰਨ ਇਹੋ ਹੈ ਕਿਉਂਕਿ ਉਹ ਪੈਂਡਿੰਗ ਬਿੱਲ ਹਨ, ਉਹ ਕਹਿੰਦੇ ਸੀ ਕਿ ਤੁਸੀਂ ਬਿਲ ਨਾ ਭਰਨਾ, ਅਸੀਂ ਤੀਜੀ ਵਾਰੀ ਫਿਰ ਆ ਜਾਵਾਂਗੇ, ਸਾਫ ਕਰ ਦਿਆਂਗੇ, ਇਨ੍ਹਾਂ ਨੇ ਗਰੀਬ ਅਤੇ ਭੋਲੇ-ਭਾਲੇ ਪਰਿਵਾਰਾਂ ਨੂੰ ਗੁੰਮਰਾਹ ਕੀਤਾ ਸੀ। (ਥੰਪਿੰਗ) ਮੈਂ ਅੱਜ ਵਿਸ਼ਵਾਸ ਨਾਲ ਕਹਿੰਦਾ ਹਾਂ ਕਿ ਮਹਾਰਾਜਾ ਕੈਪਟਨ ਅਮਰਿੰਦਰ ਸਿੰਘ ਜੀ ਨੇ ਪਿਛਲੇ ਦਿਨੀਂ ਕੈਬਨਿਟ ਵਿੱਚ ਬਹੁਤ ਸੋਧ ਲਿਆਂਦੀ ਹੈ। ਅਸੀਂ ਦਲਿਤ ਵਰਗ ਦੇ ਲੋਕਾਂ ਲਈ 200 ਯੂਨਿਟ ਬਿਜਲੀ ਦਾ ਮਾਫ ਕੀਤਾ ਅਤੇ ਉਸ ਤੋਂ ਉੱਪਰ ਜਿਹੜੀਆਂ 10-20 ਯੂਨਿਟਾਂ ਦੀ ਖਪਤ ਹੋਵੇਗੀ, ਸਿਰਫ ਉਨ੍ਹਾਂ ਦਾ ਹੀ ਬਿਲ ਆਵੇਗਾ। ਮੈਂ ਵਿੱਤ ਮੰਤਰੀ ਸਾਹਿਬ ਨਾਲ ਹੁਣੇ ਹੀ ਗੱਲ ਕਰਕੇ ਹਟਿਆ ਹਾਂ ਕਿ ਜਿਹੜੇ ਪਿਛਲੇ ਦੋ ਸਾਲ ਦੇ ਵੱਡੇ ਬਿਲ ਹਨ ਉਨ੍ਹਾਂ ਨੂੰ ਵੀ ਅਸੀਂ ਰਿਵਿਊ ਕਰਾਂਗੇ। ਤੁਸੀਂ ਚਿੰਤਾ ਨਾ ਕਰੋ। (ਥੰਪਿੰਗ) (ਵਿਘਨ)

---

**Expunged as ordered by the Hon'ble Speaker.

**ਮਾਨਯੋਗ ਸਪੀਕਰ :** ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ ਜੀ। ਹਾਂ ਜੀ, ਮੀਤ ਜੀ, ਤੁਸੀਂ ਬੋਲੋ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਧੰਨਵਾਦ ਸਪੀਕਰ ਸਾਹਿਬ, ਮੇਰੇ ਨਾਲੋਂ ਪਹਿਲਾਂ ਬੋਲਦਿਆਂ ਚੀਮਾ ਸਾਹਿਬ ਨੇ ਵੀ ਗੱਲ ਕੀਤੀ ਹੈ ਕਿ ਜਿਹੜੇ ਪੁਰਾਣੇ ਐਗਰੀਮੈਂਟ ਸਾਈਨ ਕੀਤੇ ਗਏ, ਜਿਹੜੇ ਇਨ੍ਹਾਂ ਦੀ ਸਰਕਾਰ ਨੇ ਸਾਈਨ ਕੀਤੇ, ਉਨ੍ਹਾਂ ਬਾਰੇ ਕਿਹਾ ਗਿਆ ਕਿ ਉਹ ਐਗਰੀਮੈਂਟ ਇਸ ਤਰ੍ਹਾਂ ਦੇ ਸਾਈਨ ਕੀਤੇ ਗਏ ਸੀ ਜਿਵੇਂ ਚੀਮਾ ਸਾਹਿਬ ਨੇ ਕਿਹਾ ਕਿ ਬਿਜਲੀ ਚਾਹੇ ਪੰਜਾਬ ਸਰਕਾਰ ਲਵੇ, ਚਾਹੇ ਨਾ ਲਵੇ ਲੇਕਿਨ 2800 ਕਰੋੜ ਰੁਪਿਆ ਦੇਣਾ ਪੈਣਾ ਹੈ। ਇਹ ਇੱਕ ਸਵਾਲ ਦੇ ਜਵਾਬ ਵਿੱਚ ਵੀ ਮੰਤਰੀ ਸਾਹਿਬ ਦਾ ਜਵਾਬ ਹੈ ਕਿ ਜਿਹੜੀ ਬਿਜਲੀ ਲਈ ਨਹੀਂ ਹੈ ਉਸ ਲਈ ਵੀ ਉਨ੍ਹਾਂ ਬਿਜਲੀ ਕੰਪਨੀਆਂ ਨੂੰ 446 ਕਰੋੜ ਰੁਪਏ ਪੰਜਾਬ ਸਰਕਾਰ ਨੂੰ ਦੇਣੇ ਪਏ ਹਨ। ਸੋ, ਮੇਰਾ ਮੰਤਰੀ ਸਾਹਿਬ ਨੂੰ ਇਹ ਸਵਾਲ ਹੈ, ਸਾਰੇ ਜਿੰਨੇ ਵੀ ਸਤਿਕਾਰਯੋਗ ਮੰਤਰੀ ਹਨ, ਸਾਰਿਆਂ ਨੂੰ ਸਵਾਲ ਹੈ, ਸਿੱਧੂ ਸਾਹਿਬ ਵੀ ਬੜੀਆਂ ਪ੍ਰੈਸ ਕਾਨਫਰੰਸਾਂ ਕਰਦੇ ਹਨ। ਸਰ, ਜਦੋਂ ਇਨ੍ਹਾਂ ਦੀ (ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਬੈਂਚਿਜ਼ ਵੱਲ ਇਸ਼ਾਰਾ) ਸਰਕਾਰ ਸੀ, ਉਦੋਂ ਕੇਵਲ ਬਿਜਲੀ ਕੰਪਨੀਆਂ ਨਾਲ ਹੀ ਨਹੀਂ, ਜਿਹੜੇ ਪ੍ਰਾਈਵੇਟ ਐਗਰੀਮੈਂਟ ਸਾਈਨ ਕੀਤੇ ਗਏ, ਉਸ ਵਿੱਚ ਵੀ ਕਰੋੜਾਂ ਰੁਪਏ ਦੀ ਧਾਂਦਲੀ ਹੋਈ, ਚਾਹੇ ਉਹ ਪੰਚਾਇਤਾਂ ਵਿੱਚ ਹੋਵੇ, ਚਾਹੇ ਜਿਹੜੇ ਟੋਲ ਟੈਕਸ ਲੱਗੇ ਹਨ, ਉਨ੍ਹਾਂ ਤੇ ਹੋਵੇ ਪਰ ਅਜੇ ਤੱਕ ਕਿਤੇ ਵੀ ਕੋਈ ਇਨਕੁਆਰੀ ਨਹੀਂ ਬਿਠਾਈ ਗਈ ਹੈ। ਕਿਤੇ ਵੀ ਚਾਹੇ ਉਹ ਕੋਈ ਅਫਸਰ ਸੀ, ਚਾਹੇ ਕੋਈ ਲੀਡਰ ਜ਼ਿੰਮੇਵਾਰ ਸੀ, ਉਨ੍ਹਾਂ ਤੇ ਕਾਰਵਾਈ ਨਹੀਂ ਕੀਤੀ ਗਈ। ਸੋ, ਮੇਰੀ ਇਹ ਸਰਕਾਰ ਨੂੰ ਬੇਨਤੀ ਹੈ ਕਿ ਤੁਸੀਂ ਲੋਕਾਂ ਤੇ ਡਿਵੈਲਪਮੈਂਟ ਟੈਕਸ ਲਗਾ ਕੇ ਪੈਸੇ ਇਕੱਠੇ ਕਰਨ ਦੀ ਕੋਸ਼ਿਸ਼ ਨਾ ਕਰੋ। ਇਹ ਸਾਰੇ ਮੰਤਰੀ ਸਾਹਿਬਾਨ ਬੈਠੇ ਹਨ, ਜਿਸ ਦਿਨ ਸਰਕਾਰ ਬਣੀ ਸੀ ਉਸ ਦਿਨ ਪੰਜਾਬ 1 ਲੱਖ 96 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਹੇਠ ਸੀ ਅਤੇ ਅੱਜ 2 ਲੱਖ 29 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਪੰਜਾਬ ਦੇ ਸਿਰ ਚੜ੍ਹ ਗਿਆ ਹੈ। ਤੁਹਾਡੀ ਸਰਕਾਰ ਦੇ ਸਮੇਂ ਵਿੱਚ ਵੀ 30 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਚੜ੍ਹ ਗਿਆ ਹੈ। ਸੋ, ਮੇਰੀ ਇਹ ਬੇਨਤੀ ਹੈ ਕਿ ਇਹ ਕਰਜ਼ਾ ਲੋਕਾਂ ਤੋਂ ਬਿਜਲੀ ਮਹਿੰਗੀ ਕਰਕੇ ਪੂਰਾ ਨਹੀਂ ਹੋਣਾ। ਇਹ ਜਿਹੜੇ ਪੈਸੇ ਪੂਰੇ ਹੋਣਗੇ, ਜਿਹੜੇ ਮੰਤਰੀ, ਜਿਨ੍ਹਾਂ ਨੇ ਪਿਛਲੀ ਸਰਕਾਰ ਵਿੱਚ ਘਪਲੇ ਕੀਤੇ ਹਨ, ** ** ਪੈਸਿਆਂ ਦੇ ਢੇਰ ਲੱਗ ਜਾਣਗੇ ਅਤੇ ਪੰਜਾਬ ਦੇ ਖਜ਼ਾਨੇ ਭਰ ਜਾਣਗੇ। ਇੱਕ ਮੰਤਰੀ ਸਾਹਿਬ ਮੈਨੂੰ ਇਸ ਗੱਲ ਦਾ ਜਵਾਬ ਦੇ ਦੇਣ ਕਿ ਜਿਹੜਾ

**Expunged as ordered by the Hon'ble Speaker.

[ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ]

446 ਕਰੋੜ ਰੁਪਿਆ ਪ੍ਰਾਈਵੇਟ ਕੰਪਨੀਆਂ ਨੂੰ ਪੰਜਾਬ ਸਰਕਾਰ ਵੱਲੋਂ ਦੇਣਾ ਪਿਆ ਲੇਕਿਨ ਉਨ੍ਹਾਂ ਪਾਸੋਂ ਬਿਜਲੀ ਲਈ ਨਹੀਂ ਗਈ, ਕੀ ਇਹ ਸਹੀ ਹੈ ਜਾਂ ਗਲਤ ਹੈ, ਇਹ ਤੁਹਾਡਾ ਹੀ ਜਵਾਬ ਹੈ। ਤੁਸੀਂ ਉਹ ਐਗਰੀਮੈਂਟ ਕੈਂਸਲ ਕਰੋ, ਇਹ ਤੁਸੀਂ ਹੀ ਕਿਹਾ ਸੀ। ਬਹੁਤ-ਬਹੁਤ ਧੰਨਵਾਦ ਜੀ।

**ਮੰਤਰੀ :** ਸਪੀਕਰ ਸਾਹਿਬ, ਵਾਰ-ਵਾਰ ਗੱਲ ਦੁਹਰਾਉਂਦੇ ਚੰਗੇ ਨਹੀਂ ਲੱਗਦੇ। ਬਿਲਕੁਲ ਠੀਕ ਹੈ, ਮੈਂ ਤਾਂ ਕਿਹਾ ਹੈ ਕਿ ਇਹ ਚਿੱਟੇ ਹਾਥੀ ਬੰਨ੍ਹ ਕੇ ਗਏ ਹਨ। ਮੈਂ ਤੁਹਾਨੂੰ ਪਹਿਲਾਂ ਇਹ ਵੀ ਕਿਹਾ ਹੈ ਕਿ ਦਿੱਲੀ ਦੇ ਵਿੱਚ ਵੀ ਪੀ.ਪੀ.ਏ. ਹੋਇਆ ਸੀ। ਕੀ ਤੁਸੀਂ ਉਹ ਰਿਵਿਊ ਕੀਤਾ ਹੈ? **

**ਮਾਨਯੋਗ ਸਪੀਕਰ :** ਮੇਰਾ ਧਿਆਨ ਤੁਹਾਡੇ ਤੇ ਹੀ ਹੈ ਜੀ।

**ਮੰਤਰੀ :** ਸਰ, ਇਹ ਚੀਚੀ ਨੂੰ ਖੂਨ ਲਗਾ ਕੇ ਸ਼ਹੀਦ ਬਣਨਾ ਚਾਹੁੰਦੇ ਹਨ। ਅੱਜ ਪੰਜਾਬ ਦੇ ਅੰਦਰ ਕੁੱਲ 50 ਲੱਖ ਪਰਿਵਾਰ ਹਨ ਜਿਨ੍ਹਾਂ ਨੂੰ ਮੁਫਤ ਬਿਜਲੀ ਦਿੱਤੀ ਜਾ ਰਹੀ ਹੈ। ਇੱਕ ਘਰ ਛੱਡ ਕੇ, ਤੀਜੇ ਘਰ ਨੂੰ ਫਰੀ ਬਿਜਲੀ ਹੈ।(ਵਿਘਨ) ਇਹ ਡਾਟਾ ਕਹਿੰਦਾ ਹੈ। (ਵਿਘਨ) ਜਿਹੜੀ ਤੁਸੀਂ ਕੰਪੇਅਰ ਕਰਦੇ ਹੋ ਕਿ ਬਿਜਲੀ ਦਿੱਲੀ ਤੋਂ ਪੰਜਾਬ ਵਿੱਚ ਬਹੁਤ ਮਹਿੰਗੀ ਹੈ। ਤੁਸੀਂ ਇੰਡਸਟਰੀ, ਡੋਮੈਸਟਿਕ ਜਾਂ ਐਗਰੀਕਲਚਰ ਦਾ ਦਿੱਲੀ ਦਾ ਡਾਟਾ ਕੱਢ ਲਓ, ਬਿਜਲੀ ਸਸਤੀ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ :** ਕਾਲ ਅਟੈਂਸ਼ਨ ਵਿੱਚ ਪੁਆਇੰਟ ਆਫ ਆਰਡਰ ਨਹੀਂ ਹੁੰਦਾ। ਪਲੀਜ਼, ਤੁਸੀਂ ਬੈਠ ਜਾਓ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ਮੇਰੀ ਇੱਕ ਕਲੈਰੀਫਿਕੇਸ਼ਨ ਹੈ।

**ਮਾਨਯੋਗ ਸਪੀਕਰ :** ਫਿਰ ਉੱਧਰੋਂ ਵੀ ਇੱਕ-ਅੱਧੀ ਕਲੈਰੀਫਿਕੇਸ਼ਨ ਆ ਜਾਣੀ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ਮੇਰੀ ਮੰਤਰੀ ਜੀ ਨੂੰ ਬੇਨਤੀ ਹੈ ਕਿ ਅਸੀਂ ਹੁਣੇ ਦਿੱਲੀ ਚਲਦੇ ਹਾਂ।

**ਮਾਨਯੋਗ ਸਪੀਕਰ :** ਚਲੋ ਛੱਡੋ।

---

**Expunged as ordered by the Hon'ble Speaker.

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਗਰੀਬ ਬੰਦਾ ਉੱਥੇ ਬਾਗੀਆਂ ਪਾਉਂਦਾ ਹੈ। ਇੱਥੇ ਗਰੀਬ ਕਹਿੰਦਾ ਮੈਂ ਪੰਜਾਬ ਵਿੱਚ ਜੰਮ ਕੇ.... (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਹਾਂ ਜੀ, ਰਾਣਾ ਜੀ।

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ, ਗੱਲ ਇਹ ਹੈ ਕਿ ਜਿਹੜਾ ਮੁੱਦਾ ਇਨ੍ਹਾਂ ਨੇ ਚੁੱਕਿਆ ਹੈ, ਉਹ ਬਿਲਕੁਲ ਠੀਕ ਹੈ। ਮੈਂ ਬਤੌਰ ਮੰਤਰੀ ਹਿਸਾਬ ਲਾਇਆ ਸੀ ਅਤੇ ਵੱਡੇ-ਵੱਡੇ ਅਫਸਰਾਂ ਨੂੰ ਵੀ ਦਿਖਾਇਆ ਕਿ ਅਸੀਂ 25 ਸਾਲਾਂ ਵਿੱਚ 62,500 ਕਰੋੜ ਰੁਪਿਆ ਫਾਲਤੂ ਇਨ੍ਹਾਂ ਕੰਪਨੀਆਂ ਨੂੰ ਦੇਵਾਂਗੇ। ਲੇਕਿਨ ਸਵਾਲ ਸੁਣ ਲਓ। ਵੀਰ, ਜੋ ਤੁਸੀਂ ਬੋਲਣਾ ਹੈ, ਮੈਂ ਉਹੀ ਬੋਲ ਦਿੰਦਾ ਹਾਂ (ਆਮ ਆਦਮੀ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਸਵਾਲ ਇਸ ਗੱਲ ਦਾ ਹੈ ਕਿ ਇਸ ਦੀ ਜਾਂਚ ਇਸ ਕਰਕੇ ਨਹੀਂ ਹੋ ਪਾਉਂਦੀ ਕਿਉਂਕਿ ਸਾਡਾ ਕੋਈ ਨਾ ਕੋਈ ਅਫਸਰ ਉਸ ਵੇਲੇ ਸੈਕਟਰੀ ਹੁੰਦਾ ਹੈ।(ਵਿਘਨ) ਹੋਣਾ ਹੈ, ਜਿਹੜੇ ਅੱਜ ਹਨ, ਉਨ੍ਹਾਂ ਤੋਂ 10 ਸਾਲ ਬਾਅਦ ਪੁੱਛਾਂਗੇ ਤਾਂ ਉਹੀ ਮੰਤਰੀ ਦੇ ਨਾਲ ਹੋਵੇਗਾ, ਉਹ ਜਾਂਚ ਨਹੀਂ ਹੋਣ ਦਿੰਦੇ। ਇਸ ਦੀ ਜਾਂਚ ਹੋਣੀ ਚਾਹੀਦੀ ਹੈ। (ਥੰਪਿੰਗ)।

**ਮਾਨਯੋਗ ਸਪੀਕਰ :** ਸਰਦਾਰ ਇੰਦਰਬੀਰ ਸਿੰਘ ਬੁਲਾਰੀਆ।

**ਰਾਣਾ ਗੁਰਜੀਤ ਸਿੰਘ :** ਸਰ, ਮੇਰੀ ਗੱਲ ਕੰਪਲੀਟ ਹੋ ਲੈਣ ਦਿਉ। ਅਮਨ ਜੀ, ਗੱਲ ਕੰਪਲੀਟ ਹੋ ਲੈਣ ਦਿਉ। ਗੱਲ ਇਹ ਹੈ ਕਿ ਉਨ੍ਹਾਂ ਨੂੰ ਕਿਸੇ ਪ੍ਰਾਈਵੇਟ ਕੰਪਨੀ ਨਾਲ ਕੰਪੇਅਰ ਨਾ ਕਰੋ। ਸਰਕਾਰੀ ਕੰਪਨੀਆਂ (PSU) ਨੇ ਜਿਹੜਾ ਪਾਵਰ ਪ੍ਰੋਜੈਕਟ ਲਾਇਆ ਹੈ, ਉਹ ਕਿੰਨੇ ਪੈਸੇ ਦਾ ਲੱਗਾ? ਉਨ੍ਹਾਂ ਨੇ ਬਿਜਲੀ ਕਿਸ ਭਾਅ ਦਿੱਤੀ, ਉਹ ਕੰਪੇਅਰ ਕਰ ਲਵੋ। ਇਸ ਤਰ੍ਹਾਂ ਕਰਕੇ ਤਕਰੀਬਨ 62,000-70,000 ਕਰੋੜ ਇੱਥੇ ਆ ਜਾਵੇਗਾ।

**ਮਾਨਯੋਗ ਸਪੀਕਰ :** ਹਾਂ ਜੀ, ਅਮਨ ਜੀ, ਤੁਸੀਂ ਕੀ ਕਹਿਣਾ ਚਾਹੁੰਦੇ ਹੋ?

**ਸ਼੍ਰੀ ਅਮਨ ਅਰੋੜਾ :** ਸਪੀਕਰ ਸਾਹਿਬ, ਬੇਨਤੀ ਇੰਨੀ ਹੈ ਕਿ ਜਿਹੜਾ ਪੁਆਇੰਟ ਅਸੀਂ ਹਾਊਸ ਵਿੱਚ ਰੇਜ਼ ਕਰ ਰਹੇ ਸੀ, ਉਹ ਅਸੀਂ ਪਹਿਲਾਂ ਪ੍ਰੈਸ ਕਾਨਫਰੰਸ ਕਰਕੇ ਵੀ ਰੇਜ਼ ਕੀਤਾ, ਪੰਜਾਬ ਦੇ ਵਿੱਚ ਵੀ ਸਾਡੀ ਪਾਰਟੀ ਵੱਲੋਂ ਇਹ ਮੁੱਦਾ ਉਠਾਇਆ ਜਾ ਰਿਹਾ ਹੈ। ਜਿਹੜੀ ਗੱਲ ਮੈਂ ਅਤੇ ਮੇਰੀ ਪਾਰਟੀ ਕਹਿ ਰਹੀ ਸੀ, ਉਸੇ ਗੱਲ ਤੇ ਰਾਣਾ ਜੀ ਨੇ ਮੋਹਰ ਲਾ ਦਿੱਤੀ ਹੈ। ਸਵਾਲ ਇੰਨਾ ਹੈ ਕਿ ਉੱਧਰੋਂ ਅਵਾਜ਼ਾਂ ਆਉਂਦੀਆਂ ਹਨ ਕਿ ਐਗਰੀਮੈਂਟ ਹੋਏ ਹਨ। ਸਰ, ਮੈਨੂੰ ਇਵੇਂ ਦੱਸੋ, ਇੱਕ ਮਿੰਟ ਧਿਆਨ ਦਿਉ ਜੀ। ਸਰ, ਐਗਰੀਮੈਂਟ ਮਹਿਜ਼ 3

[ਸ਼੍ਰੀ ਅਮਨ ਅਰੋੜਾ]
ਪ੍ਰਾਈਵੇਟ ਕੰਪਨੀਆਂ ਨਾਲ ਹੋਏ ਹਨ। ਜੇ ਸਾਲ 2004 ਵਿੱਚ ਕੈਪਟਨ ਅਮਰਿੰਦਰ ਸਿੰਘ ਜੀ ਪਾਣੀਆਂ ਦਾ ਐਗਰੀਮੈਂਟ ਜਿਹੜਾ ਕਿ ਤਿੰਨ ਸਟੇਟਾਂ ਦੇ ਨਾਲ, ਸੈਂਟਰ ਗੌਰਮਿੰਟ ਦੇ ਨਾਲ ਹੋਇਆ ਸੀ। ਜੇ ਉਸ ਐਗਰੀਮੈਂਟ ਨੂੰ ਇਹ ਹਾਊਸ ਰੱਦ ਕਰ ਸਕਦਾ ਹੈ ਤਾਂ ਕੀ ਅਸੀਂ ਤਿੰਨ ਪ੍ਰਾਈਵੇਟ ਕੰਪਨੀਆਂ ਦਾ ਕੀਤਾ ਹੋਇਆ ਇਹ ਐਗਰੀਮੈਂਟ ਰੱਦ ਨਹੀਂ ਕਰ ਸਕਦੇ?

**ਮਾਨਯੋਗ ਸਪੀਕਰ :** ਸਰਦਾਰ ਇੰਦਰਬੀਰ ਸਿੰਘ ਬੁਲਾਰੀਆ। (ਵਿਘਨ) (ਸ਼ੋਰ) ਸਰਦਾਰ ਇੰਦਰਬੀਰ ਸਿੰਘ ਬੁਲਾਰੀਆ ਜੀ, ਤੁਸੀਂ ਰਿਪੋਰਟ ਪੇਸ਼ ਕਰੋ ਜੀ।

----

## PRESENTATION OF REPORT OF THE COMMITTEE

**ਸਭਾਪਤੀ, ਕੁਐਸਚਨਜ਼ ਐਂਡ ਰੈਫਰੈਂਸਿਜ਼ ਕਮੇਟੀ (ਸਰਦਾਰ ਇੰਦਰਬੀਰ ਸਿੰਘ ਬੁਲਾਰੀਆ):** ਸ਼੍ਰੀਮਾਨ ਜੀ, ਮੈਂ ਸਾਲ 2018-19 ਲਈ ਗਠਿਤ ਕੀਤੀ ਗਈ ਕੁਐਸਚਨਜ਼ ਅਤੇ ਰੈਫਰੈਂਸਿਜ਼ ਕਮੇਟੀ ਦਾ ਸਭਾਪਤੀ, ਕਮੇਟੀ ਵੱਲੋਂ ਅਧਿਕਾਰ ਦਿੱਤੇ ਜਾਣ ਤੇ ਇਸ ਦੀ 12ਵੀਂ ਰਿਪੋਰਟ ਸਦਨ ਵਿੱਚ ਪੇਸ਼ ਕਰਦਾ ਹਾਂ।

-----

## NON OFFICIAL RESOLUTION

**ਮਾਨਯੋਗ ਸਪੀਕਰ :** ਹੁਣ, ਸਰਦਾਰ ਹਰਮਿੰਦਰ ਸਿੰਘ ਗਿੱਲ ਗੈਰ ਸਰਕਾਰੀ ਮਤਾ ਪੇਸ਼ ਕਰਨਗੇ।(ਵਿਘਨ) ਸ਼ੋਰ)

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਗੈਰ ਸਰਕਾਰੀ ਮਤਾ ਪੇਸ਼ ਨਹੀਂ ਹੋਇਆ।)

-----

## OFFICIAL RESOLUTION REGARDING PAYING TRIBUTES AND BOWING HEAD BEFORE UNPARALLELED SACRIFICE OF THE MARTYRS OF NANKANA SAHIB ON THE COMPLETION OF 99 YEARS OF THIS INCIDENT

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸਪੀਕਰ ਸਾਹਿਬ, ਮੈਂ ਇੱਕ ਰੈਜ਼ੋਲਿਊਸ਼ਨ ਮੂਵ ਕਰਨਾ ਚਾਹੁੰਦਾ ਹਾਂ।(ਵਿਘਨ) (ਸ਼ੋਰ) ਸਪੀਕਰ

ਸਾਹਿਬ, ਮੈਂ ਅੱਜ ਮਿਤੀ 21 ਫਰਵਰੀ, 2019 ਨੂੰ ਹੇਠ ਲਿਖਿਆ ਮਤਾ ਸਦਨ ਵਿੱਚ ਪੇਸ਼ ਕਰਨਾ ਚਾਹੁੰਦਾ ਹਾਂ (ਵਿਘਨ) (ਸ਼ੋਰ) ਮਿਹਰਬਾਨੀ ਕਰਕੇ ਮੈਨੂੰ ਇਹ ਮਤਾ ਪੇਸ਼ ਕਰਨ ਦੀ ਆਗਿਆ ਦਿੱਤੀ ਜਾਵੇ ਜੀ।

**ਮਾਨਯੋਗ ਸਪੀਕਰ :** ਹਾਂ ਜੀ, ਸ਼੍ਰੀ ਬ੍ਰਹਮ ਮਹਿੰਦਰਾ ਜੀ, ਤੁਸੀਂ ਮਤਾ ਪੇਸ਼ ਕਰੋ । (ਵਿਘਨ) (ਸ਼ੋਰ) ਅਮਨ ਜੀ, ਤੁਹਾਡੀ ਗੱਲ ਆ ਗਈ ਹੈ। ਬੈਠੋ, ਬੈਠੋ, ਤੁਹਾਡੀ ਗੱਲ ਆ ਗਈ ਹੈ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

> "ਕਿ ਜਲ੍ਹਿਆਂਵਾਲਾ ਬਾਗ ਸਾਕੇ ਤੋਂ ਬਾਅਦ ਬ੍ਰਿਟਿਸ਼ ਸਰਕਾਰ ਵਿਰੁੱਧ ਪੈਦਾ ਹੋਏ ਵੱਡੇ ਰੋਸ ਵਜੋਂ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਵਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਦਾ ਜਨਮ ਹੋਇਆ ਅਤੇ 21 ਫਰਵਰੀ, 1921 ਨੂੰ ਭਾਈ ਲਛਮਣ ਸਿੰਘ ਧਾਰੋਵਾਲੀ ਦੀ ਰਹਿਨੁਮਾਈ 'ਚ 156 ਸਿੰਘਾਂ ਦਾ ਜੱਥਾ ਮਹੰਤ ਨਰਾਇਣ ਦਾਸ ਤੋਂ ਗੁਰਦੁਆਰਾ ਸ਼੍ਰੀ ਨਨਕਾਣਾ ਸਾਹਿਬ ਆਜ਼ਾਦ ਕਰਵਾਉਣ ਲਈ ਉਥੇ ਪਹੁੰਚਿਆ। ਪਾਠ ਕਰ ਰਹੇ ਇਸ ਸ਼ਾਂਤਮਈ ਜੱਥੇ ਤੇ ਮਹੰਤ ਨਰਾਇਣ ਦਾਸ ਅਤੇ ਉਸ ਦੇ ਗੁੰਡਿਆਂ ਨੇ ਹਥਿਆਰਾਂ, ਤਲਵਾਰਾਂ ਅਤੇ ਕੁਹਾੜੀਆਂ ਨਾਲ ਹਮਲਾ ਕਰ ਦਿੱਤਾ ਅਤੇ ਇਸ ਹਮਲੇ ਵਿੱਚ ਭਾਈ ਲਛਮਣ ਸਿੰਘ ਨੂੰ ਅੱਧਮਰਾ ਕਰਕੇ ਜ਼ਿੰਦਾ ਜਲਾ ਦਿੱਤਾ ਗਿਆ ਅਤੇ ਬਾਕੀ ਸਾਥੀਆਂ ਨੂੰ ਮਾਰ ਕੇ ਉਨ੍ਹਾਂ ਦੇ ਸਰੀਰਾਂ ਨੂੰ ਟੁਕੜਿਆਂ ਵਿੱਚ ਕੱਟ ਕੇ ਉਨ੍ਹਾਂ ਤੇ ਕੈਰੋਸੀਨ ਦਾ ਤੇਲ ਪਾ ਕੇ ਸਾੜ ਦਿੱਤਾ ਗਿਆ। ਇਸ ਸਾਕੇ ਨੂੰ ਵਾਪਰਿਆਂ ਅੱਜ 99 ਸਾਲ ਹੋ ਗਏ ਹਨ ਅਤੇ ਅਗਲੇ ਸਾਲ 100 ਸਾਲ ਪੂਰੇ ਹੋਣੇ ਹਨ। ਇਹ ਸਦਨ ਨਨਕਾਣਾ ਸਾਹਿਬ ਦੇ ਇਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ ਅਤੇ ਉਨ੍ਹਾਂ ਦੀ ਲਾਮਿਸਾਲ ਸ਼ਹੀਦੀ ਅੱਗੇ ਆਪਣਾ ਸਿਰ ਝੁਕਾਉਂਦਾ ਹੈ।"

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ -

> "ਕਿ ਜਲ੍ਹਿਆਂਵਾਲਾ ਬਾਗ ਸਾਕੇ ਤੋਂ ਬਾਅਦ ਬ੍ਰਿਟਿਸ਼ ਸਰਕਾਰ ਵਿਰੁੱਧ ਪੈਦਾ ਹੋਏ ਵੱਡੇ ਰੋਸ ਵਜੋਂ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਵਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਦਾ ਜਨਮ ਹੋਇਆ ਅਤੇ 21 ਫਰਵਰੀ, 1921 ਨੂੰ ਭਾਈ ਲਛਮਣ ਸਿੰਘ ਧਾਰੋਵਾਲੀ ਦੀ ਰਹਿਨੁਮਾਈ 'ਚ 156

ਸਿੰਘਾਂ ਦਾ ਜੱਥਾ ਮਹੰਤ ਨਰਾਇਣ ਦਾਸ ਤੋਂ ਗੁਰਦੁਆਰਾ ਸ਼੍ਰੀ ਨਨਕਾਣਾ ਸਾਹਿਬ ਆਜ਼ਾਦ ਕਰਵਾਉਣ ਲਈ ਉਥੇ ਪਹੁੰਚਿਆ। ਪਾਠ ਕਰ ਰਹੇ ਇਸ ਸ਼ਾਂਤਮਈ ਜੱਥੇ ਤੇ ਮਹੰਤ ਨਰਾਇਣ ਦਾਸ ਅਤੇ ਉਸ ਦੇ ਗੁੰਡਿਆਂ ਨੇ ਹਥਿਆਰਾਂ, ਤਲਵਾਰਾਂ ਅਤੇ ਕੁਹਾੜੀਆਂ ਨਾਲ ਹਮਲਾ ਕਰ ਦਿੱਤਾ ਅਤੇ ਇਸ ਹਮਲੇ ਵਿੱਚ ਭਾਈ ਲਛਮਣ ਸਿੰਘ ਨੂੰ ਅੱਧਮਰਾ ਕਰਕੇ ਜ਼ਿੰਦਾ ਜਲਾ ਦਿੱਤਾ ਗਿਆ ਅਤੇ ਬਾਕੀ ਸਾਥੀਆਂ ਨੂੰ ਮਾਰ ਕੇ ਉਨ੍ਹਾਂ ਦੇ ਸਰੀਰਾਂ ਨੂੰ ਟੁਕੜਿਆਂ ਵਿੱਚ ਕੱਟ ਕੇ ਉਨ੍ਹਾਂ ਤੇ ਕੈਰੋਸੀਨ ਦਾ ਤੇਲ ਪਾ ਕੇ ਸਾੜ ਦਿੱਤਾ ਗਿਆ। ਇਸ ਸਾਕੇ ਨੂੰ ਵਾਪਰਿਆਂ ਅੱਜ 99 ਸਾਲ ਹੋ ਗਏ ਹਨ ਅਤੇ ਅਗਲੇ ਸਾਲ 100 ਸਾਲ ਪੂਰੇ ਹੋਣੇ ਹਨ। ਇਹ ਸਦਨ ਨਨਕਾਣਾ ਸਾਹਿਬ ਦੇ ਇਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹੈ ਅਤੇ ਉਨ੍ਹਾਂ ਦੀ ਲਾਮਿਸਾਲ ਸ਼ਹੀਦੀ ਅੱਗੇ ਆਪਣਾ ਸਿਰ ਝੁਕਾਉਂਦਾ ਹੈ।"

ਬਹਿਸ। ਹੁਣ ਕਿਸੇ ਨੇ ਕੁਝ ਕਹਿਣਾ ਹੈ ਜੀ? ਚੀਮਾ ਸਾਹਿਬ, ਤੁਸੀਂ ਵਾਰੀ-ਵਾਰੀ ਕਹਿ ਲਵੋ। ਹਾਂ ਜੀ, ਚੀਮਾ ਸਾਹਿਬ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਸ਼੍ਰੀ ਅਮਨ ਅਰੋੜਾ ਜੀ ਨੇ ਲਿਕੁਰ ਕਾਰਪੋਰੇਸ਼ਨ ਉੱਤੇ ਐਡਜਰਨਮੈਂਟ ਮੋਸ਼ਨ ਪੇਸ਼ ਕੀਤਾ ਸੀ, ਉਹ ਤੁਸੀਂ ਰੱਦ ਕੀਤਾ ਹੈ ਜਾਂ ਨਹੀਂ, ਸਾਨੂੰ ਇਸ ਬਾਰੇ ਅਜੇ ਤੱਕ ਪਤਾ ਨਹੀਂ ਲੱਗ ਸਕਿਆ।

**ਮਾਨਯੋਗ ਸਪੀਕਰ :** ਤੁਸੀਂ ਇਸ ਮਤੇ ਉੱਤੇ ਕੁਝ ਕਹਿਣਾ ਹੈ?

**ਸਰਦਾਰ ਹਰਪਾਲ ਸਿੰਘ ਚੀਮਾ :** ਸਰ, ਮੈਂ ਲਿਕੁਰ ਕਾਰਪੋਰੇਸ਼ਨ ਦੀ ਗੱਲ ਕਰਦਾ ਹਾਂ।

**ਮਾਨਯੋਗ ਸਪੀਕਰ :** ਤੁਸੀਂ ਇਸ ਮਤੇ ਉੱਤੇ ਕੁਝ ਕਹਿਣਾ ਹੈ?

**ਸਰਦਾਰ ਹਰਪਾਲ ਸਿੰਘ ਚੀਮਾ (ਦਿੜ੍ਹਬਾ, ਐਸ.ਸੀ.) :** ਸਰ, ਇਸ ਮਤੇ ਦੀ ਅਸੀਂ ਸਪੋਰਟ ਕਰਦੇ ਹਾਂ। ਇਸ ਵਿੱਚ ਕੋਈ ਚੱਕਰ ਨਹੀਂ । ਸਰ, ਦੂਜੀ ਗੱਲ ਅਸੀਂ ਕਹਿਣਾ ਚਾਹੁੰਦੇ ਹਾਂ ਕਿ ਨਕੋਦਰ ਦੇ ਵਿੱਚ ਚਾਰ ਸਿੰਘ ਸ਼ਹੀਦ ਹੋ ਗਏ ਸਨ, ਇਹ ਸਦਨ ਉਨ੍ਹਾਂ ਨੂੰ ਵੀ ਸ਼ਰਧਾਂਜਲੀ ਭੇਟ ਕਰ ਦੇਵੇ, ਉਨ੍ਹਾਂ ਲਈ ਵੀ ਕਰ ਦਿਓ। (ਵਿਘਨ) ਸ਼ੋਰ) ਉਨ੍ਹਾਂ ਲਈ ਆਪਾਂ ਕੋਈ 100 ਸਾਲ ਥੋੜ੍ਹਾ ਉਡੀਕਣਾ ਹੈ...

**ਮਾਨਯੋਗ ਸਪੀਕਰ :** ਤੁਸੀਂ ਮੂਵ ਕਰ ਲੈਣਾ... (ਵਿਘਨ) (ਸ਼ੋਰ)

**ਸਰਦਾਰ ਹਰਪਾਲ ਸਿੰਘ ਚੀਮਾ :** ਸਰ, ਅਸੀਂ ਇਸ ਦੇ ਹੱਕ ਵਿੱਚ ਹਾਂ । ਸਰ, ਬਿਲਕੁਲ ਹਾਂ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਰੰਧਾਵਾ ਜੀ, ਤੁਸੀਂ ਬੈਠੋ। (ਵਿਘਨ) (ਸ਼ੋਰ) ਰੰਧਾਵਾ ਜੀ, ਬੈਠੋ। ਚੀਮਾ ਜੀ, ਪਹਿਲਾਂ ਤੁਸੀਂ ਮੇਰੀ ਗੱਲ ਸੁਣੋ।ਰੰਧਾਵਾ ਜੀ, ਤੁਸੀਂ ਸੁਣੋਗੇ ਵੀ? ਇਹ ਮਤਾ ਸਰਕਾਰੀ ਆਇਆ ਹੈ। ਸਰਕਾਰ ਨੇ ਪੇਸ਼ ਕੀਤਾ । ਤੁਸੀਂ ਮਤਾ ਪੇਸ਼ ਕਰ ਸਕਦੇ ਹੋ। ਤੁਸੀਂ ਵੀ ਕਰ ਸਕਦੇ ਹੋ। ਤੁਸੀਂ ਵੀ ਕਰ ਲੈਣਾ। ਲੇਕਿਨ ਉਸ ਦੇ ਵਾਸਤੇ ਵਾਜਬ ਦਿਨ ਦੇਖ ਲਿਆ ਕਰੋ। ਰੂਲ ਦੇਖ ਲਿਆ ਕਰੋ। ਉਸ ਦੇ ਮੁਤਾਬਿਕ ਤੁਸੀਂ ਕਰ ਦਿਓ। ਲੇਕਿਨ ਸਰਕਾਰੀ ਮਤੇ ਨਾਲ ਹੋਰ ਕੋਈ ਮਤਾ ਕਲੱਬ ਨਹੀਂ ਕੀਤਾ ਜਾ ਸਕਦਾ।ਤੁਸੀਂ ਇਸ ਉੱਤੇ ਕੁਝ ਕਹਿਣਾ ਹੈ ਤਾਂ ਮੈਨੂੰ ਦੱਸੋ। (ਵਿਘਨ, ਸ਼ੋਰ)

**ਸ਼੍ਰੀ ਅਮਨ ਅਰੋੜਾ :** ਸਪੀਕਰ ਸਾਹਿਬ, ਅਸੀਂ ਇਸ ਮਤੇ ਦੀ ਸਪੋਰਟ ਕਰਦੇ ਹਾਂ।

**ਮਾਨਯੋਗ ਸਪੀਕਰ :** ਸਪੋਰਟ ਕਰਦੇ ਹੋ, thank you. ਵਡਾਲਾ ਜੀ। (ਵਿਘਨ)(ਸ਼ੋਰ) ਮਾਨੂਕੇ ਜੀ, ਤੁਸੀਂ ਬਾਅਦ ਵਿੱਚ ਬੋਲ ਲੈਣਾ ਜੀ। ਜ਼ਰਾ ਵਡਾਲਾ ਜੀ ਖੜ੍ਹੇ ਹਨ। ਹਾਂ ਜੀ, ਵਡਾਲਾ ਜੀ, ਤੁਸੀਂ ਬੋਲੋ ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ (ਨਕੋਦਰ) :** ਸਪੀਕਰ ਸਾਹਿਬ, ਇਹ ਜਿਹੜਾ ਪ੍ਰਸਤਾਵ ਬਹੁਤ ਹੀ ਸਤਿਕਾਰਯੋਗ ਸ਼੍ਰੀ ਬ੍ਰਹਮ ਮਹਿੰਦਰਾ ਜੀ ਨੇ ਲਿਆਂਦਾ ਹੈ, ਇਹ ਬਹੁਤ ਵਧੀਆ ਮਤਾ ਲਿਆਂਦਾ ਗਿਆ ਹੈ। ਸਪੀਕਰ ਸਾਹਿਬ, ਕੱਲ੍ਹ ਜਲ੍ਹਿਆਂਵਾਲੇ ਬਾਗ ਦੇ ਸਾਕੇ ਦੀ ਗੱਲ ਆਖੀ ਸੀ, ਉਹ ਵੀ ਆਪਣੇ ਦੇਸ਼ ਦਾ, ਪੰਜਾਬ ਦਾ ਬਹੁਤ ਹੀ ਦਰਦਨਾਕ ਇਤਿਹਾਸ ਹੈ, ਉਹ ਮਤਾ ਵੀ ਯੂਨਾਨੀਮਸਲੀ ਪਾਸ ਹੋਇਆ ਹੈ। ਸਰਦਾਰ ਲਛਮਣ ਸਿੰਘ ਧਾਰੋਵਾਲੀ, ਜਿਹੜੇ ਰੰਧਾਵਾ ਸਾਹਿਬ ਦੇ ਨਗਰ ਦੇ ਸਨ, ਇਨ੍ਹਾਂ ਦੇ ਪੂਰਵਜ਼ ਬਜ਼ੁਰਗਾਂ ਵਿੱਚੋਂ ਹੋਣਗੇ, ਉਹ ਵੀ ਸ਼ਹੀਦ ਹੋਏ। ਸਾਕਾ ਨਨਕਾਣਾ ਸਾਹਿਬ, ਪੰਜਾ ਸਾਹਿਬ ਬੜੀਆਂ ਮੂਵਮੈਂਟਸ ਚਲੀਆਂ, ਬੜੇ ਮੋਰਚੇ ਲੱਗੇ। ਜੈਤੋ ਦਾ ਮੋਰਚਾ ਲੱਗਾ, ਉਸ ਦੀ ਵੀ ਗੱਲ ਕਰਨੀ ਚਾਹੀਦੀ ਹੈ। ਜੈਤੋ ਦੇ ਮੋਰਚੇ ਤੋਂ ਬਾਅਦ ਮਹਾਤਮਾ ਗਾਂਧੀ ਵਰਗੇ, ਪੰਡਿਤ ਨਹਿਰੂ ਵਰਗੇ ਲੀਡਰਾਂ ਨੇ ਕਿਹਾ ਕਿ half battle of freedom was won at Jaito, ਉਸ ਦਾ ਵੀ ਜ਼ਿਕਰ ਕਰਨਾ ਚਾਹੀਦਾ ਹੈ। ਸਪੀਕਰ ਸਾਹਿਬ, ਸ਼੍ਰੀ ਬ੍ਰਹਮ ਮਹਿੰਦਰਾ ਜੀ ਜੋ ਮਤਾ ਲੈ ਕੇ ਆਏ ਹਨ, ਅਸੀਂ ਇਸ ਦੀ ਸਪੋਰਟ ਕਰਦੇ ਹਾਂ ਅਤੇ ਅਸੀਂ ਬਿਲਕੁਲ ਨਾਲ ਹਾਂ। ਸਪੀਕਰ ਸਾਹਿਬ, ਮੈਂ ਇੱਕ ਗੱਲ ਜ਼ਰੂਰ ਕਹਿਣੀ ਹੈ ਕਿ 1947 ਵਿੱਚ ਜੋ ਪੰਜਾਬ ਨਾਲ ਹੋਇਆ, ਉਹ ਬਹੁਤ ਦਰਦਨਾਕ ਸੀ। ਉਥੇ ਹੁਣ ਪਾਰਟੀਸ਼ਨ ਮਿਊਜ਼ੀਅਮ ਵੀ ਬਣ ਗਿਆ ਹੈ।

ਬਹੁਤ ਘਾਣ ਹੋਇਆ Jallianwala Baag was an issue of mass murder. ਸਪੀਕਰ ਸਾਹਿਬ, ਉਥੇ ਸ਼ਰ੍ਹੇਆਮ ਗੋਲੀਆਂ ਮਾਰ ਕੇ ਨਿਰਦੋਸ਼ ਬੰਦੇ ਮਾਰ ਦਿੱਤੇ ਗਏ, ਜਿਹੜੇ ਪ੍ਰੋਟੈਸਟ ਕਰ ਰਹੇ ਸਨ। (ਵਿਘਨ) ਆਪਾਂ ਪੁਰਾਣੀ ਗੱਲ ਕਰ ਰਹੇ ਹਾਂ, ਹੁਣ ਵਰਤਮਾਨ ਚੱਲ ਰਿਹਾ ਹੈ ਜੀ। ਸਰ, 1947 ਵਿੱਚ ਜਿਹੜੀ Migration of civilization ਹੋਈ ਹੈ। ਮੈਨੂੰ ਲਗਦਾ ਹੈ ਕਿ ਆਪਾਂ ਸਾਰੇ ਇਸ ਨਾਲ ਸਹਿਮਤ ਹੋਵਾਂਗੇ ਕਿ ਅੰਗਰੇਜ਼ ਨੇ ਆਪਣੇ ਨਾਲ ਇੱਕ ਬਹੁਤ ਵੱਡਾ ਜ਼ੁਲਮ ਕੀਤਾ ਹੈ। ਸਪੀਕਰ ਸਾਹਿਬ, ਅੱਜ ਅੰਗਰੇਜ਼ ਦੁੱਧ ਧੋਤਾ ਹੈ। ਅੱਜ ਸਾਰੀ ਦੁਨੀਆਂ ਦੇ ਵਿਚ ਐਨ.ਆਰ.ਆਈਜ਼ ਬੈਠੇ ਹਨ। ਹੁਣ ਉਹ ਆਪਣੇ ਨਾਲ ਬਹੁਤ ਵਧੀਆ ਸਲੂਕ ਕਰਦੇ ਹਨ, ਉੱਥੇ ਵੈਲਿਊਜ਼ ਵੀ ਹਨ ਅਤੇ ਸਿਸਟਮ ਵੀ ਚੰਗਾ ਹੈ, ਉੱਥੇ Human ethics ਵੀ ਹਨ ਪਰ ਉਸ ਸਮੇਂ ਦਾ ਅੰਗਰੇਜ਼ ਇੱਥੇ ਜ਼ਾਲਮ ਸੀ। ਦੋ ਦਿਨ, ਚਾਰ ਦਿਨ, ਮਹੀਨੇ ਵਿਚ ਜਿਹੜੀ ਲੱਖਾਂ ਹੀ ਲੋਕਾਂ ਦੀ Migration ਹੋਈ ਸੀ। Speaker Sahib, you are a student of History. ਜਦੋਂ ਵੀ ਅਸੀਂ ਤੁਹਾਨੂੰ ਮਿਲਦੇ ਹਾਂ ਤੁਹਾਨੂੰ ਤਾਂ ਬਹੁਤ ਹਿਸਟਰੀ ਪਤਾ ਹੈ।ਤੁਸੀਂ ਪੜ੍ਹਦੇ ਰਹਿੰਦੇ ਹੋ, ਸਾਨੂੰ ਵੀ ਕਈ ਗੱਲਾਂ ਦੱਸਦੇ ਰਹਿੰਦੇ ਹੋ। ਅਸੀਂ ਹਾਊਸ ਨੂੰ ਅਤੇ ਸ਼੍ਰੀ ਬ੍ਰਹਮ ਮਹਿੰਦਰਾ ਜੀ ਨੂੰ ਬੇਨਤੀ ਕਰਨਾ ਚਾਹੁੰਦੇ ਹਾਂ ਕਿ 1947 ਦਾ ਵੀ ਰੈਜ਼ੋਲਿਊਸ਼ਨ ਲੈ ਕੇ ਆਓ। ਪੰਜਾਬ ਨਾਲ ਜੋ ਧੱਕਾ ਉਸ ਸਮੇਂ ਹੋਇਆ, ਕੋਈ ਕਹਿੰਦਾ ਹੈ ਕਿ 10 ਲੱਖ ਪੰਜਾਬੀ ਉਸ ਦੀ ਬਲੀ ਚੜ੍ਹ ਗਿਆ, ਚਾਹੇ ਉਹ ਮੁਸਲਮਾਨ ਵੀਰ ਸਨ, ਚਾਹੇ ਸਿੱਖ ਸਨ, ਹਿੰਦੂ ਸਨ ਪਰ ਉਹ ਸਾਰੇ ਹੀ ਪੰਜਾਬੀ ਸੀ। ਕੋਈ ਕਹਿੰਦਾ ਢਾਈ ਮਿਲੀਅਨ it means 25 ਲੱਖ ਲੋਕ ਉਸ ਦੀ ਬਲੀ ਚੜ੍ਹ ਗਏ ਪਰ ਇਤਿਹਾਸ ਵਿਚ ਉਸ ਦਾ ਕੋਈ ਵਰਨਣ ਨਹੀਂ, ਕੋਈ ਜ਼ਿਕਰ ਨਹੀਂ, ਜਿਸ ਲਿਹਾਜ਼ੇ ਨਾਲ ਹੋਣਾ ਚਾਹੀਦਾ ਹੈ। ਆਪਾਂ ਇਸ ਹਾਊਸ ਵਿਚ ਅੰਗਰੇਜ਼ ਤੋਂ ਜਲ੍ਹਿਆਂ ਵਾਲੇ ਬਾਗ ਦੀ ਮੁਆਫੀ ਮੰਗਵਾ ਰਹੇ ਹਾਂ। ਸਪੀਕਰ ਸਾਹਿਬ, ਜੇ ਆਪਾਂ ਸ਼ਹੀਦ ਲਛਮਣ ਸਿੰਘ ਧਾਰੋਵਾਲੀ ਦਾ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਦਾ ਮਤਾ ਲੈ ਕੇ ਆ ਰਹੇ ਹਾਂ ਤਾਂ ਆਪਾਂ ਨੂੰ 1947 ਦਾ ਵੀ ਮਤਾ ਲੈ ਕੇ ਆਉਣਾ ਚਾਹੀਦਾ ਹੈ ਕਿ ਜਿਸ ਤਰੀਕੇ ਨਾਲ ਪੰਜਾਬ ਨੂੰ ਵੰਡਿਆ ਗਿਆ। ਉਸ ਸਮੇਂ ਕਸ਼ਮੀਰ ਦੇ ਦਿੰਦੇ, ਪੰਜਾਬ ਨੂੰ ਦੇਣ ਦੀ ਕੀ ਲੋੜ ਸੀ। ਜੇ ਅੱਜ ਪੂਰਾ ਪੰਜਾਬ ਆਪਣੇ ਕੋਲ ਹੁੰਦਾ ਤਾਂ ਅੱਜ ਦੁਨੀਆਂ ਭਰ ਵਿਚ ਪੰਜਾਬ ਦੀ ਧਾਂਕ ਹੋਣੀ ਸੀ, ਲੇਕਿਨ ਸਾਡੇ ਨਾਲ ਬਹੁਤ ਬੇਇਨਸਾਫੀ ਹੋਈ, ਜ਼ੁਲਮ ਹੋਇਆ। ਸਾਡੀਆਂ ਧੀਆਂ, ਭੈਣਾਂ, ਬੱਚੇ, ਬਜ਼ੁਰਗ ਕਤਲ ਕਰ ਦਿੱਤੇ, ਉਹ ਚਾਹੇ ਕਿਸੇ ਵੀ ਧਰਮ ਦੇ ਸੀ।ਸਪੀਕਰ ਸਾਹਿਬ, ਸਾਡੇ ਬਜ਼ੁਰਗਾਂ ਨੇ ਸਾਨੂੰ ਸਭ ਨੂੰ ਦੱਸਿਆ ਹੈ ਲੇਕਿਨ ਉਸ ਚੀਜ਼ ਦਾ ਸਾਡੇ

ਪਿੰਡੇ ਤੇ ਜ਼ਖਮ ਹੈ। ਸਪੀਕਰ ਸਾਹਿਬ, ਜਿੰਨਾ ਚਿਰ ਅੰਗਰੇਜ਼ ਮੁਆਫੀ ਨਹੀਂ ਮੰਗਦਾ ਜਾਂ ਆਪਣੀਆਂ ਸਰਕਾਰਾਂ ਇਸ ਵਾਸਤੇ ਆਪਣਾ ਪੱਖ ਸਪਸ਼ਟ ਨਹੀਂ ਕਰਦੀਆਂ, ਉਨਾ ਚਿਰ ਪੰਜਾਬ ਦਾ ਜ਼ਖਮ ਭਰਿਆ ਨਹੀਂ ਜਾਣਾ। ਸੋ, 1947 ਦਾ ਵੀ ਰੈਜ਼ੋਲਿਊਸ਼ਨ ਲੈ ਕੇ ਆਉਣਾ ਚਾਹੀਦਾ ਹੈ। ਸਪੀਕਰ ਸਾਹਿਬ, ਸਰਕਾਰ ਵੱਲੋਂ ਸ਼੍ਰੀ ਬ੍ਰਹਮ ਮਹਿੰਦਰਾ ਜੀ ਇਹ ਰੈਜ਼ੋਲਿਊਸ਼ਨ ਲੈ ਕੇ ਆਉਣ ਤਾਂ ਸਾਰਾ ਸਦਨ ਇਸ ਗੱਲ ਦੀ ਪ੍ਰੋੜ੍ਹਤਾ ਕਰੇਗਾ, support ਕਰੇਗਾ ਕਿ ਉਸ ਸਮੇਂ ਪੰਜਾਬ ਦਾ ਬਹੁਤ ਘਾਣ ਹੋਇਆ । ਧੰਨਵਾਦ ਸਪੀਕਰ ਸਾਹਿਬ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ (ਜਗਰਾਉਂ, ਐਸ.ਸੀ.) :** ਸਪੀਕਰ ਸਾਹਿਬ, ਅੱਜ ਪੰਜਾਬ ਦੇ ਵਾਸਤੇ ਬਹੁਤ ਹੀ ਇਤਿਹਾਸਕ ਦਿਨ ਹੈ ਤੇ ਸ਼ਾਇਦ ਬਹੁਤ ਦਰਦਨਾਕ ਦਿਨ ਵੀ ਹੈ ਕਿਉਂਕਿ ਅੱਜ ਆਪਾਂ 21 ਫਰਵਰੀ, 1846 ਵਿਚ ਗੁਜਰਾਤ ਦੀ ਲੜਾਈ ਵਿਚ ਅੰਗਰੇਜ਼ਾਂ ਦੇ ਹੱਥੋਂ ਪੰਜਾਬ ਹਾਰ ਗਏ ਸੀ।ਉਸ ਸਮੇਂ ਸਾਡੀ ਕੌਮ ਬਹੁਤ ਸਿਰਮੌਰ ਕੌਮ ਕਹੀ ਜਾਂਦੀ ਸੀ, ਸਾਡੇ ਤੋਂ ਚੰਗੇ ਤੋਂ ਚੰਗੇ ਜ਼ਾਲਮ ਵੀ ਡਰਦੇ ਸੀ। ਪੰਜਾਬ ਤਾਂ ਹਾਰਿਆ ਕਿਉਂਕਿ ਪੰਜਾਬ ਦੇ ਅੰਦਰ ਜਿੰਨੇ ਸੂਰਮੇ ਪੈਦਾ ਹੋਏ, ਉਸ ਦੇ ਨਾਲ ਨਾਲ ਗੱਦਾਰ ਵੀ ਉਨੇ ਹੀ ਪੈਦਾ ਹੋਏ। ਅਸੀਂ ਉਨ੍ਹਾਂ ਦੀਆਂ ਗੱਦਾਰੀਆਂ ਝੱਲੀਆਂ। ਅਸੀਂ, ਪੰਜਾਬ ਨੇ ਜਦੋਂ ਜਦੋਂ ਵੀ ਉੱਠਣ ਦੀ ਕੋਸ਼ਿਸ਼ ਕੀਤੀ ਤਾਂ ਸਾਨੂੰ ਬਾਹਰਲੀਆਂ ਤਾਕਤਾਂ ਨੇ ਤਾਂ ਮਾਰਿਆ ਹੀ ਲੇਕਿਨ ਇਸ ਦੇ ਨਾਲ ਸਾਨੂੰ ਅੰਦਰਲੀਆਂ ਤਾਕਤਾਂ ਨੇ ਡਬਲ ਜ਼ੋਰ ਦੇ ਕੇ ਮਾਰਿਆ, ਜਿਸ ਕਰਕੇ ਪੰਜਾਬ ਧਰਤੀ ਤੋਂ ਉੱਠਦਾ ਉੱਠਦਾ ਧਰਤੀ ਦੇ ਥੱਲੇ ਡਿੱਗਦਾ ਜਾ ਰਿਹਾ ਹੈ।ਬੇਸ਼ਕ ਅਸੀਂ ਗੁਰਦੁਆਰਿਆਂ ਦੀ ਗੱਲ ਕਰ ਲਈਏ, ਡੇਰਿਆਂ ਦੀ ਗੱਲ ਕਰ ਲਈਏ। ਇਸੇ ਤਰ੍ਹਾਂ ਸੋਚੀ ਸਮਝੀ ਸਾਜ਼ਿਸ਼ ਦੇ ਤਹਿਤ ਮਹੰਤਾਂ ਨੇ ਸਿਰ ਚੁੱਕਿਆ ਸੀ ਤੇ ਅਸੀਂ ਵਾਰ ਵਾਰ ਗੁਰਦੁਆਰੇ ਅਜ਼ਾਦ ਕਰਵਾਏ। ਮੈਂ ਮਾਣ ਮਹਿਸੂਸ ਕਰਦੀ ਹਾਂ ਕਿ ਪੰਜਾਬ ਸੂਰਮਿਆਂ ਦੀ ਕੌਮ ਹੈ ਪਰੰਤੂ ਜਦੋਂ ਵੀ ਅਸੀਂ ਅੱਗੇ ਵਧਣ ਦੀ ਕੋਸ਼ਿਸ਼ ਕੀਤੀ ਹੈ, ਪੰਜਾਬ ਵਿਚ ਉਸੇ ਤਰ੍ਹਾਂ ਗੱਦਾਰ ਵੀ ਅੱਗੇ ਵਧੇ, ਜਿਹੜੇ ਸਾਡੇ ਸੱਜੇ-ਖੱਬੇ ਹੀ ਨਿਕਲੇ, ਜਿਹੜੇ ਸਾਡੀ ਹੀ ਕੌਮ ਦੇ ਸਨ। ਮੈਂ ਇਸ ਗੱਲ ਦਾ ਮਾਣ ਮਹਿਸੂਸ ਕਰਦੀ ਹਾਂ ਕਿ ਪੰਜਾਬੀ ਇੱਕ ਵਾਰ ਫੇਰ ਉੱਠੇ। ਇਸੇ ਤਰ੍ਹਾਂ 1846 ਤੋਂ ਲੈ ਕੇ 1947 ਤੱਕ ਅਨੇਕਾਂ ਸ਼ਹੀਦ ਹੋਏ, ਜਿਨ੍ਹਾਂ ਨੇ ਆਪਣੀ ਧਰਤੀ ਨੂੰ ਆਜ਼ਾਦ ਕਰਵਾਉਣ ਲਈ ਅਨੇਕਾਂ ਤਰ੍ਹਾਂ ਦੀਆਂ ਕੁਰਬਾਨੀਆਂ ਦਿੱਤੀਆਂ। ਸ਼ਾਇਦ ਕਈ ਵਿਚਾਰਿਆਂ ਦਾ ਨਾਮ ਵੀ ਨਹੀਂ ਹੋਵੇਗਾ। ਕਈਆਂ ਦਾ ਨਾਮ ਤਾਂ ਬੜੇ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਂਦਾ ਹੈ ਪਰ ਕਈ ਸਾਡੇ ਵਰਗੇ ਕੀੜੇ-ਮਕੌੜੇ ਬਣ ਕੇ ਵੀ ਦਬ ਗਏ ਪਰ ਉਨ੍ਹਾਂ ਦਾ ਜਜ਼ਬਾ

[ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ]

ਉਨ੍ਹਾਂ ਸ਼ਹੀਦਾਂ ਤੋਂ ਵੀ ਘੱਟ ਨਹੀਂ ਸੀ। ਜਿਹੜੇ ਥੱਲੇ ਖੜ੍ਹ ਕੇ ਉਨ੍ਹਾਂ ਦੀ ਸਪੋਰਟ ਕਰਦੇ ਸੀ। ਮੇਰੀ ਸਦਨ ਨੂੰ ਇੱਕੋ ਬੇਨਤੀ ਹੈ ਕਿ ਆਪਾਂ ਲਗਾਤਾਰ ਅੱਜ ਦੇ ਦਿਨ ਨੂੰ ਸਮਰਪਿਤ ਸਾਰੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਈਏ। ਮੈਂ ਇਸ ਮਤੇ ਦਾ ਪੂਰੀ ਤਰ੍ਹਾਂ ਸਮਰਥਨ ਕਰਦੀ ਹਾਂ ਕਿਉਂਕਿ ਇਹ ਜਿਹੜਾ ਮਤਾ ਲਿਆਂਦਾ ਗਿਆ ਹੈ ਇਹ ਸਾਡੀ ਕੌਮ ਨੂੰ ਇੱਕ ਸ਼ਾਂਤੀ ਦੇਵੇਗਾ, ਮਨਾਂ ਨੂੰ ਸ਼ਾਂਤੀ ਪ੍ਰਦਾਨ ਕਰੇਗਾ। ਧੰਨਵਾਦ ਸਪੀਕਰ ਸਾਹਿਬ।

**ਸਹਿਕਾਰਤਾ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ) :** ਧੰਨਵਾਦ ਸਪੀਕਰ ਸਾਹਿਬ, ਅੱਜ ਪੂਰਾ ਹਿੰਦੁਸਤਾਨ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਮਨਾਉਣ ਦੀਆਂ ਤਿਆਰੀਆਂ ਕਰ ਰਿਹਾ ਹੈ। ਪਹਿਲੀ ਪਾਤਸ਼ਾਹੀ ਜੀ ਦਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ, ਜਿੱਥੇ ਸ੍ਰੀ ਗੁਰੂ ਸਾਹਿਬ ਨੇ ਜਨਮ ਲਿਆ ਉਸ ਗੁਰਦੁਆਰੇ ਦੇ ਉੱਤੇ ਉਸ ਟਾਈਮ ਦੇ ਮਹੰਤ ਨਰਾਇਣ ਦਾਸ ਦਾ ਕਬਜ਼ਾ ਸੀ, ਜਿਸ ਨੇ ਉਥੇ ਬਹੁਤ ਜ਼ੁਲਮ, ਅਪਰਾਧਿਕ ਕੰਮ ਕੀਤੇ, ਮੇਰਾ ਖਿਆਲ ਹੈ ਕਿ ਜਿੰਨੇ ਉਸ ਨੇ ਮਾੜੇ ਕੰਮ ਕੀਤੇ, ਹਿਸਟਰੀ ਬਿਆਨ ਨਹੀਂ ਕੀਤੀ ਜਾ ਸਕਦੀ। 20 ਫਰਵਰੀ ਔਰ 21 ਫਰਵਰੀ ਦੀ ਸਵੇਰ ਧਾਰੋਵਾਲੀ ਪਿੰਡ ਤੋਂ ਸਰਦਾਰ ਲਛਮਣ ਸਿੰਘ ਜਥਾ ਲੈ ਕੇ ਚੱਲੇ ਤੇ 4.30 ਵਜੇ ਸਵੇਰੇ ਜਦੋਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਸੀ, ਹੁਕਮਨਾਮਾ ਲੈ ਰਹੇ ਸੀ ਤਾਂ ਉਸ ਵੇਲੇ ਮਹੰਤ ਨਰਾਇਣ ਦਾਸ ਦੇ ਗੁੰਡਿਆਂ ਨੇ ਆ ਕੇ ਹਮਲਾ ਕਰ ਦਿੱਤਾ। ਉਥੇ ਗੋਲੀਆਂ ਚੱਲੀਆਂ। ਅੱਜ ਵੀ ਤੁਸੀਂ ਜਾ ਕੇ ਦੇਖੋ ਤਾਂ ਜਿਹੜੀ ਉਥੇ ਪਾਲਕੀ ਸਾਹਿਬ ਹੈ, ਉਸ ਵਿੱਚ ਚਾਰ ਗੋਲੀਆਂ ਦੇ ਨਿਸ਼ਾਨ ਹਨ। ਉਨ੍ਹਾਂ ਦੇ ਗੋਲੀ ਲੱਗੀ। ਉਨ੍ਹਾਂ ਨੂੰ ਕੇਸਾਂ ਤੋਂ ਫੜ ਕੇ, ਧੂਹ ਕੇ ਅਤੇ ਫਿਰ ਬਾਹਰ ਜੰਡ ਦੇ ਨਾਲ ਪੁੱਠਾ ਟੰਗ ਕੇ ਜਿਊਂਦੇ ਨੂੰ ਅੱਗ ਲਗਾ ਦਿੱਤੀ ਗਈ। ਅੱਜ ਜਦੋਂ ਮਤਾ ਆਇਆ, ਮੈਂ ਵਡਾਲਾ ਸਾਹਿਬ ਦੀ ਬਹੁਤ ਇੱਜ਼ਤ ਕਰਦਾ ਹਾਂ ਪਰ ਅੱਜ ਵਡਾਲਾ ਸਾਹਿਬ, ਮੈਨੂੰ ਦੁੱਖ ਲੱਗਿਆ ਕਿ ਇੰਨੇ ਵੱਡੇ ਦੇਸ਼ ਭਗਤ, ਜਿਸ ਦੀ ਛਾਂ ਵਿੱਚ ਤੁਸੀਂ ਅਕਾਲੀ ਦਲ ਵਾਲੇ ਬੈਠੇ ਹੋ, ਜਿਹੜੀ ਸ਼੍ਰੋਮਣੀ ਕਮੇਟੀ ਦੀਆਂ ਤੁਸੀਂ ਗੱਲਾਂ ਕਰਦੇ ਹੋ, ਉਹ ਸ਼੍ਰੋਮਣੀ ਕਮੇਟੀ ਧਾਰੋਵਾਲੀ ਦੇ ਸ਼ਹੀਦਾਂ ਕਰਕੇ ਹੋਂਦ ਵਿੱਚ ਆਈ ਤਾਂ ਤੁਹਾਡਾ ਸ਼੍ਰੋਮਣੀ ਕਮੇਟੀ ਦਾ ਨਾਮ ਚੱਲਿਆ। ਮੈਂ ਮਾਣ ਨਾਲ ਕਹਿ ਸਕਦਾ ਹਾਂ ਕਿ 6 ਸ਼ਹੀਦ ਮੇਰੇ ਆਪਣੇ ਪਿੰਡ ਧਾਰੋਵਾਲੀ ਦੇ ਹਨ। ਭਾਈ ਲਛਮਣ ਸਿੰਘ ਜੀ ਉਸ ਟਾਈਮ ਜਥੇਦਾਰ ਸੀ। ਉਨ੍ਹਾਂ ਦੇ ਨਾਲ ਉਨ੍ਹਾਂ ਦੇ ਸਕੇ ਭਤੀਜੇ ਭਾਈ ਈਸ਼ਰ ਸਿੰਘ ਜੀ ਸਨ। ਸਰਦਾਰ ਅਮਰਜੀਤ ਸਿੰਘ ਐਕਸੀਅਨ ਰੁਦਰਪੁਰ ਤੋਂ ਰਿਟਾਇਰ ਹੋਏ, ਉਹ ਉਨ੍ਹਾਂ ਦਾ ਦਾਦਾ ਸੀ। ਉਸ ਦੇ ਵਿੱਚ ਭਾਈ ਮੰਗਲ ਸਿੰਘ ਸੀ, ਉਸ

ਨੂੰ ਕਿਰਪਾਨ ਬਹਾਦਰ ਕਹਿੰਦੇ ਸੀ, ਭਾਈ ਸੁੰਦਰ ਸਿੰਘ ਜੀ, ਭਾਈ ਆਤਮਾ ਸਿੰਘ ਜੀ ਅਤੇ ਦੂਸਰੇ ਭਾਈ ਈਸ਼ਰ ਸਿੰਘ ਜੀ, ਉਹ ਵੀ ਧਾਰੋਵਾਲੀ ਦੇ ਸਨ, ਉਨ੍ਹਾਂ ਨੂੰ ਛੋਟਾ ਈਸ਼ਰ ਸਿੰਘ ਕਹਿੰਦੇ ਸੀ। ਅੱਜ ਉਨ੍ਹਾਂ ਸ਼ਹੀਦਾਂ ਦੇ ਵਿੱਚ ਜੇ ਅੱਜ ਕਹੀਏ ਕਿ ਸਾਰਿਆਂ ਨੂੰ ਲੈ ਆਈਏ ਤਾਂ ਇਹ ਉਨ੍ਹਾਂ ਨਾਲ ਇਨਸਾਫ ਨਹੀਂ ਹੋਏਗਾ। ਅਸੀਂ ਜੇ ਗੁਰੂ ਦੀ ਗੱਲ ਕਰਦੇ ਹਾਂ, ਹਿਸਟਰੀ ਵਿੱਚ ਜਿਥੇ ਨੀਂਹ ਰੱਖੀ ਗਈ ਸੀ, ਜੇ ਆਜ਼ਾਦੀ ਦੀ ਨੀਂਹ ਰੱਖੀ ਗਈ ਸੀ ਤਾਂ ਉਹ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੇ ਰੱਖੀ ਸੀ, ਜਿਨ੍ਹਾਂ ਨੇ ਗੁੰਡਿਆਂ ਨੂੰ ਬਾਹਰ ਕੱਢਿਆ ਅਤੇ ਅੰਗਰੇਜ਼ ਸਰਕਾਰ ਨੂੰ ਉਸ ਸਮੇਂ ਉਨ੍ਹਾਂ ਅੱਗੇ ਝੁਕਣਾ ਪਿਆ ਸੀ। ਉਸ ਟਾਈਮ ਦੇ ਡੀ.ਸੀ. ਨੂੰ ਉਥੇ ਆਪ ਜਾਣਾ ਪਿਆ ਸੀ, ਉਥੇ ਜਾ ਕੇ ਅਰੈਸਟ ਕਰਨੀ ਪਈ ਸੀ। ਉਸ ਤੋਂ ਬਾਅਦ ਉਥੇ ਅਨਾਊਂਸ ਕੀਤਾ ਸੀ ਕਿ ਗੁਰਦੁਆਰਿਆਂ ਦਾ ਪ੍ਰਬੰਧ ਸਿੱਖ ਕੌਮ ਨੂੰ ਦਿੱਤਾ ਜਾਂਦਾ ਹੈ। 19 ਸਾਲ ਸਰਦਾਰ ਪਰਕਾਸ਼ ਸਿੰਘ ਬਾਦਲ ਪੰਜਾਬ ਦੇ ਮੁੱਖ ਮੰਤਰੀ ਰਹੇ, ਜਿਨ੍ਹਾਂ ਨੇ ਹਮੇਸ਼ਾ ਕਿਹਾ ਕਿ ਸਾਡਾ ਪੰਥਕ ਚਿਹਰਾ ਹੈ। 19 ਸਾਲਾਂ ਦੇ ਵਿੱਚ ਇੱਕ ਦਿਨ ਵੀ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਸਰਦਾਰ ਲਛਮਣ ਸਿੰਘ ਜਾਂ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਇਥੇ ਕਦੇ ਸ਼ਰਧਾਂਜਲੀ ਭੇਂਟ ਕਰਨ ਲਈ ਇੱਕ ਲਫਜ਼ ਵੀ ਇਸ ਸੀਟ ਤੋਂ ਖੜ੍ਹੇ ਹੋ ਕੇ ਨਹੀਂ ਬੋਲੇ। ਮੈਂ ਕੈਪਟਨ ਅਮਰਿੰਦਰ ਸਿੰਘ ਦਾ ਅਤੇ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਅੱਜ ਉਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਹੈ ਅਤੇ ਉਹ ਉਪਰ ਬੈਠੇ ਜ਼ਰੂਰ ਕਹਿਣਗੇ ਕਿ ਜਿਨ੍ਹਾਂ ਨੇ ਸਾਡੀ ਸ਼ਹਾਦਤ ਦੇ ਉਤੇ ਸਿੱਖ ਕੌਮ ਨੂੰ ਗੁੰਮਰਾਹ ਕੀਤਾ, ਉਨ੍ਹਾਂ ਨੇ ਤਾਂ ਕੀਤੀ ਨਹੀਂ ਅਤੇ ਇਨ੍ਹਾਂ ਨੇ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਕਹਿ ਦਿੱਤਾ। ਇਹ ਤਾਂ ਹੋਇਆ ਕਿ ਕੈਪਟਨ ਸਾਹਿਬ ਦੇ ਉਤੇ ਗੁਰੂ ਮਹਾਰਾਜ ਦੀ ਕਿਰਪਾ ਹੈ। ਫੂਲਕਾ ਸਾਹਿਬ ਸਾਹਮਣੇ ਬੈਠੇ ਹਨ। ਇਹ ਹੁਣ ਗੱਲ ਕਰ ਰਹੇ ਕਿ ਅਸੀਂ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਕੋਲੋਂ ਗੁਰਦੁਆਰੇ ਆਜ਼ਾਦ ਕਰਵਾਉਣੇ ਹਨ ਲੇਕਿਨ ਇਹ ਤਾਂ ਅਸੀਂ 1920-21 ਵਿੱਚ ਤੁਰ ਪਏ ਸੀ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸ਼੍ਰੋਮਣੀ ਕਮੇਟੀ ਤੋਂ ਨਹੀਂ ਕਰਵਾਉਣੇ।

**ਸਹਿਕਾਰਤਾ ਮੰਤਰੀ :** ਇਨ੍ਹਾਂ ਤੋਂ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ) ਗੁਰਦੁਆਰੇ ਆਜ਼ਾਦ ਕਰਵਾਉਣੇ ਹਨ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਿਆਸੀਆਂ ਤੋਂ ਕਰਵਾਉਣੇ ਹਨ, ਸ਼੍ਰੋਮਣੀ ਕਮੇਟੀ ਤੋਂ ਨਹੀਂ। ਸ਼੍ਰੋਮਣੀ ਕਮੇਟੀ ਤਾਂ ਕੰਟਰੋਲ ਵਿੱਚ ਹੀ ਰਹੇਗੀ।

**ਸਹਿਕਾਰਤਾ ਮੰਤਰੀ :** ਸਭ ਤੋਂ ਵੱਡੀ ਚੀਜ਼ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਐਸ.ਜੀ.ਪੀ.ਸੀ. ਦਾ ਕੰਟਰੋਲ ਸਾਰੇ ਗੁਰਦੁਆਰਿਆਂ ਦੇ ਉਪਰ ਹੈ । ਇਹ ਬੜੇ

ਅਫਸੋਸ ਦੀ ਗੱਲ ਹੈ ਕਿ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦਾ ਅੱਜ ਦਿਨ ਹੋਵੇ ਅਤੇ ਉਥੇ ਮੰਜੀ ਸਾਹਿਬ ਤੇ ਹੀ ਅਖੰਡ ਪਾਠ ਰੱਖ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਦੇ ਦਿੰਦੇ। ਨਾ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਅਤੇ ਨਾ ਸ਼੍ਰੋਮਣੀ ਕਮੇਟੀ ਉਸ ਬਜ਼ੁਰਗ ਦੀ ਸ਼ਹਾਦਤ ਤੇ ਆਈ, ਜਦੋਂ ਉਸ ਨੂੰ ਕਿਹਾ ਗਿਆ ਕਿ ਤੂੰ ਵਾਪਸ ਚਲਾ ਜਾ, ਪਿਛਲਾ ਝੱਬਰ ਦਾ ਜਥਾ ਅਜੇ ਪਹੁੰਚਿਆ ਨਹੀਂ ਤਾਂ ਉਸ ਨੇ ਆਖਿਆ ਕਿ ਮੈਂ ਅਰਦਾਸ ਕਰਕੇ ਨਿਕਲਿਆ ਹਾਂ, ਮੈਂ ਵਾਪਸ ਨਹੀਂ ਜਾਣਾ। ਉਥੇ ਲਾਈਨ ਮਾਰ ਦਿੱਤੀ ਕਿ ਜਿਹੜੇ ਗੁਰੂ ਦੇ ਨਾਲ ਹਨ ਉਹ ਇਧਰ ਆ ਜਾਉ ਤੇ ਜਿਹੜੇ ਗੁਰੂ ਨੂੰ ਪਿੱਠ ਦੇਣਗੇ ਉਹ ਵਾਪਸ ਚਲੇ ਜਾਉ ਤਾਂ ਸਾਰੇ ਦੇ ਸਾਰੇ ਨਾਲ ਚਲੇ ਸੀ ਕਿ ਅਸੀਂ ਜਾ ਕੇ ਉਥੇ ਸ਼ਹਾਦਤ ਦਿਆਂਗੇ। ਅੱਜ ਉਨ੍ਹਾਂ ਨੂੰ ਪਿੱਠ ਦੇਣ ਵਾਲਿਆਂ ਨਾਲ ਵੀ ਗੱਲ ਕਰਨੀ ਪਵੇਗੀ..

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ:** ਹਾਂ ਜੀ, ਫੂਲਕਾ ਜੀ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਇਹ ਰਿਕਾਰਡ ਵਿੱਚ ਗਲਤੀ ਨਾਲ ਬੋਲ ਗਏ ਹਨ ਕਿ ਸ਼੍ਰੋਮਣੀ ਕਮੇਟੀ ਤੋਂ ਅਸੀਂ ਆਜ਼ਾਦ ਕਰਵਾਉਣੇ ਹਨ, ਉਸ ਨੂੰ ਕੁਰੈਕਟ ਕੀਤਾ ਜਾਵੇ। ਸ਼੍ਰੋਮਣੀ ਕਮੇਟੀ ਨੂੰ ਆਜ਼ਾਦ ਕਰਵਾਉਣਾ, ਉਹ ਗੱਲ ਹੋਣੀ ਚਾਹੀਦੀ ਹੈ। ਸ਼੍ਰੋਮਣੀ ਕਮੇਟੀ, ਐਸ.ਜੀ.ਪੀ.ਸੀ. ਜੋ ਹੈ ਉਹ ਇੱਕ ਸਟੈਚੂਟਰੀ ਬਾਡੀ ਹਾਂ, ਸਿੱਖਾਂ ਦੀ ਬਾਡੀ ਹੈ, ਸਿੱਖ ਵੋਟ ਪਾ ਕੇ ਉਨ੍ਹਾਂ ਨੂੰ ਇਲੈਕਟ ਕਰਦੇ ਹਨ ਪਰ ਜੇ ਉਸ ਦੇ ਪ੍ਰਬੰਧ ਵਿਚ ਕੋਈ ਗਲਤ ਬੰਦਾ ਬੈਠਾ ਹੈ ਤਾਂ ਅਸੀਂ ਕਮੇਟੀ ਦੇ ਖਿਲਾਫ ਨਹੀਂ ਹਾਂ ਜੋ ਪ੍ਰਬੰਧਕ ਹੈ ਉਨ੍ਹਾਂ ਦੇ ਖਿਲਾਫ ਹਾਂ, ਉਸ ਦੀਆਂ ਕਾਨੂੰਨ ਦੇ ਮੁਤਾਬਿਕ ਚੋਣਾਂ ਹੋਣੀਆਂ ਚਾਹੀਦੀਆਂ ਹਨ। ਸੋ, ਇਸ ਨੂੰ ਕੁਰੈਕਟ ਕੀਤਾ ਜਾਵੇ। ਬਾਕੀ ਅਸੀਂ ਇਨ੍ਹਾਂ ਦੀ ਤਾਕੀਦ ਕਰਦੇ ਹਾਂ ਜੋ ਇਨ੍ਹਾਂ ਨੇ ਕਿਹਾ ਹੈ। ਇਹ ਮਤਾ ਪਾ ਕੇ ਇਥੇ ਸਰਧਾਂਜ਼ਲੀ ਹੋਣੀ ਚਾਹੀਦੀ ਹੈ।

**ਸਹਿਕਾਰਤਾ ਮੰਤਰੀ:** ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਕੁਰੈਕਸ਼ਨ ਮੇਰੀ ਕਰਵਾਈ ਹੈ ਕਿਉਂਕਿ ਇਹ ਵਕੀਲ ਹਨ, ਆਪਾਂ ਤਾਂ ਸਿੱਧਾ ਬੋਲ ਗਏ, ਕਾਨੂੰਨ ਤੁਹਾਨੂੰ ਪਤਾ ਸੀ। ਵਾਕਿਆ ਹੀ ਮਹੰਤਾਂ ਕੋਲੋਂ ਗੁਰਦੁਆਰੇ ਆਜ਼ਾਦ ਕਰਵਾਉਣ ਦੀ ਲੋੜ ਹੈ, ਮਾਡਰਨ ਮਹੰਤਾਂ ਕੋਲੋਂ । ਅੱਜ ਮੇਰਾ ਖਿਆਲ ਹੈ ਕਿ ਜਦੋਂ ਅਸੀਂ ਖੜ੍ਹੇ ਹੋ ਕੇ ਹਰ ਰੋਜ਼ ਅਰਦਾਸ ਕਰਦੇ ਹਾਂ ਕਿ ਜਿਹੜੇ

ਗੁਰਧਾਮ ਸਾਡੇ ਕੋਲੋਂ ਵਿਛੋੜੇ ਗਏ ਹਨ, ਉਨ੍ਹਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਪ੍ਰਮਾਤਮਾ ਸਾਨੂੰ ਬਖਸ਼ਿਸ਼ ਕਰੇ, ਕਰਤਾਰਪੁਰ ਸਾਹਿਬ ਮੇਰੇ ਬਿਲਕੁਲ ਸਾਹਮਣੇ ਹੈ, ਅਸੀਂ ਰੋਜ਼ ਜਾ ਕੇ ਅਰਦਾਸ ਕਰਦੇ ਹਾਂ ਕਿ ਵਾਹਿਗੁਰੂ ਸਾਨੂੰ ਉਥੇ ਜਲਦੀ ਦਰਸ਼ਨ ਕਰਵਾ। ਜੇ ਸ੍ਰੀ ਨਨਕਾਣਾ ਸਾਹਿਬ ਦੀ ਗੱਲ ਕਰਦੇ ਹਾਂ ਤਾਂ ਇਹ ਸਾਰੀਆਂ ਚੀਜ਼ਾਂ ਉਨ੍ਹਾਂ ਸ਼ਹੀਦਾਂ ਨੇ ਇਸੇ ਕਰਕੇ ਕੀਤਾ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਹੜੇ ਸ਼ਾਂਤੀ ਦਾ ਉਪਦੇਸ਼ ਦਿੱਤਾ ਤੇ ਅੱਜ ਜਦੋਂ ਅਸੀਂ ਸਾਰੇ ਘੁੰਮਦੇ ਹਾਂ ਤਾਂ ਗੁਰੂ ਨਾਨਕ ਨਾਮ ਲੇਵਾ, ਇਕ ਵਾਰੀ ਜਦੋਂ ਸਿੱਧਾ ਧਿਆਨ ਜਾਂਦਾ ਹੈ ਤਾਂ ਉਦੋਂ ਸ੍ਰੀ ਨਨਕਾਣਾ ਸਾਹਿਬ ਵਾਲੇ ਪਾਸੇ ਜਾਂਦਾ ਹੈ। ਗੁਰੂ ਕੇ ਬਾਗ ਦੀ ਗੱਲ ਕੀਤੀ, ਤੇਜੀਆਂ ਦਾ ਗੁਰਦੁਆਰਾ ਜਿਸ ਕੋਲ 1700 ਏਕੜ ਜ਼ਮੀਨ ਸੀ, ਉਸ ਨੂੰ ਕਿਸ ਨੇ ਆਜ਼ਾਦ ਕਰਵਾਉਣ ਲਈ ਕਿਹਾ, ਤੇਜਾ ਸਿੰਘ ਸੁਤੰਤਰ। ਉਸ ਦਾ ਪਹਿਲਾ ਨਾਂ ਸਮੁੰਦ ਸਿੰਘ ਸੀ, ਅਲੂਣੇ ਪਿੰਡ ਤੋਂ ਕਾਮਰੇਡ ਸਮੁੰਦ ਸਿੰਘ ਤੇ ਤੇਜੇ ਪਿੰਡ ਤੋਂ ਉਸ ਨੇ ਆਪਣਾ ਨਾਂ ਤੇਜਾ ਸਿੰਘ ਰੱਖ ਲਿਆ। ਆਜ਼ਾਦ ਤੋਂ ਉਸ ਨੇ ਸੁਤੰਤਰ ਰੱਖ ਲਿਆ। ਕਦੇ ਸ਼੍ਰੋਮਣੀ ਕਮੇਟੀ ਨੇ ਉਸ ਬਾਬੇ ਦਾ ਨਾਂ ਲਿਆ ਹੈ? ਕਦੇ ਕਿਹਾ ਹੈ ਕਿ ਤੇਜਾ ਸਿੰਘ ਸੁਤੰਤਰ ਕਿਥੋਂ ਦਾ ਸੀ? ਹੋਠੀਆਂ ਗੁਰਦੁਆਰੇ ਨੂੰ ਆਜ਼ਾਦ ਕਰਵਾਇਆ, ਇਹ ਨਾਲ ਹੀ ਬਾਜਵਾ ਸਾਹਿਬ ਹਲਕੇ ਵਿਚ ਪਿੰਡ ਹੈ, ਉਹ ਵੀ ਤੇਜਾ ਸਿੰਘ ਸੁਤੰਤਰ ਨੇ ਆਜ਼ਾਦ ਕਰਵਾਇਆ, ਗੁਰੂ ਕਾ ਬਾਗ ਆਜ਼ਾਦ ਹੋਇਆ, ਜੈਤੋ ਦੇ ਮੋਰਚੇ ਲਗੇ ਤੇ ਸਾਨੂੰ ਕਹੀ ਜਾਣਾ ਕਿ ਇਹ ਸਿੱਖਾਂ ਦੇ ਨੁਮਾਇੰਦੇ ਨਹੀਂ, ਵਾਕਿਆ ਹੀ ਸਿੱਖਾਂ ਦੇ ਤਾਂ ਨੁਮਾਇੰਦੇ ਉਸ ਦਿਨ ਬਣਾਂਗੇ, ** ** ਪੰਡਿਤ ਨਹਿਰੂ ਨੇ ਵੀ ਆ ਕੇ ਗ੍ਰਿਫਤਾਰੀ ਦਿੱਤੀ । ਸਾਨੂੰ ਕਹਿ ਦੇਣਾ ਕਿ ਇਹ ਕਾਂਗਰਸੀ ਹਨ, ਸਾਨੂੰ ਸਿੱਖ ਹੀ ਨਹੀਂ। ਕਹਿਣਾ, ਕਹਿ ਦੇਣਾ ਕਿ ਇਹ ਤਾਂ ਕਾਂਗਰਸੀ ਹਨ। ਅਸੀਂ ਪਹਿਲਾਂ ਸਿੱਖ ਹਾਂ, ਬਾਅਦ ਵਿਚ ਕਾਂਗਰਸੀ ਹਾਂ। (ਥੰਪਿੰਗ) ਮੈਂ ਪਹਿਲਾਂ ਨੈਸ਼ਲਿਸਟ ਹਾਂ, ਮੈਂ ਪਹਿਲਾਂ ਦੇਸ਼ ਵਾਸੀ ਹਾਂ, ਫਿਰ ਮੈਂ ਕਾਂਗਰਸੀ ਹਾਂ, ਫਿਰ ਮੈਂ ਸੁਖਜਿੰਦਰ ਸਿੰਘ ਹਾਂ । ਜਿਹੜਾ ਇਹ ਵੀ ਕਹੀ ਜਾਣਾ ਕਿ ਮੈਂ ਪੰਜਾਬੀ ਹਾਂ, ਮੈਂ ਹਰਿਆਣਵੀ ਹਾਂ, ਇਹ ਕਹਿਣਾ ਚਾਹੀਦਾ ਹੈ ਕਿ ਮੈਂ ਹਿੰਦੁਸਤਾਨੀ ਹਾਂ ਤਾਂ ਦੇਸ਼ ਬਚੇਗਾ। (ਥੰਪਿੰਗ) ਉਨ੍ਹਾਂ ਦੀ ਗੱਲ ਕਰ ਲਵੋ, ਹੋਰ ਗੱਲ ਕਰ ਲਵੋ ਪਰ ਪਹਿਲਾਂ ਦੇਸ਼ ਤਾਂ ਬਚਾ ਲਵੋ, ਦੇਸ਼ ਵੱਲ ਤਾਂ ਸਿੱਧੇ ਹੋ ਕੇ ਤੁਰ ਪਉ। ਸਾਨੂੰ ਤਾਂ ਗੁਰੂ ਨੇ, ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜਿਹੜੀ ਸ਼ਹਾਦਤ ਕਸ਼ਮੀਰੀ ਪੰਡਤਾਂ ਦੀ ਬੇਨਤੀ ਉਤੇ ਦਿੱਤੀ, ਉਸ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਪੰਜਾਬ ਦੀ ਚਾਦਰ ਨਹੀਂ ਕਿਹਾ ਗਿਆ, ਉਨ੍ਹਾਂ

**Expunged as ordered by the Hon'ble Speaker.

ਨੂੰ ਹਿੰਦ ਦੀ ਚਾਦਰ ਕਿਹਾ ਗਿਆ ਹੈ। ਸਾਡਾ ਗੁਰੂ ਪੰਜਾਬ ਦੀ ਚਾਦਰ ਨਹੀਂ ਬਣਿਆ, ਹਿੰਦ ਦੀ ਚਾਦਰ ਬਣਿਆ। ਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਾਰੇ ਸਾਹਿਬਜ਼ਾਦੇ ਵਾਰੇ, ਦੇਖੋ ਪੰਜ ਸਾਲ ਦੇ ਸਾਹਿਬਜ਼ਾਦੇ ਨੂੰ ਨੀਹਾਂ ਵਿਚ ਚਿਣ ਦਿੱਤਾ ਜਾਵੇ ਤੇ ਉਹ ਬਾਪ ਸੀ ਨਾ ਕਰੇ । ਜਦੋਂ ਉਨ੍ਹਾਂ ਦੀ ਸ਼ਹਾਦਤ ਸੁਣਦੇ ਹਾਂ ਤਾਂ ਰੋਣ ਆਉਂਦਾ ਹੈ ਕਿ ਸਾਡੇ ਗੁਰੂ ਨੇ ਇੰਨੀ ਵੱਡੀ ਸ਼ਹਾਦਤ ਦਿੱਤੀ, ਕੀ ਅਸੀਂ ਆਪਣੇ ਗੁਰੂ ਨਾਲ ਇਨਸਾਫ ਕਰ ਰਹੇ ਹਾਂ? ਕੀ ਉਨ੍ਹਾਂ ਦੇ ਉਪਦੇਸ਼ਾਂ ਤੇ ਅਸੀਂ ਚੱਲ ਰਹੇ ਹਾਂ? ਜੋ ਵੀ ਸਾਨੂੰ ਕਿਹਾ ਸੀ ਕਿ ਗਰੀਬ-ਗੁਰਬੇ ਦੀ ਸੇਵਾ ਕਰਨੀ ਹੈ, ਬੇਈਮਾਨਾਂ ਨਾਲ ਨਹੀਂ ਚੱਲਣਾ ਪਰ ਜਦੋਂ ਅਸੀਂ ਸਰਕਾਰ ਵਿੱਚ ਬਹਿ ਕੇ ਸਭ ਤੋਂ ਵੱਡੀ ਬੇਈਮਾਨੀ ਕਰਕੇ, ਨਸ਼ੇ ਵੇਚ ਕੇ ਆਪਣੇ ਗੁਰੂ ਦੇ ਨਾਂ ਤੇ ਪੰਥਕ ਸਰਕਾਰਾਂ ਬਣਾਉਂਦੇ ਹਾਂ, ਤਾਂ ਇਸ ਵਾਸਤੇ ਸਾਡੇ ਗੁਰੂ ਸਾਹਿਬ ਕਦੇ ਖੁਸ਼ ਨਹੀਂ ਹੋਣਗੇ। ਮੈਂ ਇਹ ਗੱਲਾਂ ਇਸ ਕਰਕੇ ਕੀਤੀਆਂ ਹਨ, ਸਾਡੇ ਪਿੰਡ ਧਾਰੋਵਾਲੀ ਵਾਲਿਆਂ ਨੂੰ ਤਿੰਨ ਥਾਂ ਜ਼ਮੀਨਾਂ ਅਲਾਟ ਹੋਈਆਂ ਸਨ, ਇਕ ਓਰੀਜ਼ੀਨਲ ਧਾਰੋਵਾਲੀ ਜਿਹੜਾ ਕਿ ਡੇਰਾ ਬਾਬਾ ਨਾਨਕ ਕੋਲ ਹੈ, ਉਥੇ ਹੋਈ। ਦੂਜਾ ਗੋਧਰਪੁਰ ਅਤੇ ਤੀਜਾ ਬੂਲੇਵਾਲ ਪਿੰਡ ਵਿੱਚ ਜ਼ਮੀਨਾਂ ਅਲਾਟ ਹੋ ਗਈਆਂ। 19 ਸਾਲ ਇਸ ਵਿਚੋਂ ਇਕੱਲੇ ਬਾਦਲ ਸਾਹਿਬ ਦੇ ਹਨ, ਉਸ ਵਿੱਚ ਲਛਮਣ ਸਿੰਘ ਹੋਰਾਂ ਦਾ ਨਾਂ ਵੀ ਆਉਂਦਾ ਹੈ, ਗੁਰਨਾਮ ਸਿੰਘ ਦਾ ਵੀ ਆਉਂਦਾ ਹੈ, ਬਰਨਾਲਾ ਸਾਹਿਬ ਵੀ ਆਉਂਦੇ ਹਨ, ਇਨ੍ਹਾਂ ਦੇ 23-24 ਸਾਲਾਂ ਦੀ ਸਰਕਾਰ ਵਿੱਚ ਸਾਡੇ ਇਨ੍ਹਾਂ ਤਿੰਨ ਪਿੰਡਾਂ ਵਿੱਚ ਕਿਸੇ ਬਾਬੇ ਨੂੰ ਸ਼ਰਧਾਂਜਲੀ ਦੇਣ ਲਈ ਇਕ ਰੁਪਿਆ ਵੀ ਇੱਟ ਲਾਉਣ ਲਈ ਨਹੀਂ ਦਿੱਤਾ। 1972 ਵਿੱਚ ਮੇਰੇ ਫਾਦਰ ਮਨਿਸਟਰ ਬਣੇ। ਸਭ ਤੋਂ ਪਹਿਲਾਂ ਇਨ੍ਹਾਂ ਦੇ ਜਿਹੜਾ ਨੇੜੇ ਦਾ ਪਰਿਵਾਰ ਸੀ, ਉਹ ਮੁੰਡਾ ਅੱਜ ਕੱਲ੍ਹ ਅੰਮ੍ਰਿਤਸਰ ਰੂਰਲ ਦਾ ਐਸ.ਪੀ. ਵੀ ਹੈ, ਗੋਧਰਪੁਰ ਦੇ ਪਿੰਡ ਵਿੱਚ ਜਾ ਕੇ ਸਰਦਾਰ ਲਛਮਣ ਸਿੰਘ ਧਾਰੋਵਾਲੀ ਦੀ ਯਾਦਗਾਰ ਬਣਾਈ। ਸਾਰੇ ਪਿੰਡ ਵਿੱਚ ਡਿਵੈਲਪਮੈਂਟ ਕੀਤੀ, ਬੂਲੇਵਾਲ ਪਿੰਡ ਦੀ ਡਿਵੈਲਪਮੈਂਟ ਕੀਤੀ । ਮੈਂ ਅੱਜ ਕੈਪਟਨ ਸਾਹਿਬ ਨੂੰ ਕਿਹਾ ਕਿ ਸਰਦਾਰ ਲਛਮਣ ਸਿੰਘ ਦਾ ਦਿਨ ਆਉਣ ਵਾਲਾ ਹੈ, 1.10 ਕਰੋੜ ਰੁਪਿਆ ਉਨ੍ਹਾਂ ਦੇ ਨਾਂ ਤੇ ਸਕੂਲ ਵਾਸਤੇ ਦਿੱਤਾ ਹੈ।(ਥੰਪਿੰਗ) ਪੂਰੇ ਪਿੰਡ ਦੀ ਡਿਵੈਲਪਮੈਂਟ ਲਈ 80 ਲੱਖ ਰੁਪਿਆ ਦਿੱਤਾ ਹੈ। ਪੰਥ ਦੇ ਰਖਵਾਲਿਓ।(ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਬੈਂਚਿਜ਼ ਵੱਲ ਇਸ਼ਾਰਾ) ਕੀ ਕਦੀ ਤੁਸੀਂ ਵੀ ਦਿੱਤਾ ਹੈ?

ਮੈਂ ਤੁਹਾਨੂੰ ਇੱਕ ਗੱਲ ਹੋਰ ਦੱਸਣ ਲੱਗਿਆ ਹਾਂ ਕਿ ਜਿਹੜਾ ਡੇਰਾ ਬਾਬਾ ਨਾਨਕ ਦਾ ਗੁਰਦੁਆਰਾ ਸਾਹਿਬ ਹੈ, ਸਾਡੇ ਉਥੇ ਇਕ ਬਾਪੂ ਨੱਥੂ ਸਿੰਘ ਹੋਏ

ਹਨ, ਕਿਲਾ ਨੱਥੂ ਸਿੰਘ ਉਨ੍ਹਾਂ ਦੇ ਨਾਂ ਤੇ ਬਣ ਗਿਆ। ਫੂਲਕਾ ਸਾਹਿਬ, ਉਨ੍ਹਾਂ ਕੋਲ 1200 ਕਿੱਲਾ ਜ਼ਮੀਨ ਸੀ ਅਤੇ ਬੱਚਾ ਕੋਈ ਨਹੀਂ ਸੀ। ਉਨ੍ਹਾਂ ਨੇ 600 ਕਿੱਲਾ ਆਪਣੇ ਪਿੰਡ ਨੂੰ ਦਾਨ ਦੇ ਦਿੱਤੀ, ਸਾਰੇ ਪਿੰਡ ਦੇ ਨਾਂ ਉਹ ਜ਼ਮੀਨ ਲੁਆ ਦਿੱਤੀ ਅਤੇ 600 ਕਿੱਲਾ ਗੁਰਦੁਆਰਾ ਸਾਹਿਬ ਦੇ ਨਾਂ ਲੁਆ ਦਿੱਤਾ। ਅੱਜ ਤੱਕ ਉਸ ਬਾਬੇ ਦੇ ਨਾਂ ਤੇ ਇਕ ਇੱਟ ਨਹੀਂ ਲੱਗੀ ਅਤੇ ਨਾ ਹੀ ਕਿਤੇ ਉਸ ਦਾ ਨਾਂ ਲਿਖਿਆ ਗਿਆ ਹੈ। ਨਾ ਡੇਰਾ ਬਾਬਾ ਨਾਨਕ ਗੁਰਦੁਆਰੇ ਤੇ ਲਿਖਿਆ ਗਿਆ ਹੈ ਅਤੇ ਨਾ ਕਦੀ ਸ਼੍ਰੋਮਣੀ ਕਮੇਟੀ ਨੇ ਉਸ ਦਾ ਦਿਨ ਮਨਾਇਆ ਅਤੇ ਨਾ ਹੀ ਕਦੇ ਇਸ ਬਾਰੇ ਗੱਲ ਕੀਤੀ। ਹੁਣ ਮੈਂ ਕੈਪਟਨ ਸਾਹਿਬ ਨੂੰ ਆਖਿਆ ਕਿ ਉਸ ਬਾਬੇ ਦੇ ਨਾਂ ਤੇ ਕੁਝ ਕਰ ਦੇਈਏ। ਹੁਣ ਉਸ ਪਿੰਡ ਵਿੱਚ ਬਾਪੂ ਨੱਥੂ ਸਿੰਘ ਦੇ ਨਾਂ ਤੇ ਮਾਰਗ ਰੱਖਿਆ ਅਤੇ ਪਿੰਡ ਦੇ ਸਕੂਲ ਦਾ ਨਾਂ ਅਤੇ ਉਥੋਂ ਦੇ ਗੇਟ ਦਾ ਨਾਂ ਉਸ ਦੇ ਨਾਂ ਤੇ ਰੱਖਿਆ ਗਿਆ ਹੈ। ਹੁਣ ਦੱਸੋ, ਅਸੀਂ ਗੁਰੂ ਨੂੰ ਮੰਨਦੇ ਹਾਂ ਜਾਂ ਉਹ ਮੰਨਦੇ ਸਨ। ਅਸੀਂ ਸ਼ਰਧਾ ਨਾਲ ਚੜ੍ਹਾਉਂਦੇ ਹਾਂ ਅਤੇ ਇਹ ਸ਼ਰਧਾ ਨਾਲ ਮੰਨਦੇ ਹਾਂ ਸੋ, ਅੱਜ ਜਿਹੜਾ ਮਤਾ ਲੈ ਕੇ ਆਏ ਹਨ, ਮੈਂ ਇਹ ਵੀ ਚਾਹੁੰਦਾ ਹਾਂ ਕਿ ਇਸ ਮਤੇ ਦੇ ਨਾਲ ਨਾਲ ਇੱਥੇ ਸ਼ਰਧਾ ਵਾਸਤੇ ਦੋ ਮਿੰਟ ਦਾ ਮੋਨ ਵੀ ਰੱਖਣਾ ਚਾਹੀਦਾ ਹੈ ਤਾਂ ਕਿ ਸਾਡੀ ਆਉਣ ਵਾਲੀ ਜੈਨਰੇਸ਼ਨ ਨੂੰ ਪਤਾ ਲੱਗੇ ਕਿ ਜਦੋਂ ਗੁਰੂ ਸਾਹਿਬ ਨੰਦੇੜ ਚਲੇ ਗਏ ਅਤੇ ਉਥੋਂ ਬੰਦਾ ਬੈਰਾਗੀ ਆਇਆ, ਉਸ ਨੇ ਆ ਕੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਜਿਸ ਵੇਲੇ ਗ੍ਰਿਫਤਾਰ ਕੀਤਾ ਗਿਆ ਤਾਂ ਇਕ ਦਿਨ ਵਾਸਤੇ ਕਲਾਨੌਰ ਵੀ ਰੱਖਿਆ ਗਿਆ। ਮੈਂ ਸਿੱਧੂ ਸਾਹਿਬ ਨੂੰ (ਸਥਾਨਕ ਸਰਕਾਰ ਮੰਤਰੀ, ਸਰਦਾਰ ਨਵਜੋਤ ਸਿੰਘ ਸਿੱਧੂ) ਮੁਬਾਰਕਬਾਦ ਦਿੰਦਾ ਹਾਂ ਕਿ ਇਨ੍ਹਾਂ ਨੇ ਕਲਾਨੌਰ, ਜਿੱਥੇ ਅਕਬਰ ਦੀ ਤਾਜਪੋਸ਼ੀ ਹੋਈ, ਬਾਬਾ ਬੰਦਾ ਸਿੰਘ ਬਹਾਦਰ ਦੇ ਸਥਾਨ ਅਤੇ ਨਾਲ ਹੀ ਸਥਿਤ ਸ਼ਿਵ ਮੰਦਿਰ, ਇਨ੍ਹਾਂ ਤਿੰਨਾਂ ਸਥਾਨਾਂ ਲਈ 6 ਕਰੋੜ ਅਲਾਟ ਕਰ ਦਿੱਤਾ ਗਿਆ ਹੈ।(ਥੰਪਿੰਗ)

ਅਗਲੀ ਬੇਨਤੀ ਮੈਂ ਇਹ ਕਰਨੀ ਚਾਹੁੰਦਾ ਹਾਂ, ਇਹ ਨਹੀਂ ਕਿ ਮੈਂ ਉੱਠ ਕੇ ਕਹਾਂ ਕਿ ਇਹ ਸ਼ਹੀਦ ਮੇਰੇ ਪਿੰਡ ਦੇ ਹਨ, ਇਹ ਸ਼ਹੀਦ ਸਾਰੀ ਕੌਮ ਦੇ ਅਤੇ ਪੂਰੇ ਦੇਸ਼ ਦੇ ਹੁੰਦੇ ਹਨ। ਸਾਨੂੰ ਅੱਜ ਉਨ੍ਹਾਂ ਸ਼ਹੀਦਾਂ ਨੂੰ, ਮੇਰਾ ਖਿਆਲ ਹੈ ਕਿ ਜਿਹੜੇ ਮੇਰੇ ਪਿੰਡ ਦੇ ਛੇ ਦੇ ਛੇ ਸ਼ਹੀਦ ਹਨ, ਜੇ ਕਿਤੇ ਅੱਜ ਉਨ੍ਹਾਂ ਦੀ ਇਨਕੁਆਰੀ ਕਰ ਲਵੋ ਤਾਂ ਛੇ ਦੇ ਛੇ ਸਭ ਤੋਂ ਵੱਡੇ ਕਾਂਗਰਸੀ ਪਰਿਵਾਰ ਉਹ ਹਨ। (ਥੰਪਿੰਗ) ਕੀ ਗੱਲ ਮੈਂ ਸਿੱਖ ਨਹੀਂ? ਕੀ ਮੇਰੇ ਉਹ ਪਰਿਵਾਰ ਸਿੱਖ ਨਹੀਂ ਹਨ? ਕੀ ਸਾਨੂੰ ਇਹ ਸਰਟੀਫਿਕੇਟ ਲੈਣ ਵਾਸਤੇ ਵੀ ਕਿਤੇ ਜਾਣਾ ਪਵੇਗਾ?

[ਸਹਿਕਾਰਤਾ ਮੰਤਰੀ]

ਅਸੀਂ ਜੇ ਅੰਮ੍ਰਿਤ ਛਕਦੇ ਹਾਂ ਤਾਂ ਸਾਡੇ ਤੇ ਉਂਗਲਾਂ ਉਠਦੀਆਂ ਹਨ, ਕਹਿੰਦੇ ਹਨ ਕਿ ਤੁਸੀਂ ਇਹ ਕਿਹਾ। ਜਦੋਂ 1919 ਦਾ ਸਾਕਾ ਹੋਇਆ, ਉਨ੍ਹਾਂ ਚੀਜ਼ਾਂ ਨੂੰ ਵੀ ਵੇਖੀਏ ਕਿ ਉਦੋਂ ਜਨਰਲ ਡਾਇਰ ਨੂੰ ਸਿਰੋਪੇ ਕਿਨ੍ਹਾਂ ਨੇ ਦਿੱਤੇ? ਇਨ੍ਹਾਂ ਗੱਲਾਂ ਸਬੰਧੀ ਹੁਣ ਕਿਸੇ ਦਿਨ ਡਿਬੇਟ ਕਰਵਾਵਾਂਗੇ ਔਰ ਮੰਗ ਰੱਖਾਂਗੇ ਕਿ ਅਸੀਂ ਵੀ ਰਿਕਾਰਡ ਲੈ ਕੇ ਆਵਾਂਗੇ, ਇੱਥੇ ਇਸ ਹਾਊਸ ਦੇ ਵਿੱਚ ਫੈਸਲਾ ਕਰਾਂਗੇ ਕਿ ਦੇਸ਼ ਭਗਤ ਕੌਣ ਹਨ ਅਤੇ ਦੇਸ਼ ਧਰੋਹੀ ਕੌਣ ਹਨ। ਮੈਂ ਇਹ ਗੱਲ ਦੁਖੀ ਹੋ ਕੇ ਕੀਤੀ ਹੈ, ਅਦਰਵਾਈਜ਼ ਮੈਂ ਬੋਲਣਾ ਨਹੀਂ ਸੀ, ਜਦੋਂ ਸਾਰਿਆਂ ਨੇ ਕਿਹਾ ਕਿ ਇਸ ਨੂੰ ਵੀ ਵਿੱਚ ਲਗਾ ਦਿਉ, ਇਸ ਨੂੰ ਵੀ ਲਗਾ ਦਿਉ। ਮੈਂ ਵੀ ਆਪਣੇ ਬਾਬੇ ਦੇ ਨਾਲ ਖੜ੍ਹਿਆਂ ਹਾਂ (ਛਾਤੀ ਠੋਕ ਕੇ ਬੋਲਦੇ ਹੋਏ), ਜੇ ਮੇਰੇ ਵਿਚ ਉਸ ਦਾ ਖ਼ੂਨ ਹੈ, ਮੈਂ ਵੀ ਗੁਰਦੁਆਰਿਆਂ ਦੀ ਆਜ਼ਾਦੀ ਵਾਸਤੇ ਖੜ੍ਹਾ ਹਾਂ। ਇਨ੍ਹਾਂ ਕੋਲੋਂ ਜਿਨ੍ਹਾਂ ਨੇ ਗੁਰਦੁਆਰਿਆਂ ਨੂੰ ਲੁੱਟਿਆ ਹੈ ਅਤੇ ਮਾਡਰਨ ਮਹੰਤਾਂ ਕੋਲੋਂ ਗੁਰਦੁਆਰਿਆਂ ਨੂੰ ਆਜ਼ਾਦ ਕਰਵਾਉਣ ਲਈ ਜਿਹੜਾ ਆਪਾਂ ਨੇ ਮਤਾ ਪਾਇਆ ਹੈ। ਹੁਣ ਮੈਂ ਬੇਨਤੀ ਕਰਦਾ ਹਾਂ ਕਿ ਆਪਾਂ ਸਾਰੇ ਖੜ੍ਹੇ ਹੋ ਕੇ ਦੋ ਮਿੰਟ ਲਈ ਉਨ੍ਹਾਂ ਸ਼ਹੀਦਾਂ ਦੀ ਯਾਦ ਵਿੱਚ ਮੌਨ ਧਾਰਨ ਕਰੀਏ।

**ਸਰਦਾਰ ਹਰਦੇਵ ਸਿੰਘ ਲਾਡੀ (ਸ਼ਾਹਕੋਟ) :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਆਪਾਂ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੀ 550 ਸਾਲਾ ਸ਼ਤਾਬਦੀ ਇਸੇ ਸਾਲ 12 ਨਵੰਬਰ ਨੂੰ ਮਨਾਉਣ ਜਾ ਰਹੇ ਹਾਂ। ਮੇਰਾ ਪਿੰਡ ਮਲਸੀਆਂ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਹਿਲੇ ਸਿੱਖ ਭਾਈ ਭਗੀਰਥ ਜੀ ਹੋਏ ਹਨ, ਉਹ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਲਈ ਸਵੇਰੇ ਇੱਥੋਂ ਦਾਤਣ ਲੈ ਕੇ ਸ੍ਰੀ ਗੁਰਦੁਆਰਾ ਬੇਰ ਸਾਹਿਬ, ਸੁਲਤਾਨਪੁਰ ਰੋਜ਼ ਜਾਂਦੇ ਸੀ। ਮੈਂ ਇਸ ਸਬੰਧ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਗੱਲ ਕੀਤੀ ਕਿ ਅਸੀਂ 550 ਸਾਲਾ ਸ਼ਤਾਬਦੀ ਮਨਾ ਰਹੇ ਹਾਂ ਅਤੇ ਸਾਡਾ ਇਹ ਪਿੰਡ ਵੀ ਇਨ੍ਹਾਂ ਸਮਾਰੋਹਾਂ ਲਈ ਉਸ ਵਿੱਚ ਅਡਾਪਟ ਹੋਣਾ ਚਾਹੀਦਾ ਹੈ ਪ੍ਰੰਤੂ ਸ਼੍ਰੋਮਣੀ ਕਮੇਟੀ ਨੇ ਇਸ ਦਾ ਜ਼ਿਕਰ ਹੀ ਨਹੀਂ ਕੀਤਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਹਿਲੇ ਸਿੱਖ ਭਾਈ ਭਗੀਰਥ ਜੀ ਹੋਏ ਹਨ। ਉਨ੍ਹਾਂ ਦਾ ਨਾਮ ਕਿਤੇ ਮੈਨਸ਼ਨ ਹੀ ਨਹੀਂ ਕੀਤਾ ਗਿਆ, ਮੈਂ ਇਸ ਵਿੱਚ ਸ਼੍ਰੋਮਣੀ ਕਮੇਟੀ ਦੀ ਬਹੁਤ ਵੱਡੀ ਨਿਖੇਧੀ ਕਰਦਾ ਹਾਂ। ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ 550 ਸਾਲਾ ਸ਼ਤਾਬਦੀ ਸਮਾਰੋਹਾਂ ਵਿੱਚ ਇਸ ਭਾਈ ਭਗੀਰਥ ਜੀ ਦੇ ਮਲਸੀਆਂ ਨਗਰ ਨੂੰ ਵੀ, ਜੋ ਕਿ ਗੁਰੂ ਨਾਨਕ ਦੇਵ ਜੀ ਦੇ ਪਹਿਲੇ ਸਿੱਖ ਹੋਏ ਹਨ, ਉਸ ਮਲਸੀਆਂ ਨਗਰ ਨੂੰ ਵੀ ਅਡਾਪਟ ਕੀਤਾ ਜਾਵੇ, ਮੇਰੀ ਇਹ ਹਾਊਸ ਵਿੱਚ ਬੇਨਤੀ ਹੈ।

**ਸਰਦਾਰ ਜੈ ਕ੍ਰਿਸ਼ਨ ਸਿੰਘ (ਗੜ੍ਹਸ਼ੰਕਰ) :** ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਹੈ ਜੀ। ਅੱਜ ਨਨਕਾਣਾ ਸਾਹਿਬ ਜੀ ਦੇ ਸ਼ਹੀਦਾਂ ਦੇ ਸਨਮਾਨ ਵਿੱਚ ਮਤਾ ਲੈ ਕੇ ਆਏ ਹਾਂ। ਉਸ ਸਮੇਂ ਗੁਰਦੁਆਰਾ ਸਾਹਿਬ ਨੂੰ ਆਜ਼ਾਦ ਕਰਵਾਉਣ ਲਈ ਜਿਹੜੀ ਸਿੱਖ ਸੰਗਤ ਜਾਂਦੀ ਸੀ, ਉਹ ਸ਼ਹੀਦ ਹੋਈ। ਅੱਜ ਜੇ ਆਪਾਂ ਦੇਖੀਏ ਤਾਂ ਮੇਰੇ ਤੋਂ ਪਹਿਲਾਂ ਮੇਰੇ ਵੀਰ ਅੰਗਦ ਜੀ ਨਵਾਂ ਸ਼ਹਿਰ, ਉਹ ਵੀ ਬੋਲ ਕੇ ਹਟੇ ਹਨ ਕਿ ਦੁਆਬੇ ਨਾਲ ਵੱਖ-ਵੱਖ ਢੰਗਾਂ ਨਾਲ ਧੱਕਾ ਕੀਤਾ ਗਿਆ ਹੈ। ਰਾਣਾ ਗੁਰਜੀਤ ਸਿੰਘ ਜੀ ਨੇ ਵੀ ਇਕ ਦਿਨ ਇਸੇ ਸਦਨ ਵਿੱਚ ਬੋਲਿਆ ਕਿ ਦੁਆਬੇ ਦੀਆਂ ਜੋ ਸੜਕਾਂ ਹਨ, ਉਨ੍ਹਾਂ ਦੀ ਕੀ ਹਾਲਤ ਹੈ।

**ਮਾਨਯੋਗ ਸਪੀਕਰ:** ਸੜਕਾਂ ਦੀ ਗੱਲ ਆਪਾਂ ਰੋਜ਼ ਕਰਦੇ ਹਾਂ, ਮਤੇ ਤੇ ਬੋਲੋ ਜੀ।

**ਸਰਦਾਰ ਜੈ ਕ੍ਰਿਸ਼ਨ ਸਿੰਘ:** ਸਪੀਕਰ ਸਾਹਿਬ, ਮੈਂ ਮਤੇ ਤੇ ਆ ਰਿਹਾ ਹਾਂ ਜੀ। ਸਾਡੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਹੈ। ਸਰ, ਮੇਰਾ ਜਨਮ 1983 ਵਿੱਚ ਹੋਇਆ। ਮੇਰੀ ਉਮਰ 36 ਸਾਲ ਦੀ ਹੈ। ਮੈਂ ਲਗਭਗ ਨੌਂ ਕੁ ਸਾਲਾਂ ਬਾਅਦ ਸਾਲ 1992 ਤੋਂ ਹੋਸ਼ ਸੰਭਾਲੀ ਹੈ। ਅੱਜ ਤੱਕ 27 ਸਾਲ ਹੋਏ ਹਨ, ਇਨ੍ਹਾਂ 27 ਸਾਲਾਂ ਵਿੱਚ 12 ਸਾਲ ਕਾਂਗਰਸ ਨੂੰ ਮਿਲੇ ਅਤੇ 15 ਸਾਲ ਅਕਾਲੀ ਦਲ ਨੂੰ ਮਿਲੇ ਹਨ । ਅੱਜ ਹਰ ਸਾਲ ਹੋਲੇ ਮੁਹੱਲੇ ਦੇ ਮੌਕੇ ਅਤੇ ਵਿਸਾਖੀ ਦੇ ਮੌਕੇ ਤੇ ਪੂਰੇ ਮਾਝੇ, ਪੂਰੇ ਮਾਲਵੇ ਅਤੇ ਪੂਰੇ ਦੁਆਬੇ ਤੋਂ ਜਾਣ ਲਈ ਇੱਕੋ ਹੀ ਸੜਕ ਹੈ ਜਿਹੜੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਨੂੰ ਜਾਂਦੀ ਹੈ। ਇਨ੍ਹਾਂ 27 ਸਾਲਾਂ ਵਿੱਚ ਮੈਂ ਆਪਣੇ ਇਨ੍ਹਾਂ ਹੱਥਾਂ ਦੇ ਨਾਲ, ਸਿੱਖ ਸੰਗਤ ਨਾਲ ਰਲ਼ ਕੇ ਹਜ਼ਾਰਾਂ ਹੀ ਜਿਹੜੇ ਨੌਜਵਾਨ ਜੋ ਉਥੇ ਮੱਥਾ ਟੇਕਣ ਲਈ ਜਾਂਦੇ ਹਨ, ਮੈਂ ਸਮਝਦਾ ਹਾਂ ਕਿ ਉਹ ਸੜਕਾਂ ਤੇ ਸ਼ਹੀਦ ਹੋਏ ਹਨ। ਉਹ ਮੱਥਾ ਟੇਕਣ ਆਉਂਦੇ ਹਨ ਪ੍ਰੰਤੂ ਸੜਕਾਂ ਟੁੱਟੀਆਂ ਹੋਈਆਂ ਹੋਣ ਕਾਰਨ ਉਨ੍ਹਾਂ ਦੀ ਮੌਤ ਹੋ ਜਾਂਦੀ ਹੈ। ਉਥੇ ਹਰ ਸਾਲ ਐਕਸੀਡੈਂਟਸ ਹੁੰਦੇ ਹਨ। ਕੀ ਅਸੀਂ ਉਨ੍ਹਾਂ ਨੂੰ ਸ਼ਹੀਦ ਨਹੀਂ ਮੰਨਾਂਗੇ ਜੀ, ਜਿਹੜਾ ਆਪਣੇ ਘਰ ਤੋਂ ਗੁਰਦੁਆਰੇ ਲਈ ਨਤਮਸਤਕ ਹੋਣ ਲਈ ਪਹੁੰਚਦਾ ਹੈ ?ਪਰ ਮੈਂ ਅਫਸੋਸ ਨਾਲ ਕਹਿੰਦਾ ਹਾਂ ਕਿ ਜਿੱਥੇ ਆਰਬਿੱਟ ਬੱਸਾਂ ਚੱਲਦੀਆਂ ਹਨ, ਉਹ ਸਾਰੀਆਂ ਸੜਕਾਂ ਬਣੀਆਂ ਹਨ ਪਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੀ ਸੜਕ ਮੈਂ ਅੱਜ ਤੱਕ ਬਣੀ ਹੋਈ ਨਹੀਂ ਦੇਖੀ ਹੈ।

**ਮਾਨਯੋਗ ਸਪੀਕਰ :** ਮੈਨੂੰ ਅਫਸੋਸ ਹੈ, ਇੰਨਾ ਅਫਸੋਸ ਹੈ ਕਿ ਇੰਨਾ ਸੰਜੀਦਾ ਮਾਮਲਾ ਹੈ। ਇੱਕ ਮਿੰਟ ਸਾਰੇ ਬੈਠੋ। ਰੰਧਾਵਾ ਜੀ ਇੱਕ ਮਿੰਟ । ਤੁਹਾਨੂੰ ਵੀ ਪਤਾ ਹੈ ਤੇ ਮੈਨੂੰ ਵੀ ਪਤਾ ਹੈ ਕਿ ਹੁਣ ਸੜਕ ਦਾ ਟੈਂਡਰ ਲੱਗ ਚੁੱਕਿਆ ਹੈ, ਕੰਮ ਅਲਾਟ ਹੋ ਚੁੱਕਿਆ ਹੈ। ਹੁਣ ਜਿੰਨੇ ਐਕਸੀਡੈਂਟ ਵਾਲੇ ਹਨ, ਕੀ ਇਸ ਦੇ ਵਿੱਚ ਉਨ੍ਹਾਂ ਨੂੰ ਸ਼ਹੀਦ ਕਰਾਰ ਦੇ ਦੇਈਏ ? ਕੀ ਉਨ੍ਹਾਂ ਨੂੰ ਸ਼ਹੀਦ ਕਰਾਰ ਦੇਈਏ? (ਵਿਘਨ) ਕੀ ਉਨ੍ਹਾਂ ਨੂੰ ਸ਼ਹੀਦ ਕਰਾਰ ਦੇਈਏ? ਐਸਾ ਨਹੀਂ ਹੋ ਸਕਦਾ ਹੈ। ਤੁਸੀਂ ਇਸ ਦੇ ਵਿੱਚ ਸੜਕ ਦੀ ਗੱਲ ਨਾ ਕਰੋ। ਤੁਸੀਂ ਇਸ ਦੇ ਵਿੱਚ ਸੜਕ ਦੀ ਗੱਲ ਨਾ ਕਰੋ ।(ਵਿਘਨ) ਹਾਂ ਜੀ, ਬੈਂਸ ਸਾਹਿਬ, ਤੁਸੀਂ ਦੱਸੋ? ਤੁਸੀਂ ਇਸ ਦੇ ਵਿੱਚ ਸੜਕਾਂ ਲੈ ਕੇ ਬੈਠ ਗਏ। ਹਾਂ ਜੀ, ਬੈਂਸ ਸਾਹਿਬ ਜੀ।

**ਸਰਦਾਰ ਬਲਵਿੰਦਰ ਸਿੰਘ ਬੈਂਸ (ਲੁਧਿਆਣਾ ਦੱਖਣੀ) :** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੜੇ ਗੌਰਵਮਈ ਵਿਰਸੇ ਤੇ ਬੋਲਣ ਲਈ ਮੌਕਾ ਦਿੱਤਾ ਹੈ। ਮੈਂ ਆਪਣੇ ਸਾਥੀਆਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸ਼ਹੀਦ, ਕੌਮ ਦੇ ਸ਼ਹੀਦ ਹੁੰਦੇ ਹਨ। ਸ਼ਹੀਦ, ਦੇਸ਼ ਦੇ ਸ਼ਹੀਦ ਹੁੰਦੇ ਹਨ। ਜੇ ਤੁਸੀਂ ਹਰੇਕ ਸੱਜਣ ਨੂੰ ਕਹੋਗੇ ਕਿ ਇਸ ਨੂੰ ਵੀ ਸ਼ਹੀਦਾਂ ਦੀ ਲਾਈਨ ਵਿੱਚ ਲਗਾ ਦਿਓ, ਇਸ ਨੂੰ ਲਗਾ ਦਿਓ, ਐਕਸੀਡੈਂਟ ਵਾਲੇ ਨੂੰ ਵੀ ਲਗਾ ਦਿਓ, ਕਿਸੇ ਨੂੰ ਗਾਂ ਨੇ ਸਿੰਙ ਮਾਰਿਆ, ਉਸ ਨੂੰ ਵੀ ਸ਼ਹੀਦਾਂ ਵਿੱਚ ਲਗਾ ਦਿਓ। ਕਿਰਪਾ ਕਰੋ, ਪੰਜਾਬ ਵਿੱਚ ਸ਼ਹੀਦਾਂ ਦੀ ਵਿਲੱਖਣ ਸ਼ਖਸੀਅਤ ਹੈ ਕਿਉਂਕਿ ਹਰ ਇੱਕ ਪੰਨਾ ਅੱਗਿਉਂ ਵੀ ਤੇ ਪਿੱਛੋਂ ਵੀ ਸ਼ਹਾਦਤ ਨਾਲ ਰੰਗਿਆ ਹੋਇਆ ਹੈ। ਮੈਂ ਸਮਝਦਾ ਹਾਂ ਕਿ ਕਿਰਪਾ ਕਰੋ, ਉਨ੍ਹਾਂ ਸ਼ਹਾਦਤਾਂ ਨੂੰ ਕਿਸੇ ਹੋਰ ਨਾਲ ਤੁਲਨਾ ਕਰਨ ਦੀ ਕੁਤਾਹੀ ਨਾ ਕੀਤੀ ਜਾਵੇ। ਮੈਂ ਜਿੱਥੇ ਸ਼ਹੀਦਾਂ ਨੂੰ ਸਿਜਦਾ ਕਰਦਾ ਹਾਂ। ਉਥੇ ਮਤੇ ਦੀ ਹਮਾਇਤ ਕਰਦਾ ਹਾਂ ਅਤੇ ਬੇਨਤੀ ਵੀ ਕਰਦਾ ਹਾਂ ਕਿ ਕਿਤੇ ਨਾ ਕਿਤੇ 99 ਤੇ 100 ਸਾਲ ਵਾਲੀ ਪ੍ਰਥਾ ਨੂੰ ਥੱਲੇ ਵੀ ਲੈ ਆਈਏ। ਮੇਰੇ ਸਾਥੀ ਵਡਾਲਾ ਸਾਹਿਬ ਬੋਲ ਕੇ ਗਏ ਹਨ। ਇਨ੍ਹਾਂ ਦੇ ਪਿਤਾ ਜੀ ਵਿੱਚ ਗੁਣ ਸਨ, ਮੈਂ ਉਨ੍ਹਾਂ ਦਾ ਸਤਿਕਾਰ ਕਰਦਾ ਹਾਂ। ਉਹ ਸੱਚ ਨੂੰ ਸੱਚ ਕਹਿੰਦੇ ਸਨ ਮੈਂ ਉਨ੍ਹਾਂ ਦਾ ਸਤਿਕਾਰ ਕਰਦਾ ਹਾਂ। ਉਹ ਰਾਜਨੀਤੀ ਤੋਂ ਪਾਸੇ ਹੱਟ ਕੇ ਕੌਮ ਲਈ ਬਹੁਤ ਕੁਝ ਕਹਿੰਦੇ ਸਨ, ਮੈਂ ਉਨ੍ਹਾਂ ਦਾ ਸਤਿਕਾਰ ਕਰਦਾ ਹਾਂ। ਰੰਧਾਵਾ ਸਾਹਿਬ, ਤੁਸੀਂ ਇਨ੍ਹਾਂ ਤੇ 100 ਮਣ ਪਾਣੀ ਪਾ ਦਿਓ ਇਨ੍ਹਾਂ ਨੇ ਉਸ ਗੱਲ ਨੂੰ ਨਹੀਂ ਮੰਨਣਾ ਕਿ ਬਰਗਾੜੀ ਦੀ ਗੱਲ, ਇਨ੍ਹਾਂ ਨੇ ਨਹੀਂ ਉਸ ਗੱਲ ਨੂੰ ਮੰਨਣਾ ਕਿ ਕੋਟਕਪੂਰੇ ਦੀ ਗੱਲ, ਬਹਿਬਲ ਕਲਾਂ ਦੀ ਗੱਲ, ਮੈਂ ਹੱਥ ਜੋੜ ਕੇ ਬੇਨਤੀ ਕਰਾਂ, ਗੁਰੂ ਬੜਾ ਬਖਸ਼ਿੰਦ ਹੈ ਜੇ ਆਪਾਂ ਆਪ ਜਿਊਂਦੇ ਜਿਊਂਦੇ ਮੁਆਫੀ ਮੰਗ ਲਈਏ। ਤੁਸੀਂ

ਨਹੀਂ ਮੰਨੋਗੇ, ਕੋਈ ਗੱਲ ਨਹੀਂ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ)। ਤੁਸੀਂ ਹਮਾਇਤ ਕਰੋਗੇ, ਗੁਰੂ ਸਾਹਿਬ ਦੇ ਕਾਤਲਾਂ ਦੀ, ਸਿੰਘਾਂ ਦੇ ਕਾਤਲਾਂ ਦੀ, ਗੋਲੀ ਕਾਂਡ ਦੀ ਹਮਾਇਤ ਕਰੋਗੇ।

ਕੋਈ ਗੱਲ ਨਹੀਂ, ਹਮਾਇਤ ਕਰੋ, ਪਰ ਮੇਰਾ ਗੁਰੂ ਆਖਦਾ ਹੈ ਕਿ "ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ।" ਉਥੇ ਜਾ ਕੇ ਕੌਣ ਹਮਾਇਤ ਕਰੇ ਗਾ? ਕਰ ਲਓ ਹਮਾਇਤ ਕੋਈ ਗੱਲ ਨਹੀਂ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਹਮਾਇਤ ਕਰੋ ਵਡਾਲਾ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ, ਤੁਸੀਂ ਹਮਾਇਤੀ ਹੋ ਪਰ ਕੌਮ ਸ਼ਰਮਿੰਦਗੀ ਨਾਲ ਤੁਹਾਡੇ ਚਿਹਰੇ ਵੱਲ ਦੇਖਦੀ ਹੈ। ਇਸ ਕਰਕੇ ਬੇਨਤੀ ਕਰਦਾ ਹਾਂ ਕਿ ਇਹ ਪਵਿੱਤਰ ਸਦਨ ਹੈ, ਮੈਂ ਜਦੋਂ ਅੰਦਰ ਵੜਦਾ ਹਾਂ ਤਾਂ ਮੱਥਾ ਟੇਕ ਕੇ ਅੰਦਰ ਵੜਦਾ ਹਾਂ ਅਤੇ ਪਾਤਸ਼ਾਹ ਦੇ ਚਰਨਾਂ ਵਿੱਚ ਉੱਥੇ ਗੇਟ ਤੇ ਅਰਦਾਸ ਕਰਦਾ ਹਾਂ, ਪਾਤਸ਼ਾਹ ਮੈਨੂੰ ਇਸ ਸਦਨ ਵਿੱਚ ਸੱਚ ਬੋਲਣ ਦੀ ਤਾਕਤ ਬਖਸ਼ਿਸ਼ ਕਰਿਓ। ਮੈਂ ਕਿਸੇ ਦੇ ਖਿਲਾਫ ਨਹੀਂ । ਵਡਾਲਾ ਸਾਹਿਬ ਮੱਤ ਸੋਚਣਾ ਕਿ ਮੈਂ ਤੁਹਾਡੇ ਖਿਲਾਫ ਹਾਂ। ਤੁਸੀਂ ਖੁੱਲ੍ਹੇ ਆਜ਼ਾਦ ਹੋ। ਤੁਸੀਂ ਕਰੋ ਹਮਾਇਤ । ਕੌਮ ਨੇ ਅੱਜ ਤੁਹਾਨੂੰ ਕਿੱਥੇ ਲਿਆਂਦਾ ਹੈ। ਲੇਖਾ-ਜੋਖਾ ਕਰਕੇ ਦੇਖਿਓ। ਤੁਸੀਂ ਸਰਕਾਰ ਤੋਂ ਇਸ ਕਗਾਰ ਤੇ ਆ ਗਏ ਕਿ ਵਿਰੋਧੀ ਧਿਰ ਵਿੱਚ ਵੀ ਨਹੀਂ ਹੋ। ਤੁਸੀਂ ਇਸ ਕਗਾਰ ਤੇ ਆ ਗਏ ਕਿ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਹੋਵੇ ਤੇ ਸਦਨ ਕੱਲ੍ਹ ਨੂੰ ਮੁੱਕ ਜਾਏ। ਉਹ ਸਦਨ ਦੇ ਅੰਦਰ ਆਉਣ ਦੀ ਹਿੰਮਤ ਨਾ ਕਰੇ। ਕਾਰਨ ਕਿੱਥੇ ਹੈ? ਮੈਨੂੰ ਇਸ ਗੱਲ ਦੀ ਖੁਸ਼ੀ ਹੋਈ ਕਿ ਰੰਧਾਵਾ ਸਾਹਿਬ ਨੇ ਸ਼੍ਰੋਮਣੀ ਅਕਾਲੀ ਦਲ ਦਾ ਅੱਜ ਨਾਮ ਲਿਆ ਤੇ ਨਾਲ ਹੀ ਇਹ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਸ਼ਹੀਦਾਂ ਦੀ ਜਥੇਬੰਦੀ ਹੈ। ਇਸ ਕਰਕੇ ਸ਼੍ਰੋਮਣੀ ਅੱਖਰ ਕੱਟ ਦਿਓ। ਰੰਧਾਵਾ ਸਾਹਿਬ ਤੁਹਾਡਾ ਧੰਨਵਾਦ ਕਰਦਾ ਹਾਂ ਪਰ ਕਿਤੇ ਜੇ ਇਨ੍ਹਾਂ ਨੂੰ ਵੀ ਸਮਝ ਆ ਜਾਵੇ, ਗੁਰੂ ਰਹਿਮਤ ਕਰੇ.........

**ਮਾਨਯੋਗ ਸਪੀਕਰ :** ਬੈਠੋ, ਬੈਠੋ, ਬੈਠੋ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਗੁਰੂ ਰਹਿਮਤ ਕਰੇ, ਇਨ੍ਹਾਂ ਨੂੰ ਸਮਝ ਆ ਜਾਵੇ। ਮੈਂ ਮਤੇ ਦੀ ਹਮਾਇਤ ਕਰਦਾ ਹਾਂ। ਧੰਨਵਾਦ (ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਮਾਨਯੋਗ ਸਪੀਕਰ :** ਵਡਾਲਾ ਜੀ ਹੋ ਗਿਆ ਹੈ। (ਸ਼ੋਰ) ਵਡਾਲਾ ਜੀ ਹੋ ਗਿਆ ਹੈ। ਵਡਾਲਾ ਜੀ ਬਹਿ ਜਾਉ, ਹੁਣ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ (ਨਕੋਦਰ) :** ਸਪੀਕਰ ਸਾਹਿਬ, ਦੋ ਮਿੰਟ ਜੀ, ਹੁਣ ਮੇਰਾ ਮਾਈਕ ਆਨ ਹੋ ਗਿਆ ਹੈ। (ਸ਼ੋਰ) ਇੱਕ ਮਿੰਟ ਜੀ। ਕੋਈ ਚੰਗੀ ਗੱਲ ਹੀ ਕਰਾਂਗੇ, ਗਲਤ ਗੱਲ ਨਹੀਂ ਕਰਦਾ। ਬੋਲ ਲੈਣ ਦਿਉ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਵਡਾਲਾ ਜੀ ਦਾ ਨਾਂ ਆਇਆ ਹੈ, ਬੋਲ ਲੈਣ ਦਿਉ। (ਵਿਘਨ)(ਸ਼ੋਰ)

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਸਪੀਕਰ ਸਾਹਿਬ, ਪਹਿਲਾਂ ਤਾਂ ਆਪਾਂ ਆਪਣੇ ਬਜ਼ੁਰਗਾਂ ਦੇ ਬੱਚੇ ਹਾਂ ਅਤੇ ਆਪਾਂ ਸਾਰੇ ਆਪਣੇ ਬਜ਼ੁਰਗਾਂ ਦੇ ਪਦ-ਚਿੰਨ੍ਹਾਂ ਤੇ ਚਲਦੇ ਹਾਂ। ਕੋਈ ਫਿਕਰ ਨਾ ਕਰੋ, ਕੋਈ ਗੱਲ ਨਹੀਂ। ਜੋ ਵਡਾਲਾ ਸਾਹਿਬ ਲੀਹਾਂ ਪਾ ਗਏ ਹਨ, ਉਨ੍ਹਾਂ ਲੀਹਾਂ ਤੇ ਹੀ ਚੱਲਣਾ ਹੈ ਪਰ ਸਾਡੀ ਗੱਲ ਸੁਣ ਲਉ। ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ ਰੰਧਾਵਾ ਸਾਹਿਬ ਦਾ but I felt sad ਇਹ ਕਹਿੰਦੇ ਕਿ ਮੈਨੂੰ ਦੁੱਖ ਲੱਗਾ। ਦੇਖੋ, ਸ਼ਹੀਦ ਲਛਮਣ ਸਿੰਘ ਧਾਰੋਵਾਲੀ, ਸ੍ਰੀ ਨਨਕਾਣਾ ਸਾਹਿਬ ਦਾ ਸਾਕਾ, ਸਾਰੇ ਸ਼ਹੀਦ ਜਿਨ੍ਹਾਂ ਨੇ ਵੀ ਪੰਥ ਖਾਤਰ ਧਰਮ ਲਈ, ਕੌਮ ਲਈ, ਦੇਸ਼ ਲਈ ਸ਼ਹਾਦਤਾਂ ਦਿੱਤੀਆਂ। ਸਪੀਕਰ ਸਾਹਿਬ, ਉਨ੍ਹਾਂ ਸਾਰਿਆਂ ਅੱਗੇ ਆਪਣਾ ਸਿਰ ਝੁਕਦਾ ਹੈ। ਰੰਧਾਵਾ ਸਾਹਿਬ, ਸਭ ਤੋਂ ਵੱਡੀ ਗੱਲ ਇਹ ਹੈ ਕਿ ਆਪਾਂ ਰੋਜ਼ ਅਰਦਾਸ ਕਰਦੇ ਹਾਂ ਕਿ ਜਿਨ੍ਹਾਂ ਸ਼ਹੀਦ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਵਾਏ, ਕੁਰਬਾਨੀਆਂ ਕੀਤੀਆਂ, ਉਨ੍ਹਾਂ ਦਾ ਨਾਮ ਧਿਆ ਕੇ ਬੋਲੋ ਜੀ ਵਾਹਿਗੁਰੂ। (ਵਿਘਨ) ਇੱਕ ਮਿੰਟ ਸੁਣ ਲਉ ਜੀ। ਉਹੀ ਗੱਲ ਕਰ ਰਿਹਾ ਹਾਂ। ਜੋ ਸਰਦਾਰ ਲਛਮਣ ਸਿੰਘ ਧਾਰੋਵਾਲੀ ਨੇ ਸ੍ਰੀ ਨਨਕਾਣਾ ਸਾਹਿਬ ਦੇ ਮੋਰਚੇ ਵਿੱਚ ਸ਼ਹਾਦਤ ਦਿੱਤੀ, ਉਨ੍ਹਾਂ ਅੱਗੇ ਸਾਡਾ ਸਿਰ ਝੁਕਦਾ ਹੈ ਪਰ ਜਦੋਂ ਕਿਤੇ ਸਦਨ ਵਿੱਚ ਕੋਈ ਇਸ਼ੂ ਆਉਂਦਾ ਹੈ, ਜਿਵੇਂ ਕੱਲ੍ਹ ਜਲ੍ਹਿਆਂਵਾਲੇ ਬਾਗ ਦਾ ਆਇਆ, ਅੱਜ ਸ੍ਰੀ ਨਨਕਾਣਾ ਸਾਹਿਬ ਦਾ ਆ ਗਿਆ, ਫਿਰ ਸਾਡਾ ਫਰਜ਼ ਬਣਦਾ ਹੈ ਕਿ ਜੈਤੋ ਦੇ ਮੋਰਚੇ ਦੀ ਗੱਲ ਕਰ ਸਕਦੇ ਹਾਂ। ਉਹ ਵੀ ਮੋਰਚਾ ਸੀ ਜਦੋਂ ਆਜ਼ਾਦੀ ਤੋਂ ਪਹਿਲਾਂ ਆਪਣੇ ਪੁਰਖਿਆਂ ਨੇ ਆਪਣੇ ਵੱਡੇ ਵਡੇਰਿਆਂ ਨੇ ਲਗਾਇਆ ਸੀ। ਸਪੀਕਰ ਸਾਹਿਬ, ਮੇਰੇ great grandfather ਸ਼ਹੀਦ ਸਤਨਾਮ ਸਿੰਘ ਨੇ ਜੈਤੋ ਦੇ ਮੋਰਚੇ ਵਿੱਚ ਸ਼ਹਾਦਤ ਦਿੱਤੀ। ਉਨ੍ਹਾਂ ਨੂੰ ਲੈਣ ਗਏ, ਮੇਰੇ ਗਰੈਂਡ ਫਾਦਰ ਤਾਂ ਉਹ ਕਹਿੰਦੇ ਕਿ ਜਾਹ ਚਲਾ ਜਾਹ, ਮੈਂ ਤੈਨੂੰ ਪਛਾਣਦਾ ਨਹੀਂ......... (ਵਿਘਨ)

(ਇਸ ਸਮੇਂ ਡਾਕਟਰ ਰਾਜ ਕੁਮਾਰ ਵੇਰਕਾ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਬੈਠੇ ਬੈਠੇ-ਬੋਲ ਰਹੇ ਸਨ।)

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਇੱਕ ਮਿੰਟ ਜੀ, ਮੈਂ ਤਾਂ ਵੈਸੇ ਹੀ ਗੱਲ ਕਰ ਰਿਹਾ ਹਾਂ ਜੀ। ਵੇਰਕਾ ਸਾਹਿਬ, ਅਸੀਂ ਕੋਈ ਨਾਂ ਨਹੀਂ ਲਿਖਵਾਉਣਾ, ਇਸ ਤਰ੍ਹਾਂ ਦੀ ਗੱਲ ਨਹੀਂ ਹੈ। ਆਪਾਂ ਇੱਥੇ ਕੋਈ ਫੋਕੀ ਵਾਹ-ਵਾਹ ਲਈ ਨਹੀਂ ਆਏ। ਮੇਰੀ ਬੇਨਤੀ ਹੈ ਕਿ....

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਪੁਆਇੰਟ ਆਫ ਆਰਡਰ....... (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਵਡਾਲਾ ਜੀ, ਇੱਕ ਸੈਕਿੰਡ ਜੀ, ਤੁਸੀਂ ਬੈਠੋ ਜੀ। ਹਾਂ ਜੀ, ਫੂਲਕਾ ਜੀ, ਤੁਸੀਂ ਕੀ ਕਹਿੰਦੇ ਹੋ? (ਵਿਘਨ)

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਜੋ ਵੇਰਕਾ ਜੀ ਨੇ ਹੱਸ ਕੇ ਸ਼ਹੀਦਾਂ ਦੀਆਂ ਗੱਲਾਂ ਤੋਂ ਕੁਮੈਂਟ ਪਾਸ ਕੀਤਾ ਹੈ, ਇਹ ਬੜੇ ਅਫਸੋਸ ਦੀ ਗੱਲ ਹੈ। ਜਿੱਥੇ ਅਸੀਂ ਸ਼ਹੀਦਾਂ ਦੀਆਂ ਗੱਲਾਂ ਕਰ ਰਹੇ ਹਾਂ ਉੱਥੇ ਹੱਸ ਹੱਸ ਕੇ ਕੁਮੈਂਟ ਪਾਸ ਕਰ ਰਹੇ ਹਨ, ਇਹ ਹਾਊਸ ਦੀ ਤੌਹੀਨ ਹੈ। ਇਹ ਹਾਊਸ ਦਾ ਮਜ਼ਾਕ ਬਣਾਇਆ ਹੋਇਆ ਹੈ, ਇਸ ਨੂੰ ਬੰਦ ਕੀਤਾ ਜਾਵੇ।

**ਮਾਨਯੋਗ ਸਪੀਕਰ :** ਸੰਜੀਦਗੀ ਲਿਆਉ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ......

**ਮਾਨਯੋਗ ਸਪੀਕਰ :** ਸੰਜੀਦਗੀ ਲਿਆਉ। ਸੰਜੀਦਗੀ ਲਿਆਉ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਬੈਂਸ ਸਾਹਿਬ ਬੜੇ ਪੰਥਕ ਯੋਧੇ ਹਨ। ਇਹ ਗੱਲ ਸਵੀਕਾਰ ਕਰਨ ਤੋਂ ਆਪਾਂ ਰੁਕ ਨਹੀਂ ਸਕਦੇ ਕਿ ਇਨ੍ਹਾਂ ਦੋਵਾਂ ਭਰਾਵਾਂ ਦੀ ਬੜੀ ਵੱਡੀ ਕਰਾਮਾਤ ਹੈ ਕਿ ਇਹ ਦੋਵੇਂ ਹੀ ਭਰਾ ਫਿਰ ਇੰਡੀਪੈਂਡੈਂਟਲੀ ਇਲੈਕਸ਼ਨ ਲੜ੍ਹ ਕੇ ਇਸ ਹਾਊਸ ਵਿੱਚ ਆਏ। ਸੋ, ਇਨ੍ਹਾਂ ਦੀ ਸਿਫ਼ਤ ਹੋਣੀ ਚਾਹੀਦੀ ਹੈ। ਇਨ੍ਹਾਂ ਦੇ ਕੰਮ ਦਾ, ਇਨ੍ਹਾਂ ਦੇ ਸਲੀਕੇ ਦਾ, ਤਰੀਕੇ ਦਾ whatever it is ਕੋਈ ਐਸੀ ਗੱਲ ਨਹੀਂ ਹੈ ਪਰ ਇੱਕ ਗੱਲ ਇਹ ਵੀ ਨਾਲ ਹੀ ਕਹਿਣੀ ਚਾਹੁੰਦਾ ਹਾਂ ਕਿ ਕਿਸੇ ਵੇਲੇ ਇਹ ਵੱਡੇ ਬ੍ਰਦਰ, ਸਰਦਾਰ ਬਲਵਿੰਦਰ ਸਿੰਘ ਬੈਂਸ, ਸ਼੍ਰੋਮਣੀ ਅਕਾਲੀ ਦਲ, ਮਾਨ ਸਾਹਿਬ ਦੇ ਪੰਜਾਬ ਦੇ ਯੂਥ ਵਿੰਗ ਦੇ ਪ੍ਰਧਾਨ ਸਨ, ਇਹ ਵੀ ਅਕਾਲੀ ਦਲ ਵਿੱਚੋਂ ਹੀ ਗਏ ਹਨ। ਸ਼੍ਰੋਮਣੀ ਅਕਾਲੀ ਦਲ ਨਾਲ ਵੀ ਇਨ੍ਹਾਂ ਦੀ ਬਹੁਤ ਲੰਬੀ ਸਾਂਝ ਤੇ ਰਿਸ਼ਤਾ ਰਿਹਾ ਹੈ। (ਵਿਘਨ) (ਸ਼ੋਰ) ਜ਼ਿਲ੍ਹੇ ਦੇ ਅਹੁਦੇਦਾਰ ਰਹੇ ਹਨ। (ਵਿਘਨ) (ਸ਼ੋਰ) ਹੁਣ ਸੁਣ ਲਉ, ਫਿਰ ਬੋਲ ਲੈਣਾ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਬ੍ਰਹਮ ਮਹਿੰਦਰਾ ਜੀ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਾਂਗਾ ਕਿ ਆਪਾਂ ਇੱਕ ਪਵਿੱਤਰ ਰੈਜ਼ੋਲਿਊਸਨ ਤੇ ਗੱਲ ਕਰ ਰਹੇ ਹਾਂ ਅਤੇ ਸਾਰਾ ਕੁਝ ਡਿਲਿਊਟ ਹੋ ਰਿਹਾ ਹੈ। ਬਹੁਤ ਥੱਲੇ ਦੇ ਲੈਵਲ ਤੇ ਆ ਰਹੇ ਹਾਂ। ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਰੈਜ਼ੋਲਿਊਸ਼ਨ ਨੂੰ ਆਪਾਂ ਪਾਸ ਕਰਵਾਈਏ ਅਤੇ ਦੋ ਮਿੰਟ ਦੀ ਜਿਹੜੀ ਸ਼ਰਧਾਂਜਲੀ ਦੇਣੀ ਚਾਹੁੰਦੇ ਹਾਂ, ਉਹ ਸ਼ਰਧਾਂਜਲੀ ਦੇਈਏ। ਬਹੁਤ ਥੱਲੇ ਦੇ ਲੈਵਲ ਤੇ ਆ ਗਏ ਹਾਂ। (ਵਿਘਨ) (ਸ਼ੋਰ) ਬਹੁਤ ਥੱਲੇ ਦੇ ਲੈਵਲ ਤੇ ਡਿਸਕਸ਼ਨ ਹੋ ਰਹੀ ਹੈ।

**ਮਾਨਯੋਗ ਸਪੀਕਰ :** ਆਪਾਂ ਪਾਸ ਕਰਵਾ ਲਈਏ। (ਸ਼ੋਰ) ਆਪਾਂ ਪਾਸ ਕਰਵਾ ਲਈਏ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਵਾਈਂਡ ਅੱਪ ਕਰਨਾ ਹੈ ਜੀ।

**ਮਾਨਯੋਗ ਸਪੀਕਰ :** ਵਡਾਲਾ ਜੀ, ਇਹ ਰੈਜ਼ੋਲਿਊਸ਼ਨ ਪਾਸ ਕਰਵਾ ਲਈਏ। ਵਡਾਲਾ ਜੀ, ਵਾਈਂਡ ਅੱਪ ਕਰ ਦਿਉ, ਫਿਰ ਪਾਸ ਕਰਵਾਉਣ ਲੱਗਾ ਹਾਂ।

(ਇਸ ਸਮੇਂ ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਮੈਂਬਰ, ਸ਼੍ਰੋਮਣੀ ਅਕਾਲੀ ਦਲ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਮੰਗ ਰਹੇ ਸਨ)

**ਮਾਨਯੋਗ ਸਪੀਕਰ :** ਚੰਦੂਮਾਜਰਾ ਜੀ, ਬਹਿ ਜਾਉ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਅਸੀਂ ਇਸ ਦੀ ਪੂਰੀ ਸਪੋਰਟ ਕਰਦੇ ਹਾਂ ਪਰ ਇੱਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਪਤਾ ਨਹੀਂ ਆਪਾਂ ਨੂੰ ਅਕਾਲੀ ਫੋਬੀਆ ਹੋ ਗਿਆ। ਅਸੀਂ ਪੰਥ ਦੀ ਗੱਲ ਕਰਦੇ ਹਾਂ। ਉਸ ਚੱਕਰ ਵਿੱਚੋਂ ਉਪਰ ਉਠੀਏ। ਸਰਕਾਰ ਆਪਣੀ ਹੈ। ਜਿਵੇਂ ਕੱਲ੍ਹ ਪਰਸੋਂ ਗੱਲ ਕੀਤੀ ਸੀ, ਰੰਧਾਵਾ ਸਾਹਿਬ, ਠੀਕ ਹੈ ਕਿ ਪੰਥ ਨੇ ਗਲਤੀਆਂ ਕੀਤੀਆਂ, ਗਲਤੀਆਂ ਪਹਿਲਾਂ ਵੀ ਹੋਈਆਂ, ਆਪਣੀ ਪਾਰਟੀ ਤੋਂ ਵੀ ਹੋਈਆਂ। ਜੇਕਰ ਅੱਜ ਅਸੀਂ 15-17 ਰਹਿ ਗਏ ਤਾਂ ਕਿਸੇ ਵੇਲੇ ਕਾਂਗਰਸ ਵੀ 350 ਸੀਟਾਂ ਤੇ ਸੀ ਉਹ 40 ਤੇ ਰਹਿ ਗਈ ਹੈ। It is not an issue, ਵੱਡਾ ਇਸ਼ੂ ਇਹ ਹੈ ਕਿ......

**ਸਹਿਕਾਰਤਾ ਮੰਤਰੀ :** ਆਪਾਂ ਇਸ ਨੂੰ ਪਾਲਿਟਿਕਸ ਵਿੱਚ ਨਾ ਲੈ ਕੇ ਆਈਏ। ਆਪਾਂ ਇਸ ਨੂੰ ਪਾਸ ਕਰੀਏ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਚਲੋ, ਪਾਸ ਤਾਂ ਕਰਨਾ ਹੀ ਹੈ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਬੈਠ ਜਾਉ। ਬੈਠ ਜਾਉ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਜਿੰਨਾ ਸ਼ਹੀਦਾਂ ਦਾ ਤੁਹਾਨੂੰ ਸਤਿਕਾਰ ਹੈ, ਉਨਾ ਹੀ ਸਾਨੂੰ ਵੀ ਸਤਿਕਾਰ ਹੈ। ਚਲੋ, ਪਾਸ ਤਾਂ ਕਰਨਾ ਹੀ ਹੈ। (ਵਿਘਨ) ਜਿਨ੍ਹਾਂ ਸ਼ਹੀਦਾਂ ਦਾ ਤੁਹਾਨੂੰ ਸਤਿਕਾਰ ਹੈ, ਉਨ੍ਹਾਂ ਸ਼ਹੀਦਾਂ ਦਾ ਸਾਨੂੰ ਵੀ ਸਤਿਕਾਰ ਹੈ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

> "ਕਿ ਜਲ੍ਹਿਆਂਵਾਲਾ ਬਾਗ ਸਾਕੇ ਤੋਂ ਬਾਅਦ ਬ੍ਰਿਟਿਸ਼ ਸਰਕਾਰ ਵਿਰੁੱਧ ਪੈਦਾ ਹੋਏ ਵੱਡੇ ਰੋਸ ਵਜੋਂ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਵਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਦਾ ਜਨਮ ਹੋਇਆ ਅਤੇ 21 ਫਰਵਰੀ, 1921 ਨੂੰ ਭਾਈ ਲਛਮਣ ਸਿੰਘ ਧਾਰੋਵਾਲੀ ਦੀ ਰਹਿਨੁਮਾਈ 'ਚ 156 ਸਿੰਘਾਂ ਦਾ ਜੱਥਾ ਮਹੰਤ ਨਰਾਇਣ ਦਾਸ ਤੋਂ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਆਜ਼ਾਦ ਕਰਵਾਉਣ ਲਈ ਉਥੇ ਪਹੁੰਚਿਆ। ਪਾਠ ਕਰ ਰਹੇ ਇਸ ਸ਼ਾਂਤਮਈ ਜੱਥੇ ਤੇ ਮਹੰਤ ਨਰਾਇਣ ਦਾਸ ਅਤੇ ਉਸ ਦੇ ਗੁੰਡਿਆਂ ਨੇ ਹਥਿਆਰਾਂ, ਤਲਵਾਰਾਂ ਅਤੇ ਕੁਹਾੜੀਆਂ ਨਾਲ ਹਮਲਾ ਕਰ ਦਿੱਤਾ ਅਤੇ ਇਸ ਹਮਲੇ ਵਿੱਚ ਭਾਈ ਲਛਮਣ ਸਿੰਘ ਨੂੰ ਅੱਧਮਰਾ ਕਰਕੇ ਜ਼ਿੰਦਾ ਜਲਾ ਦਿੱਤਾ ਗਿਆ ਅਤੇ ਬਾਕੀ ਸਾਥੀਆਂ ਨੂੰ ਮਾਰ ਕੇ ਉਨ੍ਹਾਂ ਦੇ ਸਰੀਰਾਂ ਨੂੰ ਟੁਕੜਿਆਂ ਵਿੱਚ ਕੱਟ ਕੇ ਉਨ੍ਹਾਂ ਤੇ ਕੈਰੋਸੀਨ ਦਾ ਤੇਲ ਪਾ ਕੇ ਸਾੜ ਦਿੱਤਾ ਗਿਆ। ਇਸ ਸਾਕੇ ਨੂੰ ਵਾਪਰਿਆਂ ਅੱਜ 99 ਸਾਲ ਹੋ ਗਏ ਹਨ ਅਤੇ ਅਗਲੇ ਸਾਲ 100 ਸਾਲ ਪੂਰੇ ਹੋਣੇ ਹਨ। ਇਹ ਸਦਨ ਨਨਕਾਣਾ ਸਾਹਿਬ ਦੇ ਇਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹੈ ਅਤੇ ਉਨ੍ਹਾਂ ਦੀ ਲਾਮਿਸਾਲ ਸ਼ਹੀਦੀ ਅੱਗੇ ਆਪਣਾ ਸਿਰ ਝੁਕਾਉਂਦਾ ਹੈ।"

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਅਸੀਂ ਇਨ੍ਹਾਂ ਸ਼ਹੀਦਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਧਾਰਨ ਕਰੀਏ ।

(ਇਸ ਸਮੇਂ ਸਦਨ ਵਿੱਚ ਹਾਜ਼ਰ ਸਮੂਹ ਮੈਂਬਰਾਂ ਵੱਲੋਂ ਸ਼ਹੀਦਾਂ ਦੀ ਯਾਦ ਵਿੱਚ ਦੋ ਮਿੰਟ ਵਾਸਤੇ ਮੋਨ ਧਾਰਨ ਕੀਤਾ ਗਿਆ।)

**ਮਾਨਯੋਗ ਸਪੀਕਰ:** ਧੰਨਵਾਦ ਜੀ।

----

## NON-OFFICIAL RESOLUTION REGARDING PREPARING A MASTER PLAN AND SANCTIONING A SPECIAL FUND FOR SUFFICIENT AND SAFE BUILDINGS FOR GOVT. PRIMARY AND ELEMENTARY SCHOOLS BY ROPING IN THE NRIs

**ਮਾਨਯੋਗ ਸਪੀਕਰ:** ਧੰਨਵਾਦ ਜੀ। ਅਮਰਿੰਦਰ ਰਾਜਾ ਵੜਿੰਗ, ਮਤਾ ਪੇਸ਼ ਕਰਨ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

"ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਰਾਜ ਵਿੱਚ ਸਰਕਾਰੀ ਪ੍ਰਾਇਮਰੀ ਅਤੇ ਐਲੀਮੈਂਟਰੀ ਸਕੂਲਾਂ ਲਈ ਲੋੜੀਂਦੀਆਂ ਅਤੇ ਸੁਰੱਖਿਅਤ ਇਮਾਰਤਾਂ ਵਾਸਤੇ ਮਾਸਟਰ ਪਲਾਨ ਤਿਆਰ ਕਰਕੇ ਇਸ ਲਈ ਵਿਸ਼ੇਸ਼ ਫੰਡ ਮੁਹੱਈਆ ਕੀਤੇ ਜਾਣ ਅਤੇ ਇਸ ਸੋਸ਼ਲ ਪ੍ਰਾਜੈਕਟ ਲਈ ਦਿਲਚਸਪੀ ਰੱਖਣ ਵਾਲੇ ਪਰਵਾਸੀ ਭਾਰਤੀਆਂ ਦਾ ਸਹਿਯੋਗ ਵੀ ਲਿਆ ਜਾਵੇ।"

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ–

"ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਰਾਜ ਵਿੱਚ ਸਰਕਾਰੀ ਪ੍ਰਾਇਮਰੀ ਅਤੇ ਐਲੀਮੈਂਟਰੀ ਸਕੂਲਾਂ ਲਈ ਲੋੜੀਂਦੀਆਂ ਅਤੇ ਸੁਰੱਖਿਅਤ ਇਮਾਰਤਾਂ ਵਾਸਤੇ ਮਾਸਟਰ ਪਲਾਨ ਤਿਆਰ ਕਰਕੇ ਇਸ ਲਈ ਵਿਸ਼ੇਸ਼ ਫੰਡ ਮੁਹੱਈਆ ਕੀਤੇ ਜਾਣ ਅਤੇ ਇਸ ਸੋਸ਼ਲ ਪ੍ਰਾਜੈਕਟ ਲਈ ਦਿਲਚਸਪੀ ਰੱਖਣ ਵਾਲੇ ਪਰਵਾਸੀ ਭਾਰਤੀਆਂ ਦਾ ਸਹਿਯੋਗ ਵੀ ਲਿਆ ਜਾਵੇ।"

ਬਹਿਸ, ਹਾਂ ਜੀ, ਹੁਣ ਤੁਸੀਂ ਬੋਲੋ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਗਿੱਦੜਬਾਹਾ) :** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਆਪ ਜੀ ਨੇ ਮੈਨੂੰ ਗੈਰ-ਸਰਕਾਰੀ ਮਤਾ ਪੇਸ਼ ਕਰਨ ਅਤੇ ਇਸ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਪ੍ਰਸਤਾਵ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਕਿਸੇ ਵੀ ਰਾਸ਼ਟਰ ਜਾਂ ਰਾਜ ਦੇ ਚੰਗੇ ਨਿਰਮਾਣ ਲਈ ਇੱਕ ਚੀਜ਼ ਬਹੁਤ ਹੀ ਜ਼ਰੂਰੀ ਹੈ, ਉਹ ਇਹ ਹੈ ਕਿ ਉਸ ਦੇ ਰਾਜ ਦੇ ਬੱਚਿਆਂ ਨੂੰ ਸਹੀ ਸਿੱਖਿਆ ਮਿਲੇ ਤਾਂ ਜੋ ਇੱਕ ਚੰਗੇ ਰਾਸ਼ਟਰ ਅਤੇ ਸਮਾਜ ਦਾ ਨਿਰਮਾਣ ਹੋ ਸਕੇ। ਸਪੀਕਰ ਸਾਹਿਬ, ਚੰਗੀ ਸਿੱਖਿਆ ਦੇਣ ਲਈ ਸਭ ਤੋਂ ਵੱਧ ਜੋ ਗੱਲ ਮਾਇਨੇ ਰੱਖਦੀ ਹੈ, ਉਹ ਇਹ ਹੈ ਕਿ ਉਸ ਦੇ ਰਾਜ ਦੇ ਬੱਚਿਆਂ ਨੂੰ ਦੇਣ ਵਾਲੀ ਮੁੱਢਲੀ ਸਿੱਖਿਆ, ਯਾਨੀ ਕਿ ਐਲੀਮੈਂਟਰੀ ਐਜੂਕੇਸ਼ਨ ਔਰ ਪ੍ਰਾਇਮਰੀ ਐਜੂਕੇਸ਼ਨ ਕਿਸ ਤਰ੍ਹਾਂ ਦੀ ਦਿੱਤੀ ਜਾ ਰਹੀ ਹੈ। ਮੈਂ ਸਮਝਦਾ ਹਾਂ ਕਿ ਇਹ ਬੜੀ ਮਹੱਤਵਪੂਰਨ ਗੱਲ ਹੈ।

*1.39 ਵਜੇ ਬਾਅਦ ਦੁਪਹਿਰ) (ਇਸ *ਸਮੇਂ ਸਰਦਾਰ ਪ੍ਰਗਟ ਸਿੰਘ ਪੋਆਰ, ਮੈਂਬਰ ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਚੇਅਰਮੈਨ ਸਾਹਿਬ, ਬੱਚੇ ਜੋ ਚੀਜ਼ਾਂ ਪ੍ਰਾਇਮਰੀ ਐਜੂਕੇਸ਼ਨ ਦੇ ਦੌਰਾਨ ਸਿੱਖ ਲੈਂਦੇ ਹਨ, ਜਦੋਂ ਉਹ ਛੋਟੀਆਂ ਕਲਾਸਾਂ ਵਿੱਚ ਪੜ੍ਹਦੇ ਹਨ, ਉਦੋਂ ਜਿਹੜੀਆਂ ਉਹ ਗੱਲਾਂ ਸਿੱਖ ਲੈਂਦੇ ਹਨ ਤਾਂ ਮੈਂ ਸਮਝਦਾ ਹਾਂ ਕਿ ਉਹ ਉਮਰ ਭਰ ਉਨ੍ਹਾਂ ਨਾਲ ਨਿਭਦੀਆਂ ਹਨ। ਜਿਵੇਂ ਕਿਸੇ ਬੱਚੇ ਨੇ 2+2 ਸਿਖ ਲਿਆ ਚਾਰ ਤਾਂ ਉਹ ਸਾਰੀ ਉਮਰ ਨਾ ਸਾਢੇ ਤਿੰਨ ਕਹੇਗਾ, ਨਾ ਹੀ ਸਾਢੇ ਚਾਰ ਕਹੇਗਾ। ਮੇਰਾ ਕਹਿਣ ਦਾ ਭਾਵ ਕਿ ਉਹ ਹਮੇਸ਼ਾ ਬਚਪਨ ਵਿੱਚ ਹੀ ਸਿੱਖੀਆਂ ਗੱਲਾਂ ਤੇ ਹੀ ਚਲਦੇ ਰਹਿੰਦੇ ਹਨ। ਸੋ, ਇਸ ਕਰਕੇ ਪ੍ਰਾਇਮਰੀ ਸਿੱਖਿਆ ਅਤਿ ਜ਼ਰੂਰੀ ਹੈ। ਚੇਅਰਮੈਨ ਸਾਹਿਬ, ਕਿਸੇ ਰਾਈਟਰ ਨੇ ਲਿਖਿਆ ਹੈ ਕਿ ਜ਼ਿੰਦਗੀ ਦੇ ਵਿੱਚ 85% ਉਹੀ ਲੋਕ ਤਰੱਕੀ ਕਰਦੇ ਹਨ ਜਿਨ੍ਹਾਂ ਨੇ ਆਪਣੇ ਜੀਵਨ ਵਿੱਚ ਪੰਜ C ਦੇ ਪਾਠ ਚੰਗੀ ਤਰ੍ਹਾਂ ਸਿੱਖ ਲਏ ਹੋਣ। ਪੰਜ C ਤੋਂ ਮਤਲਬ, C means Character, C means Courage, C means Commitment, Confidence and Courtesy. ਜਿਹੜੇ ਲੋਕ ਇਹ ਸਿੱਖ ਲੈਂਦੇ ਹਨ, 85% ਉਹ ਲੋਕ ਜ਼ਿੰਦਗੀ ਦੇ ਵਿੱਚ ਕਾਮਯਾਬ ਰਹਿੰਦੇ ਹਨ। ਇਸ ਕਰਕੇ ਮੈਂ ਇਹ ਕਿਹਾ ਕਿ ਪ੍ਰਾਇਮਰੀ ਐਜੂਕੇਸ਼ਨ ਬੇਹੱਦ ਜ਼ਰੂਰੀ ਤੇ ਮਹੱਤਵਪੂਰਨ ਹੈ। ਮੇਰੇ ਕਹਿਣ ਦਾ ਮਤਲਬ ਹੈ ਕਿ ਜੇ ਪੰਜਾਬ ਦੇ ਬੱਚਿਆਂ ਦੀ ਬੁਨਿਆਦ ਮਜ਼ਬੂਤ

[ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ]

ਹੋਵੇਗੀ ਤਾਂ ਹੀ ਪੰਜਾਬ ਖੁਸ਼ਹਾਲ ਅਤੇ ਮਜ਼ਬੂਤ ਹੋ ਸਕਦਾ ਹੈ। ਜੇ ਸਾਡੇ ਬੱਚਿਆਂ ਦੀਆਂ ਨੀਹਾਂ ਹੀ ਮਜ਼ਬੂਤ ਨਹੀਂ ਹੋਣਗੀਆਂ, ਬੇਸ਼ੱਕ ਤੁਸੀਂ ਉੱਤੇ ਜਿੰਨਾ ਮਰਜ਼ੀ ਵੱਡਾ ਢਾਂਚਾ ਬਣਾ ਲਓ, ਫਿਰ ਤੁਸੀਂ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ ਤੇ ਲੈ ਕੇ ਨਹੀਂ ਜਾ ਸਕਦੇ ਕਿਉਂਕਿ ਉਨ੍ਹਾਂ ਦੀ ਸੋਚ ਹੀ ਇਸ ਤਰ੍ਹਾਂ ਦੀ ਹੋਵੇਗੀ, ਉਨ੍ਹਾਂ ਨੇ ਬਚਪਨ ਵਿੱਚ ਕੁਝ ਸਿੱਖਿਆ ਹੀ ਨਹੀਂ ਹੋਵੇਗਾ। ਸੋ, ਇਸੇ ਕਰਕੇ ਮੈਂ ਗੱਲ ਨੂੰ ਦੁਬਾਰਾ ਦੁਹਰਾਉਂਦਾ ਹੋਇਆ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਪ੍ਰਾਇਮਰੀ ਐਜੂਕੇਸ਼ਨ ਵਾਸਤੇ ਹੋਰ ਵੀ ਯੋਗ ਉਪਰਾਲੇ ਚੁੱਕਣੇ ਚਾਹੀਦੇ ਹਨ, ਪਹਿਲਾਂ ਵੀ ਬਹੁਤ ਚੁੱਕੇ ਹਨ। ਵਧੀਆ ਪ੍ਰਾਇਮਰੀ ਐਜੂਕੇਸ਼ਨ ਲਈ ਸਾਡੇ ਪ੍ਰਾਇਮਰੀ ਸਕੂਲਾਂ ਲਈ ਵਧੀਆ ਬਿਲਡਿੰਗਜ਼ ਹੋਣੀਆਂ ਚਾਹੀਦੀਆਂ ਹਨ, ਵਧੀਆ ਇਨਫਰਾਸਟਰਕਚਰ ਹੋਣਾ ਚਾਹੀਦਾ ਹੈ। ਇਹ ਬਹੁਤ ਜ਼ਰੂਰੀ ਹੈ । ਚੇਅਰਮੈਨ ਸਾਹਿਬ, ਮੈਨੂੰ ਯਾਦ ਹੈ ਕਿ ਅੱਜ ਤੋਂ ਤਕਰੀਬਨ 39 ਵਰ੍ਹੇ ਪਹਿਲਾਂ ਮੈਂ ਵੜਿੰਗ ਪਿੰਡ ਦੇ ਇੱਕ ਸਕੂਲ ਵਿੱਚ ਪੜ੍ਹਨ ਜਾਂਦਾ ਸੀ ਅਤੇ ਜਦੋਂ ਮੈਂ ਇਹ ਗੱਲ ਪਿੰਡਾਂ ਦੇ ਵਿੱਚ ਭਾਸ਼ਣ ਦੌਰਾਨ ਦੱਸਦਾ ਹਾਂ ਤਾਂ ਉਹ ਹੈਰਾਨ ਹੁੰਦੇ ਹਨ ਕਿ ਇਹ ਗੱਲ ਹੋ ਨਹੀਂ ਸਕਦੀ। ਚੇਅਰਮੈਨ ਸਾਹਿਬ, ਉਦੋਂ ਬੋਰੀ ਦਾ ਟਾਟ ਨਾਲ ਲੈ ਕੇ ਜਾਂਦੇ ਸਨ ਅਤੇ ਨਾਲ ਘਰ ਤੋਂ ਇੱਕ ਭਾਂਡਾ ਵੀ ਲੈ ਕੇ ਜਾਂਦੇ ਸੀ ਜਿਸ ਵਿੱਚ ਉਦੋਂ ਪਿੰਡਾਂ ਦੇ ਸਕੂਲਾਂ ਅੰਦਰ ਮਿੱਠੇ ਚੌਲ ਮਿਲਦੇ ਹੁੰਦੇ ਸਨ। ਸੋ, ਅੱਜ ਵੀ ਜਦੋਂ ਪਿਛਲੀ ਸਰਕਾਰ ਵਿੱਚ ਮੈਂ ਐਮ.ਐਲ.ਏ. ਬਣਿਆ ਉਦੋਂ ਵੀ ਮੈਨੂੰ ਗਿੱਦੜਬਾਹਾ ਦੇ ਸਕੂਲਾਂ ਵਿੱਚ ਅਤੇ ਪੰਜਾਬ ਦੇ ਸਕੂਲਾਂ ਵਿੱਚ ਜਾਣ ਦਾ ਮੌਕਾ ਮਿਲਿਆ ਔਰ ਸਾਰੇ ਜਿੰਨੇ ਇੱਥੇ ਬੈਠੇ ਹਨ, ਉਹ ਵੀ ਜਾਂਦੇ ਹਨ। ਮੈਂ ਵੇਖਿਆ ਕਿ 38-39 ਸਾਲ ਬੀਤ ਜਾਣ ਤੋਂ ਬਾਅਦ ਵੀ ਅੱਜ ਫਰਕ ਕੀ ਆਇਆ? ਫਰਕ ਇਹ ਹੈ ਕਿ ਅੱਜ ਬੋਰੀ ਦੀ ਥਾਂ ਤੇ ਟਾਟ ਆ ਗਏ, ਹਰੇ ਰੰਗ ਦੇ ਟਾਟ ਜਾਂ ਦਰੀਆਂ, ਇਹ ਮੈਨੂੰ ਅੱਜ ਤੋਂ ਦੋ ਸਾਲ ਪਹਿਲਾਂ ਵੇਖਣ ਨੂੰ ਮਿਲੀਆਂ। ਜੇ ਅਸੀਂ 38 ਸਾਲਾਂ ਵਿੱਚ ਉੱਥੇ ਬੈਂਚ ਹੀ ਪ੍ਰੋਵਾਈਡ ਨਹੀਂ ਕਰਵਾ ਸਕੇ, ਤੁਸੀਂ ਬਾਥਰੂਮਾਂ ਦੀ, ਇਨਫਰਾਸਟਰਕਚਰ ਦੀ ਜਾਂ ਹੋਰ ਬਿਲਡਿੰਗਜ਼ ਦੀ ਗੱਲ ਛੱਡ ਦਿਉ। ਮੈਂ ਉਹ ਗੱਲ ਨਹੀਂ ਕਰਾਂਗਾ, ਕਈ ਵਾਰ ਛੱਤ ਦਾ ਖਲੇਪੜ ਉਪਰੋਂ ਜਿਹੜਾ ਸੀਮਿੰਟ ਪਲਾਸਟਰ ਕੀਤਾ ਹੁੰਦਾ ਹੈ, ਉਹ ਵੀ ਇੰਨਾ ਮਾੜਾ ਹੋ ਗਿਆ ਕਿ ਉਹ ਵੀ ਕਈ ਵਾਰ ਬੱਚਿਆਂ ਦੇ ਸਿਰ ਤੇ ਆ ਕੇ ਵੱਜਦਾ ਹੈ। ਆਉਣ ਵਾਲੀਆਂ ਪੀੜ੍ਹੀਆਂ ਕੀ ਸੋਚਣਗੀਆਂ ਕਿ ਅਸੀਂ ਕੀ ਕਰਕੇ ਗਏ? ਲੇਕਿਨ ਇਨ੍ਹਾਂ ਦੋ ਸਾਲਾਂ ਦੇ ਵਿੱਚ ਮੈਂ ਕੈਪਟਨ ਅਮਰਿੰਦਰ ਸਿੰਘ ਜੀ ਦਾ ਔਰ ਖਾਸ ਕਰਕੇ ਸਿੱਖਿਆ ਮੰਤਰੀ ਜੀ, ਸ਼੍ਰੀ ਓਮ ਪ੍ਰਕਾਸ਼ ਜੀ ਦਾ ਧੰਨਵਾਦੀ ਹਾਂ ਕਿ ਜਿਵੇਂ ਬੜੀ ਤਵੱਜੋ ਅਤੇ ਬੜੇ ਧਿਆਨ ਨਾਲ ਕੋਈ ਬੰਦਾ

ਆਪਣੇ ਘਰ ਨੂੰ ਸੰਵਾਰਦਾ ਹੈ, ਇਨ੍ਹਾਂ ਨੇ ਉਹ ਉਪਰਾਲਾ ਕੀਤਾ ਅਤੇ ਉਨ੍ਹਾਂ ਲੀਹਾਂ ਤੇ ਤੁਰੇ ਹਨ ਲੇਕਿਨ ਅਜੇ ਬਹੁਤ ਕੰਮ ਬਕਾਇਆ ਹੈ ਪਰ ਇੱਕ ਨਵੀਂ ਸ਼ੁਰੂਆਤ ਕੀਤੀ ਹੈ, ਇਸ ਕਰਕੇ ਮੈਂ ਮੰਤਰੀ ਸਾਹਿਬ ਦਾ ਧੰਨਵਾਦੀ ਹਾਂ। ਚੇਅਰਮੈਨ ਸਾਹਿਬ, ਪਹਿਲਾਂ ਸਕੂਲਾਂ ਦੀਆਂ ਬਿਲਡਿੰਗਜ਼, ਇਨਫਰਾਸਟਰਕਚਰ ਲਈ ਸੈਂਟਰ ਸਰਕਾਰ ਸਰਬ ਸਿੱਖਿਆ ਅਭਿਆਨ ਦੇ ਤਹਿਤ ਜਿਹੜੀ 60:40 ਦੇ ਹਿਸਾਬ ਨਾਲ ਪੈਸਾ ਦਿੰਦੀ ਹੁੰਦੀ ਸੀ ਹੁਣ ਉਨ੍ਹਾਂ ਨੇ ਉਹ ਦੇਣਾ ਬੰਦ ਕਰ ਦਿੱਤਾ, ਜਦੋਂ ਸੈਂਟਰ ਸਰਕਾਰ ਉਹ ਪੈਸਾ ਦਿੰਦੀ ਸੀ ਤਾਂ ਮੈਨੂੰ ਲੱਗਦਾ ਹੈ ਕਿ ਉਦੋਂ ਸਕੂਲਾਂ ਦੀਆਂ ਇਮਾਰਤਾਂ ਚੰਗੀਆਂ ਸਨ, ਠੀਕ ਢੰਗ ਨਾਲ ਉਨ੍ਹਾਂ ਦਾ ਗੁਜ਼ਾਰਾ ਹੁੰਦਾ ਸੀ, ਕੰਮ ਚੱਲਦਾ ਸੀ। ਲੇਕਿਨ ਅੱਜ ਹਾਲਾਤ ਬਹੁਤ ਖਰਾਬ ਹੋ ਗਏ ਹਨ। ਅੱਜ ਉਸ ਪੈਸੇ ਦੀ ਬੜੀ ਜ਼ਰੂਰਤ ਹੈ, ਜਿਹੜਾ ਪੈਸਾ 60:40 ਦੀ ਰੇਸ਼ੋ ਨਾਲ ਆਉਂਦਾ ਸੀ, ਜਿਹੜਾ ਕਿ ਬੰਦ ਕਰ ਦਿੱਤਾ ਗਿਆ। ਅੱਜ ਜੇ ਉਹ ਪੈਸਾ ਆਉਂਦਾ ਹੋਵੇ ਤਾਂ 60:40 ਦੀ ਰੇਸ਼ੋ ਨੂੰ ਮੇਨਟੇਨ ਕਰਕੇ ਸਕੂਲਾਂ ਦਾ ਇਨਫਰਾਸਟਰਕਚਰ ਚੰਗਾ ਬਣਾ ਸਕਦੇ ਹਾਂ। ਲੇਕਿਨ ਉਹ ਸਕੀਮ ਹੀ ਬੰਦ ਕਰ ਦਿੱਤੀ ਗਈ। ਸਮੇਂ-ਸਮੇਂ ਸਿਰ ਸੈਂਟਰ ਸਰਕਾਰ ਵੱਲੋਂ ਕਿਸੇ ਨੇ ਸਕੀਮ ਚਲਾ ਦਿੱਤੀ ਅਤੇ ਕਿਸੇ ਨੇ ਬੰਦ ਕਰ ਦਿੱਤੀ। ਸੋ, ਮੈਂ ਸਮਝਦਾ ਹਾਂ ਕਿ ਇਸ ਨਾਲ ਸਾਡਾ ਕਾਫੀ ਨੁਕਸਾਨ ਹੋਇਆ ਹੈ। ਚੇਅਰਮੈਨ ਸਾਹਿਬ, ਇਸ ਦੇ ਬਾਵਜੂਦ ਵੀ ਸਾਡੀ ਸਰਕਾਰ ਨੇ 12894 ਪ੍ਰਾਇਮਰੀ ਸਕੂਲ, ਜਿਨ੍ਹਾਂ ਵਿੱਚ ਪ੍ਰੀ-ਪ੍ਰਾਇਮਰੀ ਅਤੇ ਪ੍ਰਾਇਮਰੀ ਸਕੂਲਾਂ ਵਿਚ ਲਗਭਗ 11 ਲੱਖ ਬੱਚੇ ਪੜ੍ਹਦੇ ਹਨ, ਤਕਰੀਬਨ 85 ਬੱਚੇ ਇਕ ਸਕੂਲ ਦੀ ਇੱਕ ਜਮਾਤ ਦੇ ਵਿੱਚ ਹਨ। ਮੈਂ ਸੀ.ਐਮ. ਸਾਹਿਬ ਦਾ ਅਤੇ ਖਾਸ ਕਰਕੇ ਸੋਨੀ ਜੀ ਦਾ ਇੱਕ ਵਾਰ ਫਿਰ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਬੜੇ ਚੰਗੇ ਢੰਗ ਨਾਲ ਪ੍ਰੀ-ਪ੍ਰਾਇਮਰੀ ਕਲਾਸਾਂ ਸ਼ੁਰੂ ਕਰਵਾਈਆਂ। ਇੱਕ ਨਵਾਂ ਇਤਿਹਾਸ ਸਿਰਜਣ ਦੀ ਕੋਸ਼ਿਸ਼ ਅਤੇ ਉਪਰਾਲਾ ਸਾਡੀ ਸਰਕਾਰ ਨੇ ਕੀਤਾ ਹੈ। ਸਿਰਫ ਇਹ ਹੀ ਨਹੀਂ ਸਮਾਰਟ ਕਲਾਸਿਜ਼ ਦੇ ਲਈ ਸਮਾਰਟ ਪ੍ਰਾਇਮਰੀ ਸਕੂਲ, ਜਿੱਥੇ ਐਨ.ਆਰ.ਆਈਜ਼. ਭਰਾਵਾਂ ਦੀ ਮਦਦ ਨਾਲ ਅਤੇ ਆਮ ਲੋਕਾਂ ਦੀ ਮਦਦ ਦੇ ਨਾਲ ਅੱਜ 2524 ਸਕੂਲਾਂ ਅੰਦਰ ਸਮਾਰਟ ਕਲਾਸਿਜ਼ ਬਣਾਈਆਂ ਗਈਆਂ ਹਨ, ਮੈਂ ਇਸ ਗੱਲ ਦਾ ਵੀ ਧੰਨਵਾਦੀ ਹਾਂ। ਇਹ ਹੀ ਬੱਸ ਨਹੀਂ, ਅਸੀਂ ਪਿਛਲੇ ਸਾਲ ਨਾਬਾਰਡ ਦੇ ਤਹਿਤ 1597 ਕਮਰੇ, ਨਵੀਆਂ ਕਲਾਸਿਜ਼ ਸਾਰੇ ਸਕੂਲਾਂ ਵਿੱਚ ਬਣਾਉਣ ਦਾ ਕੰਮ ਕੀਤਾ ਹੈ, ਮੈਂ ਦੁਬਾਰਾ ਆਪਣੀ ਸਰਕਾਰ ਅਤੇ ਮੰਤਰੀ ਸੋਨੀ ਸਾਹਿਬ ਦਾ ਧੰਨਵਾਦੀ ਹਾਂ। ਇਸ ਤਰ੍ਹਾਂ ਚੇਅਰਮੈਨ ਸਾਹਿਬ, 261 ਸਮਾਰਟ ਸਕੂਲ ਹਰ ਹਲਕੇ ਦੇ ਅੰਦਰ ਬਣਾਏ ਹਨ। ਸਾਹਮਣੇ ਮੇਰੇ ਭਰਾ

[ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ]

ਵੀ ਬੈਠੇ ਹਨ, ਮੈਂ ਇਹ ਪਹਿਲੀ ਵਾਰ ਦੇਖਿਆ ਹੈ ਕਿ ਹਰ ਹਲਕੇ ਦੇ ਅੰਦਰ ਅਤੇ ਤੁਹਾਡੇ ਹਲਕੇ ਦੇ ਅੰਦਰ ਚਾਹੇ ਆਪੋਜ਼ੀਸ਼ਨ ਨਾਲ ਸਬੰਧਿਤ ਹਨ, ਦੋ ਸਮਾਰਟ ਹਾਈ ਸਕੂਲ ਬਣਾਏ ਹਨ, ਜਿਨ੍ਹਾਂ ਵਿੱਚ ਕਿਸੇ ਉਤੇ 15 ਲੱਖ, 20 ਲੱਖ ਅਤੇ ਕਿਸੇ ਤੇ 18 ਲੱਖ ਦੀ ਰਾਸ਼ੀ ਦੇ ਕੇ ਦੋਵਾਂ ਤੋਂ ਹੀ ਸ਼ੁਰੂ ਕੀਤਾ ਹੈ। ਚੇਅਰਮੈਨ ਸਾਹਿਬ, ਆਉਣ ਵਾਲੇ ਸਮੇਂ ਲਈ ਡੀ.ਈ.ਓ. ਸਾਹਿਬਾਨਾਂ ਤੋਂ ਲਿਸਟਾਂ ਮੰਗੀਆਂ ਗਈਆਂ ਹਨ, ਇਹ ਕਿਹਾ ਗਿਆ ਹੈ ਕਿ ਹਰੇਕ ਇਲਾਕੇ ਦੇ 10-10 ਸਕੂਲਾਂ ਨੂੰ ਸਮਾਰਟ ਸਕੂਲ ਬਣਾਇਆ ਜਾਵੇਗਾ। ਉਸੇ ਤਰਜੀਹ ਉੱਤੇ ਇੱਕੋ ਤਰ੍ਹਾਂ ਦਾ ਪੈਟਰਨ ਰੱਖਿਆ ਗਿਆ ਹੈ। ਚਾਹੇ ਉਹ ਮੇਨ ਗੇਟ ਹੈ, ਚਾਹੇ ਉਹ ਕਲਰ ਹੈ। ਇਸ ਵਿੱਚ ਇਹ ਨਹੀਂ ਕਿ ਜੇਕਰ ਸਰਕਾਰ ਕਾਂਗਰਸ ਦੀ ਹੈ ਤਾਂ ਉਸ ਨੂੰ ਤਿੰਨ ਰੰਗਾਂ ਦਾ ਜਾਂ ਰੰਗ ਕਰਵਾ ਕੇ ਪੰਜੇ ਦਾ ਨਿਸ਼ਾਨ ਉੱਤੇ ਛਾਪ ਦਿਓ, ਉਸ ਤਰ੍ਹਾਂ ਨਹੀਂ ਕੀਤਾ । ਨੀਲੇ, ਪੀਲੇ ਕਰਨ ਦੀ ਸਾਡੀ ਕੋਈ ਤਜਵੀਜ਼ ਨਹੀਂ ਹੈ। ਅਸੀਂ ਸਾਰੇ ਸਕੂਲਾਂ ਦਾ ਇੱਕੋ ਤਰ੍ਹਾਂ ਦਾ ਰੰਗ, ਇੱਕੋ ਤਰ੍ਹਾਂ ਦਾ combination ਰੱਖਿਆ ਹੈ। ਸਾਰੇ ਸਮਾਰਟ ਸਕੂਲਾਂ ਦੀਆਂ ਕਲਾਸਿਜ਼ ਵਿੱਚ ਪੀ.ਓ.ਪੀ. ਕਰਵਾ ਕੇ, ਡਾਊਨ ਸੀਲਿੰਗ ਕਰਵਾ ਕੇ ਹਰ ਹਲਕੇ ਵਿੱਚ ਦੋ ਸਮਾਰਟ ਸਕੂਲ ਬਣਾਏ ਹਨ ਇਸ ਸਭ ਦੀਆਂ ਮੇਰੇ ਕੋਲ ਪਿਕਚਰਜ਼ ਵੀ ਹਨ। ਸੋ, ਚੇਅਰਮੈਨ ਸਾਹਿਬ, ਇਸੇ ਤਰਜੀਹ ਦੇ ਉੱਤੇ ਹੋਰ ਵੀ ਬੜੀਆਂ ਪ੍ਰਾਪਤੀਆਂ ਹਨ, ਜਿਹੜੀਆਂ ਕਿ ਸਾਡੀ ਸਰਕਾਰ ਨੇ ਕੀਤੀਆਂ ਹਨ, ਮੈਂ ਵਿਸਥਾਰਪੂਰਵਕ ਤੁਹਾਡਾ ਧਿਆਨ ਉਸ ਵੱਲ ਦਿਵਾਵਾਂਗਾ। ਚੇਅਰਮੈਨ ਸਾਹਿਬ, ਅਸੀਂ ਆਪਣੇ ਪ੍ਰਾਇਮਰੀ ਸਕੂਲਾਂ ਨੂੰ ਵਧੀਆ ਬਣਾਉਣ ਲਈ ਮੈਂ ਸਾਡੇ ਕਾਬਲ ਮੰਤਰੀ ਸ਼੍ਰੀ ਓ.ਪੀ.ਸੋਨੀ ਜੀ ਨੂੰ ਇੱਕ ਮਾਸਟਰ ਪਲਾਨ ਤਿਆਰ ਕਰਨ ਲਈ ਬੇਨਤੀ ਕਰਾਂਗਾ ਕਿ ਜਿੰਨਾ ਚਿਰ ਮਾਸਟਰ ਪਲਾਨ ਤਿਆਰ ਨਹੀਂ ਕਰਾਂਗੇ, ਉਨਾ ਚਿਰ ਕੋਈ ਗੱਲ ਨਹੀਂ ਬਣਨੀ, ਬੇਸ਼ੱਕ ਅਸੀਂ ਬੜਾ ਜ਼ੋਰ ਲਗਾ ਰਹੇ ਹਾਂ । ਸਰਕਾਰ ਨੇ ਇਹ ਸੋਚਿਆ ਹੈ ਕਿ ਸਾਨੂੰ ਐਜੂਕੇਸ਼ਨ ਦੇ ਅੰਦਰ ਕੋਈ ਨਾ ਕੋਈ ਰੋਲ ਮਾਡਲ, ਅਜਿਹਾ ਕੰਮ ਕਰਨਾ ਚਾਹੀਦਾ ਹੈ, ਜਿਸ ਨੂੰ ਦੁਨੀਆਂ ਅਤੇ ਦੇਸ਼ ਦੇ ਲੋਕ ਵੇਖਣ ਕਿ ਵਾਕਿਆ ਹੀ ਕੋਈ ਪੰਜਾਬ ਦੇ ਐਜੂਕੇਸ਼ਨ ਵਿੱਚ ਫਰਕ ਨਜ਼ਰ ਆਇਆ ਹੈ। ਸੋ, ਮੈਨੂੰ ਲੱਗਦਾ ਹੈ ਕਿ ਇੱਕ ਮਾਸਟਰ ਪਲਾਨ ਤਿਆਰ ਕਰਨਾ ਪਵੇਗਾ ਅਤੇ ਉਸ ਲਈ ਇੱਕ ਵਿਸ਼ੇਸ਼ ਫੰਡ ਰੱਖਣਾ ਚਾਹੀਦਾ ਹੈ। ਅੱਜ ਐਫ.ਐਮ. ਸਾਹਿਬ ਬੈਠੇ ਨਹੀਂ ਹਨ। ਮੈਂ ਤਾਂ ਪ੍ਰੀ-ਬਜਟ ਸੈਸ਼ਨ ਵਿੱਚ ਵੀ ਕਹਿ ਦਿੱਤਾ ਸੀ। ਹਾਲਾਂ ਕਿ ਇਹ ਗੱਲ ਇੱਥੇ ਕਰਨ ਵਾਲੀ ਨਹੀਂ ਪਰ ਫੇਰ ਵੀ ਚੇਅਰਮੈਨ ਸਾਹਿਬ, ਮੈਂ ਇੱਥੇ ਗੱਲ ਕਰਦਾ ਹਾਂ ਕਿਉਂਕਿ ਅਸੀਂ ਇੱਕ ਪਰਿਵਾਰ ਦੇ ਲੋਕ ਹਾਂ ਜੇ ਅਸੀਂ ਇਸ ਸਦਨ ਦੇ ਵਿਚ

ਗੱਲ ਨਹੀਂ ਕਰਾਂਗੇ ਤਾਂ ਕਿੱਥੇ ਕਰਾਂਗਾ? ਚੇਅਰਮੈਨ ਸਾਹਿਬ, ਬੜੀਆਂ ਉਂਗਲਾਂ ਉੱਠੀਆਂ। ਬੇਸ਼ਕ ਇਨ੍ਹਾਂ ਨੇ ਡੈਮੋ ਫੋਨਾਂ ਦੀ ਗੱਲ ਕੀਤੀ, ਸਟਾਲ ਲਗਾਈ ਗਈ। (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਕਿਉਂਕਿ ਸਰਕਾਰ ਦੇ ਉੱਤੇ ਪ੍ਰੈਸ਼ਰ ਹੈ। ਜੋ ਗੱਲਾਂ ਅਸੀਂ ਮੈਨੀਫੈਸਟੋ ਵਿਚ ਕਹੀਆਂ, ਉਨ੍ਹਾਂ ਨੂੰ ਪੂਰਾ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ ਔਰ ਸਰਕਾਰ ਇਸ ਦੇ ਲਈ ਤਤਪਰ ਵੀ ਹੈ ਤੇ ਕਰੇਗੀ ਵੀ। ਜਦੋਂ ਪ੍ਰੀ ਬਜਟ ਡਿਸਕਸ਼ਨ ਮੁੱਖ ਮੰਤਰੀ ਸਾਹਿਬ ਨਾਲ ਹੋਈ ਤਾਂ ਮੈਂ ਕਿਹਾ ਸੀ ਕਿ ਆਹ ਟੈਲੀਫੋਨ ਲੇਟ ਕਰ ਲਵੋ। ਮੈਂ ਕਿਹਾ ਕਿ ਅਸੀਂ ਜਾ ਕੇ ਲੋਕਾਂ ਦਾ ਸਾਹਮਣਾ ਕਰ ਲਵਾਂਗੇ, ਜਿਹੜਾ 10 ਕਰੋੜ ਜਾਂ ਹੋਰ ਵਾਧੂ ਪੈਸਾ ਸਮਾਰਟ ਫੋਨ ਵਾਸਤੇ ਰੱਖਿਆ ਗਿਆ ਹੈ, ਮੈਨੂੰ ਪਤਾ ਨਹੀਂ ਕਿ ਪੂਰੀ ਫਿੱਗਰ ਕੀ ਹੈ, ਬੇਸ਼ਕ ਇਨ੍ਹਾਂ ਨੂੰ delay ਕਰ ਲਵੋ। ਮੈਂ ਕਿਹਾ ਕਿ ਟੈਲੀਫੋਨ ਵਾਲਾ ਪੈਸਾ ਸਾਰਾ ਸੋਨੀ ਸਾਹਿਬ ਨੂੰ ਦਿਓ ਤਾਂ ਕਿ ਪਹਿਲਾਂ ਅਸੀਂ ਐਜੂਕੇਸ਼ਨ ਨੂੰ ਵਧੀਆ ਤਰੀਕੇ ਨਾਲ ਚਲਾ ਸਕੀਏ। ਮੇਰੀ ਗੱਲ ਉਤੇ ਕੈਪਟਨ ਅਮਰਿੰਦਰ ਸਿੰਘ ਜੀ ਨੇ ਹੁੰਗਾਰਾ ਭਰਿਆ ਅਤੇ ਫਾਈਨਾਂਸ ਮਨਿਸਟਰ ਅਤੇ ਸਾਰੇ ਐਮ.ਐਲ.ਏਜ਼. ਸਾਹਿਬਾਨ ਨੇ ਇਸ ਗੱਲ ਲਈ ਮੇਰੀ ਮਦਦ ਕੀਤੀ ਪਰ ਫਿਰ ਵੀ ਪਰੈਸ਼ਰ ਸੀ, ਕਿਉਂਕਿ ਸਰਕਾਰ ਨੇ ਸਾਰੇ ਪੱਖ ਵੇਖਣੇ ਹਨ। ਜਿਵੇਂ ਕਿ ਕੱਲ੍ਹ ਦੱਸ ਕੇ ਗਏ ਹਨ ਕਿ ਪੰਜਾਬ ਦੇ ਸਿਰ ਉੱਤੇ ਕਿੰਨਾ ਕਰਜ਼ਾ ਸੀ । ਮੈਂ ਸਮਝਦਾ ਹਾਂ ਕਿ ਫੇਰ ਵੀ ਇਨ੍ਹਾਂ ਹਾਲਾਤਾਂ ਵਿਚ ਬਹੁਤ ਕੁਝ ਕੀਤਾ ਜਾ ਰਿਹਾ ਹੈ। ਇਸ ਲਈ ਸਰਕਾਰ ਨੂੰ ਸਾਬਾਸ਼ ਦੇਣ ਦੀ ਲੋੜ ਹੈ। ਚੇਅਰਮੈਨ ਸਾਹਿਬ, ਕਈ ਵਾਰੀ ਸਕੂਲਾਂ ਵਿਚ ਜਾਂਦੇ ਹਾਂ,ਕਈ ਸਕੂਲਾਂ ਨੂੰ ਬਿਜਲੀ ਦੇ ਬਿਲਾਂ ਦਾ ਸਾਲ ਦਾ 7500/- ਰੁਪਿਆ ਮਿਲਦਾ ਸੀ ਪਰ ਹੁਣ ਉਹ ਵੀ ਨਹੀਂ ਮਿਲਦਾ। ਇਹ ਪੈਸਾ ਸੈਂਟਰ ਤੋਂ ਆਉਂਦਾ ਸੀ, ਹੁਣ ਉਹ ਨਹੀਂ ਦਿੰਦੇ, ਕਈ ਸਕੂਲਾਂ ਦੇ ਬਿਜਲੀ ਦੇ ਬਿਲ ਖੜ੍ਹੇ ਹਨ। ਪਰ ਸਾਡੀ ਸਰਕਾਰ ਨੇ ਇੱਕ ਸਪੈਸ਼ਲ ਫੰਡ ਮੁਹੱਈਆ ਕਰਵਾ ਕੇ ਪਿਛਲੇ ਦਿਨਾਂ ਵਿਚ ਸਕੂਲਾਂ ਦੇ ਬਿਜਲੀ ਦੇ ਬਿਲ ਮਾਫ ਕੀਤੇ। ਮਗਰਲੀਆਂ ਸਰਕਾਰਾਂ ਨੇ ਮੋਟਰਾਂ ਦੇ ਬਿਲ ਬਿਜਲੀ ਦੇ ਬਿਲ ਮੁਆਫ ਕਰ ਦਿੱਤੇ ਪਰ ਸਕੂਲਾਂ ਦੇ ਤਾਂ ਪਹਿਲਾਂ ਮੁਆਫ ਕਰਨੇ ਚਾਹੀਦੇ ਸਨ ਪਰ ਸਾਡੀ ਸਰਕਾਰ ਨੇ ਸਪੈਸ਼ਲ ਫੰਡ ਰੱਖ ਕੇ ਪਹਿਲਾਂ ਉਨ੍ਹਾਂ ਸਕੂਲਾਂ ਦੇ ਜਿਨ੍ਹਾਂ ਦੇ ਮੀਟਰ ਕੱਟੇ ਜਾਣੇ ਸੀ, ਉਨ੍ਹਾਂ ਨੂੰ ਪੈਸੇ ਮੁਹੱਈਆ ਕਰਵਾਏ ਤਾਂ ਅੱਜ ਉਨ੍ਹਾਂ ਦੀ ਬਿਜਲੀ ਚਲਦੀ ਹੈ। ਇਹ ਸਾਡੇ ਮੰਤਰੀ ਸਾਹਿਬ ਦੀ ਸੋਚ ਕਰਕੇ ਹੈ। ਸਾਡੇ ਮੰਤਰੀ ਸਾਹਿਬ ਨੇ ਕਿਹਾ ਕਿ ਪਹਿਲਾਂ ਕੋਈ ਐਸਾ ਫੰਡ ਕਰੀਏਟ ਕਰੋ ਜਿਸ ਨਾਲ ਉਨ੍ਹਾਂ ਦੇ ਬਿਜਲੀ ਦੇ ਮੀਟਰ ਨਾ ਕੱਟੇ ਜਾਣ

[ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ]
ਕਿਉਂਕਿ ਉਨ੍ਹਾਂ ਦਾ ਦੋ-ਦੋ, ਚਾਰ-ਚਾਰ ਸਾਲਾਂ ਦਾ ਬਕਾਇਆ ਖੜ੍ਹਿਆ ਸੀ। ਸਪੀਕਰ ਸਾਹਿਬ, ਮੇਰੇ ਤੋਂ ਵਾਰੀ-ਵਾਰੀ ਸਪੀਕਰ ਸਾਹਿਬ ਨਿਕਲ ਰਿਹਾ ਹੈ ਚੇਅਰਮੈਨ ਸਾਹਿਬ।(ਹਾਸਾ) ਚਲੋ ਰੱਬ, ਤੁਹਾਨੂੰ ਸਪੀਕਰ ਸਾਹਿਬ ਹੀ ਬਣਾ ਦੇਵੇ, ਕਦੇ ਵਾਰੀ-ਵਾਰੀ ਮੂੰਹ ਚੋਂ ਨਿਕਲੀ ਗੱਲ ਪੱਕੀ ਹੋ ਜਾਂਦੀ ਹੈ। ਬੇਸ਼ੱਕ ਸਪੀਕਰ ਬਣਨ ਨੂੰ ਤੁਹਾਡਾ ਚਿੱਤ ਨਾ ਕਰਦਾ ਹੋਵੇ, ਨਹੀਂ ਤਾਂ ਡਿਪਟੀ ਬਣਾ ਦੇਵੇ।(ਹਾਸਾ) ਸਰ, ਇੱਕ ਮਾਸਟਰ ਪਲਾਨ ਤਿਆਰ ਕਰਨਾ ਪਵੇਗਾ ਤੇ ਉਸ ਲਈ ਵਿਸ਼ੇਸ਼ ਫੰਡ ਇਨਫਰਾਸਟਰਕਚਰ ਅਤੇ ਬਿਲਡਿੰਗ ਵਾਸਤੇ ਰੱਖਣੇ ਪੈਣਗੇ ਤਾਂ ਕਿ ਅਸੀਂ ਨਵਾਂ ਕੁਝ ਕਰ ਸਕੀਏ।ਇਸ ਕੰਮ ਲਈ ਸਾਨੂੰ ਐਨ.ਆਰ.ਆਈ. ਭਰਾਵਾਂ ਨੂੰ ਵੀ ਸੱਦਾ ਦੇਣਾ ਪਵੇਗਾ। ਚੇਅਰਮੈਨ ਸਾਹਿਬ, ਜਿਹੜਾ ਸਾਡਾ hospital ਹੈ, ਪੰਜਾਬ ਵਿਚ ਉਹ ਨੰਬਰ ਇੱਕ ਬਣਿਆ ਹੈ। ਮੈਨੂੰ ਉਸ ਦੀ ਕਾਇਆ ਕਲਪ ਕਰਨ ਲਈ 15 ਲੱਖ ਰੁਪਿਆ ਦਿੱਤਾ ਹੈ ਇਸ ਦੇ ਤਹਿਤ ਹੀ ਇਹ ਕੰਮ ਹੋਇਆ ਹੈ। ਲੋਕਾਂ ਦੇ ਸਹਿਯੋਗ ਅਤੇ ਮਦਦ ਨਾਲ ਹੀ ਇਹ ਕੰਮ ਹੋਇਆ ਹੈ। ਸਰਕਾਰ ਨੇ ਮਦਦ ਕੀਤੀ ਅਤੇ ਕੁਝ ਐਨ.ਆਰ.ਆਈ. ਭਰਾਵਾਂ ਨੇ ਮਦਦ ਕੀਤੀ ਤਾਂ ਅੱਜ ਇਸ ਹਸਪਤਾਲ ਵਿਚ ਹਰ ਚੀਜ਼ ਦੀ ਸਹੂਲਤ ਹੈ।ਇਸੇ ਤਰ੍ਹਾਂ ਕਈ ਐਨ.ਆਰ.ਆਈਜ਼ ਆਉਂਦੇ ਹਨ ਤਾਂ ਉਹ ਕਹਿੰਦੇ ਹਨ ਕਿ ਕੋਈ ਸੇਵਾ ਲਾਓ ਜਾਂ ਕੋਈ ਕੰਮ ਸਾਨੂੰ ਦੱਸੋ, ਅਸੀਂ ਲੋਕ ਸੇਵਾ ਕਰਨੀ ਚਾਹੁੰਦੇ ਹਾਂ। ਅਸੀਂ ਸਕੂਲਾਂ ਦੇ ਵਿਚ ਕੋਈ ਆਰ.ਓ. ਲਵਾ ਦੇਈਦਾ ਹੈ, ਕਈ ਵਾਰੀ ਕੋਈ ਫਿਲਟਰ ਲਵਾ ਦੇ ਈਦਾ ਹੈ। ਸੋ, ਇਸ ਵਿਚ ਐਨ.ਆਰ.ਆਈਜ਼ ਅਤੇ ਇੰਡਸਟਰੀਲਿਸਟਾਂ ਦੀ ਮਦਦ ਲੈਣੀ ਪਵੇਗੀ। ਸਾਰਿਆਂ ਦੇ ਹਲਕਿਆਂ ਵਿਚ ਇੰਡਸਟਰੀ ਲੱਗੀ ਹੋਈ ਹੈ। ਮੈਂ ਸਰਕਾਰ ਨੂੰ ਵੀ ਅਤੇ ਸੋਨੀ ਸਾਹਿਬ ਜੀ ਨੂੰ ਵੀ ਬੇਨਤੀ ਕਰਾਂਗਾ ਕਿ ਸੀ.ਐਸ.ਆਰ. ਦਾ ਪੈਸਾ ਹਰੇਕ ਇੰਡਸਟਰੀ ਕੋਲ ਆਉਂਦਾ ਹੈ, ਉਨ੍ਹਾਂ ਨੇ ਲਗਾਉਣਾ ਹੈ।ਚੇਅਰਮੈਨ ਸਾਹਿਬ, ਉਨ੍ਹਾਂ ਨੇ ਕੀ ਕੀਤਾ, ਆਪਣੀਆਂ ਆਪਣੀਆਂ NGOs ਬਣਾ ਲਈਆਂ, ਉਹ NGOs ਦੇ ਤਹਿਤ ਉਥੇ ਪੈਸਾ ਖਰਚ ਕਰ ਦਿੰਦੇ ਹਨ ਫਿਰ ਉਥੋਂ ਜਿਹੜਾ ਪੈਸਾ ਬਚ ਜਾਂਦਾ ਹੈ, ਉਹ ਉਨ੍ਹਾਂ ਕੋਲ ਹੀ ਪੈਸਾ ਰਹਿੰਦਾ ਹੈ। ਮੈਨੂੰ ਲਗਦਾ ਹੈ ਕਿ ਆਪਣੇ ਕੋਲ ਇੰਨੇ ਸਕੂਲ ਹਨ, ਜੇਕਰ ਸਰਕਾਰ ਇਸ ਵਿਚ ਉਪਰਾਲਾ ਕਰੇ ਤਾਂ ਸਾਰੇ ਇੰਡਸਟਰੀ ਮਨਿਸਟਰ ਅਤੇ ਇੰਡਸਟਰੀ ਸੈਕਟਰੀਜ਼ ਨਾਲ ਮੀਟਿੰਗ ਕਰੇ ਕਿ ਜਿੱਥੇ-ਜਿੱਥੇ ਜਿਹੜੇ ਇਲਾਕਿਆਂ ਦੇ ਵਿਚ ਇੰਡਸਟਰੀ ਹੈ, ਜਿਵੇਂ ਸਾਡੇ ਮੁਕਤਸਰ ਸਾਹਿਬ ਦੇ ਵਿਚ ਪੇਪਰ ਮਿੱਲ ਹੈ ਮੈਂ ਉਨ੍ਹਾਂ ਦੇ ਨਾਲ ਮਿਲ ਕੇ ਤਿੰਨ ਸਕੂਲ ਸਪਾਂਸਰ ਕਰਵਾਏ ਹਨ। ਉਨ੍ਹਾਂ ਦਾ ਜਿਹੜਾ ਸੀ.ਐਸ.ਆਰ. ਦਾ ਪੈਸਾ ਹੈ ਉਹ ਅਸੀਂ ਸਕੂਲਾਂ ਵਿੱਚ ਲਗਾ ਕੇ ਸਕੂਲ

ਵਧੀਆ ਬਣਾਏ ਜਾ ਸਕਦੇ ਹਨ ਔਰ ਕੁਝ ਹਿੱਸਾ ਸਕੂਲਾਂ ਉਤੇ ਲਗਦਾ ਵੀ ਹੈ। 5-7-10 ਲੱਖ ਰੁਪਏ ਨਾਲ, ਵੱਧ ਤੋਂ ਵੱਧ 10 ਲੱਖ ਰੁਪਏ ਨਾਲ ਸਕੂਲ ਦਾ ਚੰਗਾ ਇਨਫਰਾਸਟਰੱਕਚਰ, ਰੰਗ-ਰੋਗਨ, ਬੈਂਚ, ਉਨ੍ਹਾਂ ਦੇ ਟੁਆਲਿਟ ਸਿਸਟਮ, ਉਹ ਸਾਰਾ ਗੇਟ ਬਣਾਇਆ ਜਾ ਸਕਦਾ ਹੈ ਤਾਂ ਬੱਚਿਆਂ ਦਾ ਆਉਣ ਨੂੰ ਦਿਲ ਕਰਦਾ ਹੈ। ਕਈ ਸਾਡੀ ਜਾਨ ਨੂੰ ਇਹ ਰੌਲੇ ਪਏ ਹੋਏ ਹਨ ਕਿ ਬੱਚਿਆਂ ਨੂੰ ਆਹ ਕਰ ਦਿੱਤਾ ਕਿ ਅੱਠਵੀਂ ਕਲਾਸ ਤੱਕ ਜਿਹੜੇ ਸਕੂਲ ਵਿੱਚ ਆਉਂਦੇ ਹਨ, ਸੈਂਟਰ ਸਰਕਾਰ ਤੋਂ ਹੋਇਆ ਹੈ ਕਿ ਅੱਠਵੀਂ ਕਲਾਸ ਤੱਕ ਉਹ ਆਉਣ, ਨਾ ਆਉਣ ਲੇਕਿਨ ਉਨ੍ਹਾਂ ਨੂੰ ਪਾਸ ਕਰ ਦਿੱਤਾ ਜਾਂਦਾ ਹੈ। ਸੋ, ਇਸ ਕਰਕੇ ਕਈਆਂ ਦੀ ਰੁਚੀ ਹੀ ਨਹੀਂ ਰਹਿੰਦੀ। ਸੋ, ਜਾ ਕੇ ਦਰੀ ਤੇ ਬਹਿਣਾ ਹੈ, ਤੜਕੇ ਮਾਂ ਨੇ ਤਿਆਰ ਕਰਕੇ ਭੇਜਣਾ ਹੈ ਅਤੇ ਉਸ ਨੇ ਲਿੱਬੜ ਕੇ ਆਉਣਾ ਹੈ ਤਾਂ ਕਈ ਵਾਰ ਬੱਚੇ ਸਕੂਲ ਜਾਂਦੇ ਹੀ ਨਹੀਂ। ਸੋ, ਮੈਨੂੰ ਲੱਗਦਾ ਹੈ ਕਿ ਇਸ ਦੇ ਬਾਰੇ ਵੀ, ਸੋਨੀ ਸਾਹਿਬ, ਤੁਸੀਂ ਅਗਰ ਸੈਂਟਰ ਸਰਕਾਰ ਨੂੰ ਚਿੱਠੀ ਲਿਖੋ ਜਾਂ ਲੜਾਈ ਲੜੋ ਕਿ ਕਮ-ਅਜ਼-ਕਮ ਕੋਈ ਐਗਜ਼ਾਮ ਹੋਣਾ ਚਾਹੀਦਾ ਹੈ, ਕੋਈ ਨਾ ਕੋਈ ਉਸ ਦੀ ਅਟੈਂਡੈਂਸ ਹੋਣੀ ਚਾਹੀਦੀ ਹੈ, ਉਹ ਬੱਚਾ ਆਇਆ ਵੀ ਨਹੀਂ ਅਤੇ ਉਸ ਨੂੰ ਪਾਸ ਕਰਨਾ ਪਏਗਾ। ਸੋ, ਇਸ ਤੇ ਅਗਰ ਵਿਚਾਰ ਕਰੋਗੇ, ਸੋਨੀ ਸਾਹਿਬ, ਤੁਸੀਂ ਲੜਾਈ ਲੜ ਵੀ ਰਹੇ ਹੋ। ਮੈਨੂੰ ਪਤਾ ਹੈ, ਤੁਸੀਂ ਮੈਨੂੰ ਹੁਣੇ ਦੱਸਿਆ ਹੈ ਕਿ ਮੈਂ ਲਿਖਿਆ ਵੀ ਹੈ। ਸੋ, ਇਹ ਚੰਗਾ ਹੋਏਗਾ।ਸੋ, ਐਨ.ਆਰ.ਆਈ. ਭਰਾਵਾਂ ਦੀ ਮਦਦ ਦੇ ਨਾਲ, ਇੰਡਸਟਰੀਲਿਸਟਾਂ ਦੀ ਮਦਦ ਦੇ ਨਾਲ, ਉਨ੍ਹਾਂ ਦੇ ਸਹਿਯੋਗ ਦੇ ਨਾਲ ਅਸੀਂ ਨਵੇਂ ਨਾਮ ਦੇ ਨਾਲ ਸ਼ੁਰੂ ਕਰੀਏ। ਮੈਂ ਇਸ ਸਬੰਧੀ ਸਲੋਗਨ ਵੀ ਦੇਣਾ ਚਾਹੁੰਦਾ ਹਾਂ, ਸੋਨੀ ਸਾਹਿਬ, ਇਹੋ ਜਿਹਾ ਕੋਈ ਸਲੋਗਨ ਦੇ ਕੇ ਕੰਮ ਕਰੀਏ, ਜਿਵੇਂ ਪਹਿਲਾਂ ਵੀ ਐਜੂਕੇਸ਼ਨ ਮਹਿਕਮੇ ਦੇ ਵਿੱਚ ਸਲੋਗਨ ਆਉਂਦੇ ਹਨ, ਜਿਨ੍ਹਾਂ ਨੂੰ ਦੇਖ ਕੇ, ਜਿਨ੍ਹਾਂ ਨੂੰ ਸੁਣ ਕੇ ਆਮ ਬੱਚਿਆਂ ਦਾ ਵੀ ਚਿੱਤ ਕਰਦਾ ਹੈ, ਉਹ ਪੜ੍ਹਦੇ ਹਨ। ਆਓ, "ਠੋਸ ਇਮਾਰਤ, ਮਜ਼ਬੂਤ ਬੱਚੇ" ਨਾਮ ਦੀ ਸਕੀਮ ਸ਼ੁਰੂ ਕਰੀਏ। ਅਗਰ ਇਹੋ ਜਿਹੀ ਸਕੀਮ ਸ਼ੁਰੂ ਕਰੀਏ, ਜਿਸ ਵਿੱਚ ਜੋ ਮੁੱਖ ਕੰਮ ਹੋਣ, ਜਿਵੇਂ ਕਿ ਵਧੀਆ ਬਿਲਡਿੰਗ, ਸਮਾਰਟ ਕਲਾਸਿਜ਼, ਸਾਫ ਸੁਥਰਾ ਪੀਣ ਦਾ ਪਾਣੀ, ਸਾਰਾ ਇਨਫਰਾਸਟਰਕਚਰ ਹੋਵੇ। ਇਸ ਤਰ੍ਹਾਂ ਦੇ ਕੋਈ ਪੰਜ-ਛੇ ਪੁਆਇੰਟ ਆਪਾਂ ਰੱਖ ਲਈਏ। ਇਸ ਤਰ੍ਹਾਂ ਦੇ ਸਲੋਗਨ ਦੇਈਏ ਕਿ ਹਰ ਸਕੂਲ ਦੇ ਅੰਦਰ ਇਨ੍ਹਾਂ ਦੇ ਉਤੇ ਨਜ਼ਰ ਰੱਖਣੀ ਚਾਹੀਦੀ ਹੈ। ਮੈਨੂੰ ਲੱਗਦਾ ਹੈ ਕਿ ਇਸ ਤਰ੍ਹਾਂ ਕਰਕੇ ਮੈਂਟੀਨੈਂਸ ਦੇ ਲਈ ਆਪਾਂ ਫੰਡ ਮੁਹੱਈਆ ਕਰਵਾ ਹੀ ਲਵਾਂਗੇ। ਅਸੀਂ ਕਿਹਾ

[ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ]

ਹੈ ਕਿ ਐਨ.ਆਰ.ਆਈ. ਭਰਾ ਅਤੇ ਜਿੰਨੇ ਵੀ ਇੰਡਸਟਰੀਲਿਸਟ ਹਨ ਔਰ ਸਰਕਾਰ ਇਸ ਦੇ ਲਈ ਕੋਈ ਸਪੈਸ਼ਲ ਫੰਡ ਨਿਰਧਾਰਤ ਕਰੇ ਅਤੇ ਉਸ ਦੀ ਦੇਖ-ਰੇਖ ਦੇ ਲਈ ਵੀ ਇੱਕ ਕਮੇਟੀ ਬਣਾਈ ਜਾਵੇ, ਜਿਹੜੀ ਮੁਕੰਮਲ ਦੇਖ-ਰੇਖ ਕਰੇ। ਜਿਵੇਂ ਕਿ ਐਤਕੀਂ ਮੰਡੀਆਂ ਦੇ ਵਿੱਚ ਤੁਸੀਂ ਸਾਰਾ ਪਿਛਲਾ ਜਿਹੜਾ ਇਨਫਰਾਸਟਰੱਕਚਰ ਸੀ, ਜਿੰਨੀਆਂ ਮੰਡੀ ਬੋਰਡ ਦੀਆਂ ਸਾਡੀਆਂ ਸੜਕਾਂ ਸੀ, 31000 ਕਿਲੋਮੀਟਰ ਦੇ ਲਗਭਗ, ਨਵੀਂ ਸੜਕ ਦਾ ਕੋਈ ਨਿਰਮਾਣ ਨਹੀਂ ਕੀਤਾ ਲੇਕਿਨ ਪੁਰਾਣੀਆਂ ਸੜਕਾਂ 31000 ਕਿਲੋਮੀਟਰ ਦੇ ਲਗਭਗ ਸਾਲ 2020 ਤੱਕ ਪੰਜਾਬ ਦੀਆਂ ਮੁਕੰਮਲ ਹੋ ਜਾਣੀਆਂ ਹਨ, ਇਨ੍ਹਾਂ ਵਿਚੋਂ 16-17000 ਕਿਲੋਮੀਟਰ ਦੇ ਲਗਭਗ ਮੁਕੰਮਲ ਹੋ ਚੁੱਕੀਆਂ ਹਨ ਜਿਹੜੇ ਪੁਰਾਣੇ ਰਸਤੇ ਹਨ। ਇਸੇ ਤਰ੍ਹਾਂ ਹੀ ਤੁਸੀਂ ਵੀ ਅਗਰ ਨਵੇਂ ਸਕੂਲ ਦੀ ਬਜਾਏ, ਸੋਨੀ ਸਾਹਿਬ, ਤੁਹਾਡੀ ਅਗਰ ਇਸੇ ਤਰ੍ਹਾਂ ਹੀ ਮਿਹਨਤ ਜਾਰੀ ਰਹੇਗੀ ਤਾਂ ਅਸੀਂ ਪੰਜਾਬ ਦੇ ਸਾਰੇ ਸਕੂਲਾਂ ਦੇ ਵਿੱਚ ਇਹ ਪੰਜ-ਛੇ ਪੁਆਇੰਟ ਲੈ ਕੇ ਔਰ ਇਸ ਨਾਅਰੇ ਨੂੰ ਲੈ ਕੇ "ਠੋਸ ਇਮਾਰਤ, ਮਜ਼ਬੂਤ ਬੱਚੇ" ਨਾਲ ਅਸੀਂ ਆਉਣ ਵਾਲੇ ਸਮੇਂ ਵਿੱਚ ਪ੍ਰਾਇਮਰੀ ਐਜੂਕੇਸ਼ਨ ਤੇ ਸਕੂਲਾਂ ਨੂੰ ਮਜ਼ਬੂਤ ਕਰ ਸਕਦੇ ਹਾਂ। ਚੇਅਰਮੈਨ ਸਾਹਿਬ, ਇਸ ਦੇ ਨਾਲ-ਨਾਲ ਅਧਿਆਪਕਾਂ ਨੂੰ ਵੀ ਜਵਾਬਦੇਹ ਬਣਾਇਆ ਜਾਵੇ ਤਾਂ ਜੋ ਜਿਹੜਾ ਪ੍ਰਾਈਵੇਟ ਸਕੂਲਾਂ ਦਾ ਸਿਸਟਮ ਵਧ ਰਿਹਾ ਹੈ, ਉਹ ਰੁਕ ਸਕੇ। ਬਹੁਤੇ ਅਧਿਆਪਕ ਬਹੁਤ ਚੰਗੇ ਵੀ ਹਨ। ਕਈ ਵਾਰ ਤੁਸੀਂ ਆਪਣੇ ਸਕੂਲਾਂ ਵਿੱਚ ਆਪ ਜਾਵੋਗੇ, ਆਪਾਂ ਸਾਰੇ ਆਪਣੇ-ਆਪਣੇ ਹਲਕਿਆਂ ਵਿੱਚ ਜਾਂਦੇ ਹਾਂ, ਤੁਸੀਂ ਵੇਖੋਗੇ ਕਿ ਕਈ ਅਧਿਆਪਕ ਪਿੰਡ ਦੇ ਸਹਿਯੋਗ ਦੇ ਨਾਲ, ਇਲਾਕੇ ਦੇ ਸਹਿਯੋਗ ਦੇ ਨਾਲ, ਬਿਨਾਂ ਪੈਸਾ ਲਿਆ, ਮੇਰੇ ਹਲਕੇ ਦੇ ਵਿੱਚ 10-15 ਸਕੂਲ ਹੋਣਗੇ, ਜਿਥੇ ਅਧਿਆਪਕ, ਮੁੱਖ ਅਧਿਆਪਕ ਇੰਨੇ ਕਾਬਲ ਹਨ, ਸੋਨੀ ਸਾਹਿਬ, ਜਿਨ੍ਹਾਂ ਨੇ ਆਪਣੇ ਆਪ ਪੈਸਾ ਇਕੱਠਾ ਕਰਕੇ ਸਕੂਲ ਵਧੀਆ ਬਣਾਏ ਹਨ ਕਿ ਪ੍ਰਾਈਵੇਟ ਸਕੂਲਾਂ ਤੋਂ ਉਥੇ ਵੱਧ ਐਡਮਿਸ਼ਨ ਹੈ ਅਤੇ ਉਨ੍ਹਾਂ ਸਕੂਲਾਂ ਵਿੱਚ ਹਰ ਚੀਜ਼ ਦੀ ਸਹੂਲਤ ਹੈ ਪਰ ਕਈ ਨਲਾਇਕ ਵੀ ਹਨ। ਉਨ੍ਹਾਂ ਕੋਲ ਪੈਸਾ ਵੀ ਆਇਆ, ਉਹ ਸਮਝ ਨਹੀਂ ਆਈ ਕਿ ਕਿੱਥੇ ਲੱਗਿਆ ਜਾਂ ਕੀ ਨਹੀਂ ਹੋਇਆ, ਇਸ ਤਰ੍ਹਾਂ ਦੀ ਵੀ ਕਹਾਣੀ ਹੈ। ਮੈਨੂੰ ਲਗਦਾ ਹੈ ਕਿ ਜਿਹੜੇ ਇਹੋ ਜਿਹੇ ਅਧਿਆਪਕ ਹਨ, ਮੁੱਖ ਅਧਿਆਪਕ ਹਨ, ਪਿੱਛੇ ਜਿਹੇ ਮੈਂ ਅਖਬਾਰ ਵਿੱਚ ਪੜ੍ਹਿਆ ਸੀ, ਮੈਨੂੰ ਪਤਾ ਨਹੀਂ ਕਿ ਉਸ ਮੀਟਿੰਗ ਦਾ ਕੀ ਹੋਇਆ ਕਿ ਤੁਸੀਂ ਇਹੋ ਜਿਹੇ ਮੁੱਖ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਸੀ, ਮੁੱਖ ਮੰਤਰੀ ਸਾਹਿਬ ਨਾਲ ਚਾਹ ਤੇ ਵੀ ਸੱਦਾ ਪੱਤਰ ਦਿੱਤਾ ਸੀ। ਫਿਰ ਪਤਾ

ਨਹੀਂ ਉਸ ਮੀਟਿੰਗ ਦਾ ਕੀ ਹੋਇਆ । ਸਰ, ਇਹੋ ਜਿਹੇ ਲੋਕਾਂ ਨੂੰ ਸਨਮਾਨਿਤ ਕਰਨਾ ਚਾਹੀਦਾ ਹੈ। ਜਿਹੜੇ ਮੁੱਖ ਅਧਿਆਪਕਾਂ ਨੇ ਆਪਣੇ ਸਕੂਲ ਆਪ ਸੰਵਾਰੇ ਹਨ, ਉਨ੍ਹਾਂ ਨੂੰ ਸਨਮਾਨਿਤ ਕਰਨਾ ਚਾਹੀਦਾ ਹੈ। ਅਗਰ ਤੁਸੀਂ ਉਨ੍ਹਾਂ ਨੂੰ ਕੁਝ ਨਾ ਕੁਝ ਸਟੇਟ ਪੱਧਰ ਉਤੇ ਸਨਮਾਨਿਤ ਕਰੋਗੇ, ਮੁੱਖ ਮੰਤਰੀ ਸਾਹਿਬ ਨਾਲ ਉਨ੍ਹਾਂ ਅਧਿਆਪਕਾਂ ਦੀ ਮੀਟਿੰਗ ਹੋਵੇਗੀ ਤਾਂ ਉਨ੍ਹਾਂ ਦਾ ਮਨੋਬਲ ਹੋਰ ਵਧੇਗਾ। ਮੇਰੀ ਇਹ ਤੁਹਾਨੂੰ ਇਸ ਗੱਲ ਦੀ ਬੇਨਤੀ ਹੈ ਔਰ ਜਿਹੜੇ ਕੋਈ ਇਧਰ ਉਧਰ ਦੇ ਕੰਮ ਨਹੀਂ ਕਰਦੇ, ਉਨ੍ਹਾਂ ਨੂੰ ਵੀ ਦੱਸਿਆ ਜਾਵੇ ਕਿ ਭਾਈ ਇਨ੍ਹਾਂ ਨੂੰ ਵੇਖ ਕੇ ਤੁਸੀਂ ਆਪਣੇ ਸਕੂਲ, ਆਪਣੇ ਪੱਧਰ ਉਤੇ ਬਹੁਤ ਚੰਗੇ ਬਣਾ ਸਕਦੇ ਹੋ। ਮੈਂ ਇਸ ਦੇ ਨਾਲ-ਨਾਲ ਇਹ ਵੀ ਕਹਿਣਾ ਚਾਹਾਂਗਾ ਕਿ ਸੀ.ਸੀ.ਟੀ.ਵੀ.ਕੈਮਰੇ ਰਾਹੀਂ ਸਾਰੇ ਸਕੂਲਾਂ ਨੂੰ ਜ਼ਿਲ੍ਹਾ ਅਤੇ ਸਟੇਟ ਲੈਵਲ ਉਤੇ ਜੋੜਿਆ ਜਾਵੇ, ਕੀ-ਕੀ ਐਕਟੀਵਿਟੀਜ਼ ਹੁੰਦੀਆਂ ਹਨ, ਕੀ ਸਿਸਟਮ ਚਲਦਾ ਹੈ, ਕਿਸ ਤਰ੍ਹਾਂ ਸਕੂਲ ਦਾ ਸਾਰਾ ਕਾਰ-ਵਿਹਾਰ ਚਲਦਾ ਹੈ, ਕਈ ਤਾਂ ਆਉਂਦੇ ਹੀ ਨਹੀਂ ਮੇਰੇ ਵਰਗੇ, ਕਈ ਉਥੇ ਪੜ੍ਹਾਉਂਦੇ ਹੀ ਰਹਿੰਦੇ ਹਨ। ਸੋ, ਅਗਰ ਸਾਰੇ ਸਕੂਲਾਂ ਨੂੰ ਸੀ.ਸੀ.ਟੀ.ਵੀ.ਕੈਮਰਿਆਂ ਜ਼ਿਲ੍ਹਾ ਤੇ ਸਟੇਟ ਲੈਵਲ ਵਿਚ ਵੀ ਜੋੜਿਆ ਜਾਵੇ ਤਾਂ ਮੇਰੇ ਖਿਆਲ ਨਾਲ ਚੰਗੀ ਗੱਲ ਹੋਵੇਗੀ..

**ਸ਼੍ਰੀ ਸਭਾਪਤੀ:** ਰਾਜਾ ਜੀ, ਵਾਈਂਡ ਅੱਪ ਕਰੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਤੁਹਾਨੂੰ ਬੋਲਣ ਦਾ ਮੌਕਾ ਦਿਆਂਗੇ।

**ਸਰਦਾਰ ਕੁਲਵੰਤ ਸਿੰਘ ਪੰਡੋਰੀ:** ਚੇਅਰਮੈਨ ਸਾਹਿਬ, ਸਾਨੂੰ ਵੀ ਸਮਾਂ ਦਿੱਤਾ ਜਾਵੇ, ਅਸੀਂ ਵੀ ਬੋਲਣਾ ਹੈ।

**ਸਰਦਾਰ ਹਰਦਿਆਲ ਸਿੰਘ ਕੰਬੋਜ :** ਚੇਅਰਮੈਨ ਸਾਹਿਬ, ਮੈਂ ਆਪਣਾ ਟਾਈਮ ਵੀ ਇਨ੍ਹਾਂ ਨੂੰ ਦਿੰਦਾ ਹਾਂ। ਨਹੀਂ, ਨਹੀਂ, ਇਨ੍ਹਾਂ ਨੇ ਮਤਾ ਮੂਵ ਕੀਤਾ ਹੈ, ਇਨ੍ਹਾਂ ਨੂੰ ਆਪਣੀ ਗੱਲ ਕੰਪਲੀਟ ਕਰ ਲੈਣ ਦਿਉ, ਫਿਰ ਇਨ੍ਹਾਂ ਨੂੰ ਸਮਾਂ ਮਿਲੇਗਾ। ਬਾਅਦ ਵਿਚ ਤੁਹਾਨੂੰ ਬੁਲਾਉਂਦੇ ਹਾਂ।(ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਕੁਲਵੰਤ ਸਿੰਘ ਪੰਡੋਰੀ ਵੱਲ ਇਸ਼ਾਰਾ)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਫਿਰ ਤੁਹਾਨੂੰ ਬੁਲਾਉਂਦੇ ਹਾਂ, ਅੱਧਾ ਪੌਣਾ ਘੰਟਾ।

**ਸ਼੍ਰੀ ਸਭਾਪਤੀ:** ਟਾਈਮ ਸਾਰਿਆਂ ਨੂੰ ਮਿਲੇਗਾ। (ਵਿਘਨ)

**(ਅਵਾਜ਼ਾਂ:** ਹਾਊਸ ਦਾ ਸਮਾਂ ਵਧਾ ਲਿਆ ਜਾਵੇ।**)**

**ਸ਼੍ਰੀ ਸਭਾਪਤੀ :** ਇਨ੍ਹਾਂ ਨੂੰ ਵੀਹ ਮਿੰਟ ਮਿਲੇ ਸੀ। ਰਾਜਾ ਜੀ, ਵਾਈਂਡ ਅੱਪ ਕਰ ਲਈਏ ਤਾਂ..

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ :** ਰਾਜਾ ਵੜਿੰਗ ਜੀ, ਇੱਕ ਮਿੰਟ । ਚੇਅਰਮੈਨ ਸਹਿਬ ਮੇਰੀ ਗੁਜ਼ਾਰਿਸ਼ ਹੈ ਕਿ ਆਪਾਂ ਸਾਰਿਆਂ ਨੂੰ ਟਾਈਮ ਦੇਈਏ ਜਾਂ ਜੇ ਇੰਨੇ ਮਤੇ ਰੱਖੇ ਹੁੰਦੇ ਹਨ ਤਾਂ ਘੱਟੋ ਘੱਟ ਇਸ ਲਈ ਸਦਨ ਐਕਸਟੈਂਡ ਕਰ ਲਿਆ ਕਰੋ ਤਾਂ ਕਿ ਸਾਰਿਆਂ ਨੂੰ ਬੋਲਣ ਦਾ ਮੌਕਾ ਮਿਲੇ। ਪਹਿਲਾਂ ਵੀ ਜਿਸ ਦਿਨ ਨਾਨ-ਆਫੀਸ਼ੀਅਲ ਬਿਜ਼ਨੈਸ ਸੀ, ਅਸੀਂ ਉਸ ਦਿਨ ਵੀ ਵਹਿਮਾਂ ਭਰਮਾਂ ਦੇ ਟਾਪਿਕ ਉਤੇ ਮੇਰੇ ਖਿਆਲ ਵਿਚ ਅੱਧਾ ਦਿਨ ਲੱਗੇ ਰਹੇ ਹਾਂ ਲੇਕਿਨ ਮੇਰਾ ਖਿਆਲ ਹੈ ਕਿ ਉਸ ਉਤੇ ਕਿਸੇ ਨੂੰ ਵੀ ਨਹੀਂ ਪਤਾ ਕਿ ਅਸੀਂ ਕੀਤਾ ਕੀ ਹੈ। ਦੂਜਾ, ਸਰ, ਅੱਜ ਦੇ ਇਸ ਇਸ਼ੂ ਉਤੇ ਮੈਂ ਥੋੜ੍ਹਾ ਜਿਹਾ ਟਾਈਮ ਆਊਟ ਆਫ ਟਰਨ ਲੈ ਰਿਹਾ ਹਾਂ ਜੀ। ਬੜੇ ਸੋਹਣੇ ਤਰੀਕੇ ਨਾਲ..

**ਸ਼੍ਰੀ ਸਭਾਪਤੀ :** ਰਾਜਾ ਜੀ, ਪਹਿਲਾਂ ਵਾਈਂਡ ਅੱਪ ਕਰ ਦਿਉ।

**ਸਰਦਾਰ ਹਰਦਿਆਲ ਸਿੰਘ ਕੰਬੋਜ :** ਚੇਅਰਮੈਨ ਸਾਹਿਬ, ਪਹਿਲਾਂ ਇਨ੍ਹਾਂ ਨੂੰ (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ) ਨੂੰ ਕੰਪਲੀਟ ਕਰਨ ਦਿਉ, ਬਾਕੀਆਂ ਨੂੰ ਬਾਅਦ ਵਿਚ ਸਮਾਂ ਦੇ ਦੇਣਾ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਚੇਅਰਮੈਨ ਸਾਹਿਬ, ਮੈਂ ਐਮ.ਐਲ.ਏ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਟਾਈਮ ਜਿਸ ਨੂੰ ਮਿਲਣਾ ਹੈ, ਜਿਸ ਨੇ ਮਤਾ ਪੇਸ਼ ਕੀਤਾ ਹੈ, ਉਸ ਨੇ ਬੋਲਣਾ ਤਾਂ ਹੈ ਹੀ। ਕੱਲ੍ਹ ਨੂੰ ਤੁਸੀਂ ਕਹੋਗੇ ਕਿ ਇਲੈਕਸ਼ਨਾਂ ਦਾ ਦਿਨ ਜਿਹੜਾ ਨਿਰਧਾਰਤ ਹੋ ਜਾਂਦਾ ਹੈ ਕਿ 23 ਤਰੀਕ ਨੂੰ ਵੋਟਾਂ ਪੈਣੀਆਂ ਹਨ, ਮੈਂ ਕੰਪੇਨ ਨਹੀਂ ਕਰ ਸਕਿਆ, ਇਸ ਨੂੰ ਵਧਾਉ ਜੀ। ਸਰ, ਇਹ ਗੱਲ ਚੱਲਣੀ ਨਹੀਂ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ (ਬੈਠੇ-ਬੈਠੇ) :** ਗੱਲ ਸਮਝ ਨਹੀਂ ਆਈ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਚੰਦੂਮਾਜਰਾ ਸਾਹਿਬ, ਗੱਲ ਇਸ ਕਰਕੇ ਸਮਝ ਨਹੀਂ ਆਈ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਕਹਿਣ ਦਾ ਮਤਲਬ ਹੈ ਕਿ ਜੋ ਮਤਾ ਜਿਸ ਨੇ ਪੇਸ਼ ਕੀਤਾ ਉਸ ਨੇ ਬੋਲਣਾ ਤਾਂ ਹੈ ਹੀ, ਭਾਵੇਂ ਮੈਂ ਅੱਧਾ ਘੰਟਾ ਬੋਲਾਂ, ਭਾਵੇਂ 25 ਮਿੰਟ ਬੋਲਾਂ, ਮੈਂ ਆਪ ਦੀ ਗੱਲ ਤਾਂ ਰੱਖਣੀ ਹੀ ਹੈ, ਜੇ ਤੁਸੀਂ ਮਤਾ ਪੇਸ਼ ਕਰੋਗੇ ਤਾਂ ਤੁਸੀਂ ਬੋਲੋਗੇ।

**ਸ਼੍ਰੀ ਸਭਾਪਤੀ:** ਰਾਜਾ ਜੀ, ਤੁਸੀਂ ਕਾਂਟੀਨਿਊ ਕਰੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸੋ, ਚੇਅਰਮੈਨ ਸਾਹਿਬ, ਮੈਂ ਤੁਹਾਡੀ ਗੱਲ ਮੰਨ ਲੈਂਦਾ ਹਾਂ। ਜੋ ਤੁਸੀਂ ਕਿਹਾ, ਮੇਰੇ ਸਹਿਯੋਗੀ ਸੱਜਣਾਂ ਨੇ, ਇਨ੍ਹਾਂ ਨੇ ਵੀ ਇਸ ਮਤੇ ਉਤੇ ਬੋਲਣਾ ਹੈ। ਅੰਤ ਵਿੱਚ ਮੈਂ ਤਾਂ ਇਹੀ ਕਹਿਣਾ ਚਾਹਾਂਗਾ ਕਿ ਜਿਸ ਤਰ੍ਹਾਂ ਮਗਰਲੇ ਦੋ ਸਾਲਾਂ ਤੋਂ ਔਰ ਖਾਸ ਕਰਕੇ ਜਦੋਂ ਤੋਂ ਸੋਨੀ ਸਾਹਿਬ ਆਏ ਹਨ, ਵਿੱਦਿਆ ਪ੍ਰਤੀ ਜਿਸ ਤਰ੍ਹਾਂ ਧਿਆਨ ਦਿੱਤਾ ਜਾ ਰਿਹਾ ਹੈ, ਜਿਸ ਤਰ੍ਹਾਂ ਸਕੂਲਾਂ ਪ੍ਰਤੀ ਧਿਆਨ ਦਿੱਤਾ ਜਾ ਰਿਹਾ ਹੈ, ਇਹ ਪਹਿਲਾਂ ਕਦੇ ਨਹੀਂ ਹੋਇਆ। ਇਹ ਜਿਹੜੀਆਂ ਵਿੱਚ ਮੈਂ ਥੋੜ੍ਹੀਆਂ ਕਮੀਆਂ ਤੇ ਸੁਝਾਅ ਕਹੇ ਹਨ, ਇਹ ਦੇਖ ਲਈਆਂ ਜਾਣ, ਇਨ੍ਹਾਂ ਦੇ ਉਤੇ ਵਿਚਾਰ ਕਰ ਲਿਆ ਜਾਵੇ। ਮੈਨੂੰ ਸਰਕਾਰ ਤੋਂ, ਮੁੱਖ ਮੰਤਰੀ ਸਾਹਿਬ ਤੋਂ ਔਰ ਸੋਨੀ ਸਾਹਿਬ ਤੋਂ ਪੂਰਨ ਉਮੀਦ ਹੈ ਕਿ ਜਿਸ ਤਰ੍ਹਾਂ ਇਨ੍ਹਾਂ ਨੇ ਹੁਣ ਥੋੜ੍ਹੇ ਸਮੇਂ ਵਿਚ ਨਵੀਂ ਕਰਾਂਤੀ ਲਿਆਂਦੀ ਹੈ, ਆਉਣ ਵਾਲੇ ਸਮੇਂ ਵਿਚ ਵੀ ਇਸੇ ਤਰ੍ਹਾਂ ਸਿੱਖਿਆ ਦੇ ਖੇਤਰ ਨੂੰ ਇਹ ਅੱਗੇ ਵਧਾਉਂਦੇ ਰਹਿਣਗੇ। ਧੰਨਵਾਦ ਜੀ।

**ਸ਼੍ਰੀ ਸਭਾਪਤੀ:** ਹਾਂ ਜੀ, ਸ਼੍ਰੀ ਤਰਸੇਮ ਸਿੰਘ ਡੀ.ਸੀ.।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਬੋਲਣ ਲਈ ਖੜ੍ਹੇ ਸਨ।)

**ਸ਼੍ਰੀ ਸਭਾਪਤੀ:** ਜਿਸ ਨੇ ਤੁਹਾਡੇ ਵਲੋਂ ਬੋਲਣਾ ਹੈ, ਤੁਸੀਂ ਆਪਣੇ ਵਲੋਂ ਸਲਿੱਪ ਭੇਜ ਦਿਉ।ਮੈਂ ਬਿਲਕੁਲ ਟਾਈਮ ਦਿਆਂਗਾ। ਹਾਂ ਜੀ, ਸ਼੍ਰੀ ਤਰਸੇਮ ਸਿੰਘ ਡੀ.ਸੀ. ਜੀ।

**ਸਰਦਾਰ ਤਰਸੇਮ ਸਿੰਘ ਡੀ.ਸੀ. (ਅਟਾਰੀ, ਐਸ.ਸੀ.) :** ਚੇਅਰਮੈਨ ਸਾਹਿਬ, ਬਹੁਤ-ਬਹੁਤ ਧੰਨਵਾਦ। ਮੈਨੂੰ ਅੱਜ ਇਸ ਬਜਟ ਅਤੇ ਖਾਸ ਕਰਕੇ ਐਜੂਕੇਸ਼ਨ ਦੇ ਪ੍ਰਸਤਾਵ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਸਭ ਤੋਂ ਪਹਿਲਾਂ ਵਿੱਤ ਮੰਤਰੀ ਸਾਹਿਬ, ਸਰਦਾਰ ਮਨਪ੍ਰੀਤ ਸਿੰਘ ਬਾਦਲ...

**ਸਰਦਾਰ ਕੁਲਤਾਰ ਸਿੰਘ ਸੰਧਵਾਂ (ਬੈਠੇ-ਬੈਠੇ) :** ਇਹ ਬਜਟ ਡਿਸਕਸ਼ਨ ਨਹੀਂ ਹੈ ਜੀ।(ਵਿਘਨ)

**ਸਰਦਾਰ ਤਰਸੇਮ ਸਿੰਘ ਡੀ.ਸੀ. :** ਉਸ ਤੇ ਹੀ ਆਵਾਂਗਾ। ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਦਾ ਇਸ ਕਰਕੇ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਐਜੂਕੇਸ਼ਨ ਨੂੰ ਬਹੁਤ ਜ਼ਿਆਦਾ ਮਹੱਤਤਾ ਇਸ ਬਜਟ ਵਿੱਚ ਦਿੱਤੀ ਹੈ। ਮੁੱਖ ਮੰਤਰੀ ਸਾਹਿਬ, ਕੈਪਟਨ ਅਮਰਿੰਦਰ ਸਿੰਘ ਜੀ ਦੀ ਛਤਰ ਛਾਇਆ ਹੇਠ ਇਕ ਵੱਡਾ ਬਜਟ ਦਿੱਤਾ ਹੈ। ਇਹ ਠੀਕ ਹੈ ਕਿ ਵੱਖ-ਵੱਖ ਮੱਦਾਂ ਤੇ, ਐਜੂਕੇਸ਼ਨ ਨੂੰ ਜਿੰਨਾ ਉਨ੍ਹਾਂ ਨੇ ਪ੍ਰੋਤਸਾਹਨ ਦਿੱਤਾ ਹੈ, ਜੇਕਰ ਇਸ ਨੂੰ ਇਕੱਠਾ ਕਰੀਏ ਤਾਂ ਜਿਵੇਂ ਰਾਜਾ ਵੜਿੰਗ ਜੀ ਨੇ ਕਿਹਾ ਹੈ ਕਿ ਇਨ੍ਹਾਂ ਫੰਡਾਂ ਨਾਲ ਮਾਸਟਰ ਪਲਾਨ ਤਿਆਰ ਕਰਨੀ ਚਾਹੀਦੀ ਹੈ। ਬਿਲਕੁਲ ਸਹੀ ਹੈ, ਮਾਸਟਰ ਪਲਾਨ ਤਿਆਰ ਹੋ ਸਕਦੀ ਹੈ ਲੇਕਿਨ ਐਜੂਕੇਸ਼ਨ ਵਿੱਚ ਇਹ ਘਾਟ ਜਿਹੜੀ ਕਿ ਪਿਛਲੀ ਸਰਕਾਰ ਦੇ ਦਸਾਂ ਸਾਲਾਂ ਵਿੱਚ ਰਹੀ ਹੈ, ਉਸ ਦਾ ਜ਼ਿਕਰ ਜ਼ਰੂਰ ਕਰਾਂਗਾ ਕਿਉਂਕਿ ਐਜੂਕੇਸ਼ਨ ਦਾ ਜਿਹੜਾ ਖਾਸ ਕਰਕੇ ਬੇੜਾ ਗਰਕ ਹੋਇਆ ਹੈ, ਉਹ ਇਨ੍ਹਾਂ ਦੇ ਦਸਾਂ ਸਾਲਾਂ ਵਿੱਚ ਹੀ ਹੋਇਆ ਹੈ ਔਰ ਇਹ ਇਕਦਮ ਖੱਡੇ ਵਿੱਚ ਜਾ ਡਿੱਗੀ। ਇਸ ਦਾ ਕਾਰਨ ਇਹ ਸੀ ਕਿਉਂਕਿ ਕੋਈ ਪਾਲਿਸੀ ਨਹੀਂ ਸੀ, ਕੋਈ ਪ੍ਰੋਗਰਾਮ ਨਹੀਂ ਸੀ, ਕੋਈ ਵਿਉਂਤਬੰਦੀ ਨਹੀਂ ਸੀ। ਜਿਵੇਂ ਪੈਸਾ ਆਇਆ, ਬੋਹੜਾਂ ਥੱਲੇ ਬਹਿ ਕੇ, ਸੰਗਤ ਦਰਸ਼ਨਾਂ ਰਾਹੀਂ ਉਡਾ ਦਿੱਤਾ ਗਿਆ। ਐਜੂਕੇਸ਼ਨ ਦਾ ਸਾਰਾ ਪੈਸਾ ਸਰਪੰਚਾਂ ਨੂੰ ਡਾਈਵਰਟ ਕਰ ਦਿੱਤਾ ਗਿਆ ਅਤੇ ਜਦੋਂ ਇਹ ਬੋਹੜਾਂ ਥੱਲੇ ਬਹਿ ਕੇ ਦਿੱਤਾ ਜਾਂਦਾ ਸੀ, ਨਾਲ ਹੀ ਕਿਹਾ ਜਾਂਦਾ ਸੀ ਕਿ ਸਰਪੰਚਾ, ਲਾ ਲੈ ਜਾਂ ਖਾ ਲੈ, ਵੋਟਾਂ ਪੁਆ ਦੇਈਂ, ਫੇਰ ਐਜੂਕੇਸ਼ਨ ਵਿਚਾਰੀ ਕੀ ਕਰਦੀ? ਸੋ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਇਨ੍ਹਾਂ ਦੇ ਪਹਿਲੇ ਪੰਜ ਸਾਲ ਸੀ, ਜੇਕਰ ਉਨ੍ਹਾਂ ਗਲਤੀਆਂ ਤੋਂ ਕੁਝ ਸਿੱਖਿਆ ਹੁੰਦਾ ਤਾਂ ਅਗਲੇ ਪੰਜ ਸਾਲ ਇਨ੍ਹਾਂ ਦੇ ਸੁਖਾਲੇ ਰਹਿੰਦੇ ਅਤੇ ਇਹ ਦਿਨ ਦੇਖਣ ਨੂੰ ਨਾ ਮਿਲਦਾ। ਚੇਅਰਮੈਨ ਸਾਹਿਬ, ਅੰਗਰੇਜ਼ੀ ਦੀ ਕਹਾਵਤ ਹੈ - those who do not learn from history, they are condemned to repeat it and they are repeating it. (Thumping)

ਸਕੂਲਾਂ ਦਾ ਬਿਊਰਾ ਬਜਟ ਵਿੱਚ ਵੀ ਹੈ। ਸਾਡੇ ਕੋਲ ਪ੍ਰਾਇਮਰੀ ਸਕੂਲ 12,921 ਹਨ, ਮਿਡਲ ਸਕੂਲ 2,672, ਹਾਈ ਸਕੂਲ 1,744, ਸੈਕੰਡਰੀ ਸਕੂਲ 189 ਅਤੇ ਮਜ਼ੇ ਦੇ ਗੱਲ ਇਹ ਹੈ ਕਿ ਇੰਗਲਿਸ਼ ਮੀਡੀਅਮ ਸਕੂਲ 2,387 ਚਾਲੂ ਹਨ ਅਤੇ ਜਿਹੜੇ ਪ੍ਰੋਪੋਜ਼ ਕੀਤੇ ਗਏ ਹਨ ਅਤੇ ਜਿਨ੍ਹਾਂ ਵਾਸਤੇ ਪੈਸਾ ਵੀ ਰੱਖਿਆ ਗਿਆ ਹੈ, ਉਹ 2,010 ਹਨ।ਸੋ, ਵਿੱਤ ਮੰਤਰੀ, ਸਰਦਾਰ ਮਨਪ੍ਰੀਤ ਸਿੰਘ ਬਾਦਲ ਨੇ ਸੋਨੀ ਸਾਹਿਬ ਨੂੰ ਐਜੂਕੇਸ਼ਨ ਵਾਸਤੇ 9.75% ਬਜਟ ਪਹਿਲਾਂ ਨਾਲੋਂ ਵਧਾ ਕੇ ਦਿੱਤਾ ਹੈ। ਇਨ੍ਹਾਂ ਦੀ ਕਾਰਗੁਜ਼ਾਰੀ ਵੇਖ ਕੇ, ਸਕੂਲਾਂ ਦੀ ਜ਼ਰੂਰਤ ਨੂੰ ਵੇਖਦੇ ਹੋਏ, ਵਿੱਦਿਆ ਨੂੰ ਉਤਸ਼ਾਹਤ ਕਰਨ ਵਾਸਤੇ 9.75%

ਪਿਛਲੇ ਸਾਲ ਨਾਲੋਂ ਬਜਟ ਵਿੱਚ ਵਾਧਾ ਕੀਤਾ ਹੈ। ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ 261 ਸਮਾਰਟ ਸਕੂਲ ਬਣਾਏ ਗਏ ਹਨ ਅਤੇ ਇਹ preferably rural area ਵਿੱਚ ਹਨ। ਇਹ ਸਕੂਲ ਚਾਲੂ ਹਨ ਪਰ ਜਿਹੜੇ ਨਵੇਂ ਬਣਾਉਣੇ ਹਨ, ਉਨ੍ਹਾਂ ਵਾਸਤੇ ਵਿੱਤ ਮੰਤਰੀ ਸਾਹਿਬ ਨੇ 25 ਕਰੋੜ ਰੁਪਿਆ ਰੱਖਿਆ ਹੈ। ਇਹ ਸਕੂਲਾਂ ਵਾਸਤੇ ਬਹੁਤ ਵੱਡੀ ਰਕਮ ਹੈ। 21,000 ਸਮਾਰਟ ਕਲਾਸ ਰੂਮਜ਼ ਬਣਾਏ ਗਏ ਹਨ, ਉਨ੍ਹਾਂ ਵਿੱਚ ਜਿਹੜੀ ਐਜੂਕੇਸ਼ਨ ਪ੍ਰੋਵਾਈਡ ਕਰਵਾਈ ਜਾਵੇਗੀ, ਉਹ with the help of ICT, such as projectors ਨਾਲ ਕਰਵਾਈ ਜਾਵੇਗੀ। E-content has been prepared for 1st to 10th classes and pre-primary ਲਈ ਵੀ ਇਹ ਤਿਆਰ ਹੋ ਰਿਹਾ ਹੈ। ਇਹ ਲੇਟੈਸਟ ਟੈਕਨਾਲੋਜੀ ਐਜੂਕੇਸ਼ਨ ਵਾਸਤੇ ਬਹੁਤ ਵੱਡਾ ਯੋਗਦਾਨ ਹੈ।

ਇਸ ਬਜਟ ਵਿੱਚ ਐਜੂਕੇਸ਼ਨ ਨਾਲ ਸਬੰਧਿਤ ਵਿਲੱਖਣਤਾ ਇਹ ਹੈ ਕਿ Government intends to establish a training college for children having disabilities to prepare competent teachers to teach children with disabilities, ਉਸ ਵਾਸਤੇ 15 ਕਰੋੜ ਰੁਪਿਆ ਰੱਖਿਆ ਗਿਆ ਹੈ, ਜਿਹੜੇ ਬੱਚੇ ਇਸ ਕਾਲਜ ਵਿੱਚ ਪੜ੍ਹਨਗੇ, ਉਨ੍ਹਾਂ ਬੱਚਿਆਂ ਵਾਸਤੇ ਲੁਧਿਆਣਾ ਸਿਟੀ ਵਿੱਚ ਰਿਹਾਇਸ਼ੀ ਸਕੂਲ ਖੋਲ੍ਹਿਆ ਜਾਵੇਗਾ, ਉਸ ਵਾਸਤੇ ਵੀ 15 ਕਰੋੜ ਰੁਪਏ ਰੱਖੇ ਹਨ। So, to spread the awareness amongst the children and parents regarding drug abuse. 8ਵੀਂ ਕਲਾਸ ਵਿੱਚ ਫਿਜ਼ੀਕਲ ਐਜੂਕੇਸ਼ਨ ਦੇ ਲਾਜ਼ਮੀ ਚੈਪਟਰ ਰੱਖੇ ਗਏ ਹਨ ਔਰ 10ਵੀਂ ਕਲਾਸ ਵਿੱਚ ਐਨਵਾਇਰਨਮੈਂਟ ਅਤੇ ਕਲਾਈਮੇਟ ਬਾਰੇ ਚੈਪਟਰ ਰੱਖੇ ਗਏ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਐਨਵਾਇਰਨਮੈਂਟ ਤੇ ਕਲਾਈਮੇਟ ਹੈ, ਸਰਕਾਰ ਨੇ ਉਸ ਵਾਸਤੇ ਇੱਕ ਸੈਪਰੇਟ ਡਾਇਰੈਕਟੋਰੇਟ ਵੀ ਬਣਾਇਆ ਹੈ । ਲੇਕਿਨ ਇਸ ਦੇ ਨਾਲ ਲਗਦੀ ਗੱਲ ਹੈ ਕਿ ਆਪਾਂ ਕਿਤਾਬਾਂ ਵਿੱਚ ਚੈਪਟਰ ਰੱਖ ਦਿੱਤੇ ਹਨ, ਬੱਚਿਆਂ ਨੂੰ ਇਸ ਬਾਰੇ ਪੜ੍ਹਾ ਦਿਆਂਗੇ, ਅਵੇਅਰਨੈੱਸ ਕਰ ਦਿਆਂਗੇ, ਪੇਰੈਂਟਸ ਨੂੰ ਵੀ ਅਵੇਅਰ ਕਰ ਦੇਵਾਂਗੇ, ਲੇਕਿਨ there is a draconian law prevailing here , ਜਿਸ ਨੂੰ ਠੀਕ ਕਰਨ ਦੀ ਜ਼ਰੂਰਤ ਹੈ ਪ੍ਰੰਤੂ ਕਿਸੇ ਸਰਕਾਰ ਨੇ ਉਸ ਗੱਲ ਵੱਲ ਧਿਆਨ ਨਹੀਂ ਦਿੱਤਾ। ਹਿੰਦੁਸਤਾਨ ਵਿਚ ਜਿਹੜੀ ਇੱਕ ਕਿਲੋਮੀਟਰ ਵਿਚ ਅਬਾਦੀ ਹੈ, density of population in India is 400 persons in one kilometre, in Rajasthan, it is 200, in Himachal

Pradesh, it is 123, in Jammu and Kashmir, it is 46 in one kilometre ਲੇਕਿਨ ਸਾਡੀ ਤ੍ਰਾਸਦੀ ਇਹ ਹੈ ਕਿ ਪੰਜਾਬ ਵਿੱਚ density of population is 551 persons per kilometre ਹੈ। ਜੋ ਮੈਂ ਗੱਲ ਕਹਿਣੀ ਚਾਹੁੰਦਾ ਹਾਂ ਉਹ ਇਹ ਹੈ ਕਿ ਇਨ੍ਹਾਂ ਤਿੰਨਾਂ ਸਟੇਟਾਂ ਨੇ ਲਾਅ ਪਾਸ ਕੀਤੇ ਹੋਏ ਹਨ, ਜਿਸ ਕਾਰਨ ਆਪਾਂ ਉਥੇ ਜਾ ਕੇ ਇੱਕ ਇੰਚ ਜ਼ਮੀਨ ਨਹੀਂ ਖਰੀਦ ਸਕਦੇ। ਲੇਕਿਨ ਪੰਜਾਬ ਵਿੱਚ ਹਰ ਕੋਈ ਜ਼ਮੀਨ ਖਰੀਦ ਸਕਦਾ ਹੈ, ਚਾਹੇ ਕੋਈ ਹਿਮਾਚਲ ਵਿਚੋਂ ਆਵੇ, ਚਾਹੇ ਰਾਜਸਥਾਨ ਵਿਚੋਂ ਆਵੇ ਅਤੇ ਚਾਹੇ ਜੰਮੂ-ਕਸ਼ਮੀਰ ਵਿਚੋਂ ਆਵੇ, ਉਹ ਜਿਥੇ ਮਰਜ਼ੀ ਆ ਕੇ ਇੱਥੇ ਜ਼ਮੀਨ ਖਰੀਦ ਲੈਂਦੇ ਹਨ। ਇਹ ਸਾਡੇ ਵਾਸਤੇ ਬਹੁਤ ਵੱਡੀ ਤ੍ਰਾਸਦੀ ਹੈ, ਸਾਡੀ ਧਰਤੀ ਤੇ ਬੋਝ ਹੈ, ਸਾਡੇ ਪਾਣੀ ਤੇ ਬੋਝ ਹੈ ਤੇ ਸਾਡੀ ਹਵਾ ਤੇ ਵੀ ਬੋਝ ਹੈ। ਇਸ ਕਾਨੂੰਨ ਨੂੰ ਸਾਡੇ ਇੱਥੇ ਵੀ ਬਣਾਉਣਾ ਚਾਹੀਦਾ ਹੈ ਜਾਂ ਤਾਂ ਉਹ ਸਰਕਾਰਾਂ ਸਾਡੇ ਲਈ ਵੀ ਖੁਲ੍ਹ ਦੇ ਦੇਣ ਜਾਂ ਫਿਰ ਆਪਣੇ ਪੰਜਾਬ ਵਿੱਚ ਵੀ ਉਹੀ ਕਾਨੂੰਨ ਲਾਗੂ ਕਰਨਾ ਚਾਹੀਦਾ ਹੈ ਕਿ ਇੱਥੇ ਵੀ ਆਪਾਂ ਕਿਸੇ ਹੋਰ ਨੂੰ ਵੜਨ ਨਾ ਦੇਈਏ। ਆਪਾਂ ਵੀ ਕੰਮ-ਕਾਰ ਵਾਸਤੇ ਹੋਰ ਕਿਧਰੇ ਜਾਂਦੇ ਹਨ, ਜੇ ਕਿਸੇ ਨੇ ਇੱਥੇ ਕੰਮ-ਕਾਰ ਵਾਸਤੇ ਆਉਣਾ ਹੈ, ਉਹ ਆਪਣਾ ਕੰਮ ਕਾਰ ਕਰਕੇ ਚਲਾ ਜਾਵੇ। ਸੋ, ਇਸ ਦੀ ਵੀ ਬੜੀ ਜ਼ਰੂਰਤ ਹੈ।

**ਸ਼੍ਰੀ ਸਭਾਪਤੀ :** ਡੀ.ਸੀ. ਸਾਹਿਬ, ਵਾਈਂਡ ਅੱਪ ਕਰ ਲਈਏ। ਉਧਰ ਵੀ ਟਾਈਮ ਦੇਣਾ ਹੈ।

**ਸਰਦਾਰ ਤਰਸੇਮ ਸਿੰਘ ਡੀ.ਸੀ :** ਇੱਕ ਮਿੰਟ ਜੀ। ਚੇਅਰਮੈਨ ਸਾਹਿਬ, ਸਰਕਾਰ ਨੇ ਦੋ ਹੋਰ ਬੜੀਆਂ ਵਧੀਆ ਸਕੀਮਾਂ ਚਾਲੂ ਕੀਤੀਆਂ ਹਨ ਜਿਨ੍ਹਾਂ ਵਿੱਚ ਚਾਰ ਪੰਜ ਪਹਿਲਾਂ ਤੋਂ ਚੱਲਣ ਵਾਲੀਆਂ ਜਿਵੇਂ ਕਿ ਸਰਬ ਸਿੱਖਿਆ ਅਭਿਆਨ ਅਤੇ ਹੋਰ ਸਕੀਮਾਂ ਨੂੰ ਮਰਜ ਕਰ ਦਿੱਤਾ ਗਿਆ ਹੈ। ਮੈਂ ਸਦਨ ਵਿੱਚ ਇੱਕ ਗੱਲ ਰੱਖਣ ਵਿੱਚ ਬਹੁਤ ਫਖ਼ਰ ਮਹਿਸੂਸ ਕਰ ਰਿਹਾ ਹਾਂ। ਇਥੇ ਹੁਣੇ ਗੱਲ ਚਲਦੀ ਸੀ, ਰਾਜਾ ਜੀ ਨੇ ਦੱਸਿਆ ਹੈ ਕਿ ਬਿਨਾਂ ਪੈਸਾ ਲਏ ਬੱਚੇ ਸਕੂਲਾਂ ਵਿੱਚ ਪੜ੍ਹਾਏ ਜਾਂਦੇ ਹਨ, ਇਹ ਬਿਲਕੁਲ ਸੱਚੀ ਗੱਲ ਹੈ। ਪਿਛਲੇ ਦੋ ਚਾਰ ਮਹੀਨੇ ਪਹਿਲਾਂ ਸਾਇੰਸ ਮਾਡਲ ਸਬੰਧੀ ਇੱਕ ਕੰਪੀਟੀਸ਼ਨ ਹੋਇਆ ਹੈ। ਪੂਰੇ ਹਿੰਦੁਸਤਾਨ ਵਿੱਚ ਪ੍ਰਾਈਵੇਟ ਅਤੇ ਸਰਕਾਰੀ ਸਕੂਲਾਂ ਦਾ ਮਿਲਾ ਕੇ ਕੰਪੀਟੀਸ਼ਨ ਹੋਇਆ ਸੀ ਜਿਸ ਵਿੱਚ ਤਿੰਨ ਲੱਖ ਚਾਲੀ ਹਜ਼ਾਰ ਬੱਚਿਆਂ ਨੇ ਪਾਰਟੀਸੀਪੇਟ ਕੀਤਾ ਸੀ, ਜਿਸ ਵਿਚੋਂ ਫਾਈਨਲੀ 60 ਬੱਚੇ ਪੁਰਸਕਾਰ ਦੇਣ ਵਾਸਤੇ ਸਿਲੈਕਟ ਕੀਤੇ ਗਏ। ਮੈਂ ਇਸ ਗੱਲ ਦਾ ਫਖ਼ਰ ਮਹਿਸੂਸ ਕਰਦਾ ਹਾਂ ਕਿ ਪੰਜਾਬ ਵਿਚੋਂ ਜਿਹੜੇ ਦੋਵੇਂ ਬੱਚੇ ਸਿਲੈਕਟ ਹੋਏ, ਉਹ ਦੋਵੇਂ ਹੀ ਗੌਰਮਿੰਟ ਸਕੂਲ ਦੇ ਬੱਚੇ ਸੀ। ਉਨ੍ਹਾਂ ਵਿਚੋਂ ਇੱਕ ਮੇਰੇ ਹਲਕੇ ਦੇ ਗੁਰੂ ਵਾਲੀ

ਪਿੰਡ ਦਾ ਹੈ, ਦੂਜਾ ਫਿਰੋਜ਼ਪੁਰ ਦੇ ਖਾਈ ਫੇਮੇ ਕੀ ਪਿੰਡ ਦਾ ਹੈ।

**ਸ਼੍ਰੀ ਸਭਾਪਤੀ :** ਡੀ.ਸੀ. ਸਾਹਿਬ, ਧੰਨਵਾਦ। ਆਪਾਂ ਟਾਈਮ ਇਧਰੋਂ ਵੀ ਦੇਈਏ ਜੀ। ਹਾਂ ਜੀ, ਸਰਦਾਰ ਕੁਲਵੰਤ ਸਿੰਘ ਪੰਡੋਰੀ ਜੀ।

**ਸਰਦਾਰ ਕੁਲਵੰਤ ਸਿੰਘ ਪੰਡੋਰੀ (ਮਹਿਲ ਕਲਾਂ, ਐਸ.ਸੀ):** ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਗੈਰ-ਸਰਕਾਰੀ ਮਤੇ ਤੇ ਬੋਲਣ ਦਾ ਸਮਾਂ ਦਿੱਤਾ ਹੈ....

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ (ਬੈਠੇ-ਬੈਠੇ):** ਚੇਅਰਮੈਨ ਸਾਹਿਬ, ਸਾਨੂੰ ਵੀ ਸਮਾਂ ਦਿਉ।

**ਸ਼੍ਰੀ ਸਭਾਪਤੀ :** ਬਿਲਕੁਲ ਟਾਈਮ ਦੇਵਾਂਗਾ ਜੀ।

**ਸਰਦਾਰ ਕੁਲਵੰਤ ਸਿੰਘ ਪੰਡੋਰੀ :** ਹੁਣੇ-ਹੁਣੇ ਮੈਂਬਰ ਸਾਹਿਬ ਬੋਲ ਕੇ ਗਏ ਹਨ ਕਿ ਜਿਹੜੀਆਂ ਸਾਡੇ ਮਾਨਯੋਗ ਮੰਤਰੀ ਸਾਹਿਬ ਨੇ ਪ੍ਰੀ ਪ੍ਰਾਇਮਰੀ ਕਲਾਸਾਂ ਸ਼ੁਰੂ ਕੀਤੀਆਂ ਹਨ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਸ ਵਿੱਚ ਇਨ੍ਹਾਂ ਨੇ ਕਿੰਨੇ ਟੀਚਰ ਰੱਖੇ ਹਨ? ਇਨ੍ਹਾਂ ਨੇ ਪ੍ਰੀ ਪ੍ਰਾਇਮਰੀ ਕਲਾਸਾਂ ਲਈ ਇੱਕ ਵੀ ਟੀਚਰ ਨਹੀਂ ਰੱਖਿਆ ਜੀ। ਤਕਰੀਬਨ ਡੇਢ ਲੱਖ ਦੇ ਕਰੀਬ ਇਹ ਤਿੰਨ ਸਾਲ ਦੇ ਬੱਚੇ ਹਨ ਜਿਨ੍ਹਾਂ ਨੂੰ ਆਂਗਨਵਾੜੀ ਵਰਕਰ ਪੜ੍ਹਾ ਰਹੀਆਂ ਹਨ। ਇਨ੍ਹਾਂ ਨੇ ਪ੍ਰੀ-ਪ੍ਰਾਇਮਰੀ ਕਲਾਸਾਂ ਸ਼ੁਰੂ ਕੀਤੀਆਂ ਹਨ। ਚੇਅਰਮੈਨ ਸਾਹਿਬ, ਇਨ੍ਹਾਂ ਨੇ ਰਾਤੋ-ਰਾਤ ਇਹ ਹੁਕਮ ਦੇ ਦਿੱਤਾ । ਉਨ੍ਹਾਂ ਲਈ ਸਕੂਲ ਵਿੱਚ ਨਾ ਤਾਂ ਕੋਈ ਕਮਰੇ ਦਾ ਪ੍ਰਬੰਧ ਕੀਤਾ ਹੈ, ਨਾ ਇਨ੍ਹਾਂ ਨੇ ਕੁਰਸੀਆਂ, ਤੱਪੜਾਂ, ਨਾ ਮੇਜ਼ਾਂ ਦਾ ਪ੍ਰਬੰਧ ਕੀਤਾ। ਰਾਤੋ ਰਾਤ ਇਹ ਕਹਿੰਦੇ ਕਿ ਜਾਓ ਪ੍ਰਾਇਮਰੀ ਸਕੂਲਾਂ ਦੇ ਵਿੱਚ ਟੀਚਰਾਂ ਨੂੰ ਕਿਹਾ ਕਿ ਉਥੇ ਬਹਿ ਜਾਓ। ਸਿਆਲ ਦੇ ਵਿੱਚ ਅਤੇ ਗਰਮੀ ਦੇ ਵਿੱਚ ਉਹ ਧੁੱਪੇ ਜਾਂ ਠੰਡ ਵਿੱਚ ਮਰਦੇ ਰਹੇ।ਇਹ ਜਿਵੇਂ ਰਾਜਾ ਜੀ ਦੱਸ ਕੇ ਗਏ ਹਨ, ਇਹ ਮਾਨਯੋਗ ਮੰਤਰੀ ਸਾਹਿਬ ਨੇ pre-primary classes ਸ਼ੁਰੂ ਕੀਤੀਆਂ ਹਨ। ਅਖਬਾਰਾਂ ਦੇ ਵਿੱਚ ਤਾਂ ਬਹੁਤ ਵੱਡਾ-ਵੱਡਾ ਛਪ ਗਿਆ, ਲੋਕਾਂ ਨੂੰ ਵੱਡੇ-ਵੱਡੇ ਵਾਅਦੇ ਦਿਖਾ ਦਿੱਤੇ। ਦੂਜੀ ਗੱਲ, ਪ੍ਰਾਇਮਰੀ ਸਕੂਲਾਂ ਦੀ ਸਫਾਈ ਦੇ ਲਈ ਇਨ੍ਹਾਂ ਨੇ ਕੋਈ ਵੀ ਕਰਮਚਾਰੀ ਨਹੀਂ ਰੱਖਿਆ ਹੈ। ਤੀਜੀ ਗੱਲ ਇਨ੍ਹਾਂ ਦੇ ਬਿਜਲੀ ਦਾ ਬਿਲ ਭਰਨ ਦੇ ਕੋਈ ਪ੍ਰਬੰਧ ਨਹੀਂ ਹਨ। ਮੇਰੇ ਹਲਕੇ ਵਿੱਚ ਬਾਦਸ਼ਾਹਪੁਰ, ਬਦੇਸ਼ਾਂ, ਈਨਾਂ ਬਾਜਵਾ, ਪਿੰਡਾਂ ਦੇ ਵਿੱਚ ਬੱਚੇ ਪਾਣੀ ਦੇ ਲਈ ਪੰਜ-ਪੰਜ ਦਿਨ ਬਾਹਰ ਬੈਠੇ ਰਹੇ,

[ਸਰਦਾਰ ਕੁਲਵੰਤ ਸਿੰਘ ਪੰਡੋਰੀ]

ਲੋਕਾਂ ਨੇ ਸਕੂਲ ਨੂੰ ਜਿੰਦਰਾ ਤੱਕ ਲਗਾ ਦਿੱਤਾ। ਇਨ੍ਹਾਂ ਕੋਲ ਪ੍ਰਬੰਧ ਨਹੀਂ ਸੀ। ਬਿਜਲੀ ਦੇ ਬਿਲ ਕੱਟੇ ਗਏ ਸੀ। ਦੂਜੀ ਗੱਲ, ਸਾਡੇ ਹੁਣੇ ਮੈਂਬਰ ਸਾਹਿਬ ਬੋਲ ਕੇ ਗਏ ਹਨ ਕਿ ਬੱਚਿਆਂ ਨੂੰ ਫਰੀ ਐਜੂਕੇਸ਼ਨ ਦਿੱਤੀ ਜਾ ਰਹੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਮੈਟ੍ਰਿਕ ਦੇ ਬੱਚੇ ਹਨ, ਉਨ੍ਹਾਂ ਤੋਂ 1300 ਰੁਪਿਆ ਲਿਆ ਜਾ ਰਿਹਾ ਹੈ। ਜਿਹੜੇ ਬਾਰ੍ਹਵੀਂ ਦੇ ਬੱਚੇ ਹਨ, ਉਨ੍ਹਾਂ ਤੋਂ 1550 ਰੁਪਏ ਲਏ ਜਾ ਰਹੇ ਹਨ। ਜੇ ਕਿਸੇ ਦਾ ਵੱਖਰਾ ਪ੍ਰੈਕਟੀਕਲ ਲਿਆ ਜਾਂਦਾ ਹੈ ਤਾਂ ਉਸ ਦਾ ਵੱਖਰਾ 100 ਰੁਪਿਆ ਲਿਆ ਜਾਂਦਾ ਹੈ। ਦੂਜੀ ਗੱਲ, ਮੈਂ ਹਾਊਸ ਵਿੱਚ ਟੀਚਰਾਂ ਤੋਂ ਜਿਹੜੇ ਕੰਮ ਲਏ ਜਾਂਦੇ ਹਨ,ਉਸ ਵੱਲ ਦਿਵਾਉਣਾ ਚਾਹੁੰਦਾ ਹਾਂ। ਜਿਹੜੇ ਬੀ.ਐਲ.ਓ. ਬਣਾ ਕੇ ਭੇਜੇ ਹਨ, ਇਨ੍ਹਾਂ ਦੇ ਸਾਰੇ ਸਾਲ ਦਾ ਸਮਾਂ ਵੋਟਾਂ ਦੀ ਗਿਣਤੀ ਤੇ ਚੱਲਦਾ ਰਹਿੰਦਾ ਹੈ। ਜਿਹੜੀ mid-day meal ਸਕੀਮ ਸਕੂਲਾਂ ਦੇ ਵਿੱਚ ਚੱਲਦੀ ਹੈ, ਉਸ ਵਿੱਚ ਜਿਹੜਾ ਪ੍ਰੋਟੀਨ ਵਗੈਰਾ, ਪੌਸ਼ਟਿਕ ਆਹਾਰ ਬੱਚਿਆਂ ਨੂੰ ਦੇਣਾ ਚਾਹੀਦਾ ਹੈ, ਜਿਸ ਦੇ ਕਰਕੇ ਸਾਡੇ ਪਿੰਡਾਂ ਦੇ 80% ਬੱਚਿਆਂ ਦੇ ਵਿੱਚ ਖੂਨ ਦੀ ਕਮੀ ਪਾਈ ਗਈ ਹੈ, 80% ਬੱਚਿਆਂ ਦੇ ਵਿੱਚ ਖੂਨ ਦੀ ਕਮੀ ਪਾਈ ਗਈ, ਕੁਪੋਸ਼ਣ ਦੇ ਸ਼ਿਕਾਰ ਹੋ ਗਏ। ਜਿਹੜੀਆਂ mid day workers ਖਾਣਾ ਬਣਾ ਰਹੀਆਂ ਹਨ, ਉਨ੍ਹਾਂ ਨੂੰ ਘੱਟੋ-ਘੱਟ ਇਹ ਦੋ ਮਹੀਨੇ ਦੀ ਤਨਖਾਹ ਹੀ ਨਹੀਂ ਦਿੰਦੇ, ਉਨ੍ਹਾਂ ਨੂੰ 10 ਮਹੀਨੇ ਦੀ ਤਨਖਾਹ ਦਿੱਤੀ ਜਾਂਦੀ ਹੈ, 2 ਮਹੀਨੇ ਦੀ ਕੱਟ ਲਈ ਜਾਂਦੀ ਹੈ। ਹੁਣ ਇਨ੍ਹਾਂ ਨੇ ਇਸ ਮਹੀਨੇ ਦੀ ਤਨਖਾਹ ਦਿੱਤੀ ਹੈ, ਜਿਸ ਦੇ ਵਿੱਚ ਕੋਆਰਡੀਨੇਟਰ ਨੇ ਸਬੰਧਿਤ ਟੀਚਰਾਂ ਨੂੰ ਫੋਨ ਕਰਕੇ ਹੁਣੇ ਹੀ ਕਹਿ ਦਿੱਤਾ ਕਿ ਉਨ੍ਹਾਂ ਨੂੰ ਮਾਰਚ ਮਹੀਨੇ ਦੀ ਤਨਖਾਹ ਨਹੀਂ ਦੇਣੀ ਉਹ ਆਪਣਾ ਪ੍ਰਬੰਧ ਕਰ ਲੈਣ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੇ ਬਿਜਲੀ ਦੇ ਕੁਨੈਕਸ਼ਨ ਕੱਟੇ ਗਏ ਹਨ ਜਾਂ ਜੋ ਉਨ੍ਹਾਂ ਤੋਂ ਵਾਧੂ ਕੰਮ ਡਾਕ ਵਗੈਰਾ ਦਾ ਲਿਆ ਜਾਂਦਾ ਹੈ ਉਹ ਨਾ ਲਏ ਜਾਣ। ਜੇਕਰ ਸਾਡੇ ਸਕੂਲਾਂ ਦੇ ਮੁੱਢਲੇ ਪ੍ਰਬੰਧ ਠੀਕ ਕੀਤੇ ਜਾ ਸਕਦੇ ਹਨ ਤਾਂ ਫਿਰ ਹੀ ਆਪਾਂ ਅੱਗੇ ਵੱਧ ਸਕਦੇ ਹਾਂ। ਧੰਨਵਾਦ ਜੀ।

**ਡਾਕਟਰ ਸੁਖਵਿੰਦਰ ਕੁਮਾਰ (ਬੰਗਾ ਐਸ.ਸੀ.):** ਮਾਨਯੋਗ ਚੇਅਰਮੈਨ ਸਾਹਿਬ, ਮੈਂਬਰ ਸਾਹਿਬ ਨੇ ਮਤਾ ਲੈ ਕੇ ਆਉਂਦਾ ਹੈ ਕਿ ਸਾਨੂੰ ਸਕੂਲਾਂ ਦੇ ਵਿੱਚ ਵਧੀਆ infrastructure ਦੇਣਾ ਚਾਹੀਦਾ ਹੈ । ਉਸ ਦੇ ਵਿੱਚ ਉਨ੍ਹਾਂ ਨੇ ਇਹ ਗੱਲ ਰੱਖੀ ਕਿ "ਠੋਸ ਇਮਾਰਤ ਮਜ਼ਬੂਤ ਬੱਚੇ"। ਮੈਂ ਸਮਝਦਾ ਹਾਂ ਕਿ 2 ਸਾਲ ਦੇ ਵਿੱਚ ਜੋ ਕਾਂਗਰਸ ਸਰਕਾਰ ਨੇ ਕੀਤਾ। ਅਸੀਂ ਇਹ ਕਹਿ ਸਕਦੇ ਹਾਂ "ਠੋਸ ਇਮਾਰਤ, ਮਜ਼ਬੂਰ ਬੱਚੇ"। ਅੱਜ ਇਮਾਰਤ ਦੀ ਗੱਲ ਕੀਤੀ ਗਈ । ਮੈਂ ਸਮਝਦਾ ਹਾਂ ਕਿ ਜੇ ਅਸੀਂ ਵਿਧਾਨ ਸਭਾ ਨੂੰ ਜਿਸ ਨੂੰ ਕਿ ਅਸੀਂ ਪਵਿੱਤਰ ਸਥਾਨ ਕਹਿੰਦੇ ਹਾਂ। ਜੇ

ਅਸੀਂ ਸਾਰੇ ਇਥੇ ਬੈਠੇ ਹਾਂ ਤਾਂ ਹੀ ਇਹ ਪਵਿੱਤਰ ਹੈ, ਨਹੀਂ ਤਾਂ ਇਮਾਰਤ ਦੀ ਕੋਈ ਵੈਲਿਊ ਨਹੀਂ ਹੈ। ਸਾਡੇ ਜਿਹੜੇ ਬੱਚੇ ਹਨ ਉਹ ਸਾਡੇ ਦੇਸ਼ ਦਾ future ਹਨ। ਸਰਕਾਰੀ ਸਕੂਲਾਂ ਵਿੱਚ 95% ਬੱਚੇ ਦਲਿਤ ਸਮਾਜ ਵਿੱਚੋਂ ਆ ਕੇ ਪੜ੍ਹਦੇ ਹਨ ਅਤੇ 5% ਬੱਚੇ ਸੁਸਾਇਟੀ ਦੇ ਵੀਕਰ ਸੈਕਸ਼ਨ ਵਿੱਚੋਂ ਆਉਂਦੇ ਹਨ। ਅੱਜ ਅਸੀਂ ਇਕੱਲੀ ਬਿਲਡਿੰਗ ਦੇ ਦੇਈਏ, ਜਿਵੇਂ ਕਿ ਅਸੀਂ ਕਹਿੰਦੇ ਹਾਂ, ਉਹ ਹੀ ਕਾਫੀ ਨਹੀਂ ਹੈ। ਉਹੀ ਬੱਚਾ ਜਿਸ ਨੂੰ ਜਿੰਨਾ ਚੰਗਾ ਸਿਖਾ ਦੇਈਏ, ਜਿੰਨੀ ਫੈਸਿਲਿਟੀ ਦੇ ਦੇਈਏ, ਜਿੰਨਾ ਉਸ ਦੇ ਦਿਮਾਗ ਵਿੱਚ ਪਾ ਦੇਈਏ, ਬੇਸ਼ੱਕ ਛੋਟਾ ਬੱਚਾ ਰੋਜ਼ ਊਠ ਨੂੰ ਦੇਖਦਾ ਹੈ, ਜੇਕਰ ਉਸ ਨੂੰ ਪਹਿਲੇ ਦਿਨ ਮਾਸਟਰ ਕਹੇ ਕਿ ੳ ਊਠ, ਉਹ ੳ ਬੋਤਾ ਕਹੇਗਾ ਪਰ ਸਾਲ-ਡੇਢ ਸਾਲ ਬਾਅਦ ਉਹ ਸਿੱਖ ਜਾਵੇਗਾ ਕਿ ੳ ਊਠ ਹੁੰਦਾ ਹੈ। ਉੱਥੇ ਟੀਚਰ ਚਾਹੀਦੇ ਹਨ। ਸਭ ਤੋਂ ਵੱਡੀ ਗੱਲ ਹੈ ਕਿ ਜਦੋਂ ਬੱਚਾ ਸਵੇਰੇ ਤਿਆਰ ਹੋ ਕੇ ਖੜ੍ਹਦਾ ਹੈ, ਇੱਕ ਪਾਸੇ ਉਹ ਬੱਚਾ ਜਿਸ ਕੋਲ ਯੂਨੀਫਾਰਮ ਨਹੀਂ, ਸਾਡੀ ਅੱਜ ਵੀ ਇਹ ਤ੍ਰਾਸਦੀ ਹੈ ਕਿ ਅਜੇ ਤੱਕ ਇਸੇ ਸਰਕਾਰ ਨੇ ਬੱਚਿਆਂ ਨੂੰ ਸਰਦੀ ਦੀ ਵਰਦੀ ਨਹੀਂ ਦਿੱਤੀ। ਇੱਕ ਬੱਚਾ ਜਿਹੜਾ ਬਿਨਾਂ ਯੂਨੀਫਾਰਮ ਪਾ ਕੇ ਖੜ੍ਹਾ ਹੈ, ਜਿਹੜਾ ਇੱਕ ਚੰਗੀ ਬੱਸ ਦੀ ਉਡੀਕ ਕਰਦਾ ਹੈ, ਜਿਸ ਨੇ ਪ੍ਰਾਈਵੇਟ ਸਕੂਲ ਵਿੱਚ ਜਾਣਾ ਹੈ, ਜਿੱਥੇ ਉਸ ਨੂੰ ਹਰ ਤਰ੍ਹਾਂ ਦੀ ਫੈਸਿਲਿਟੀ ਹੈ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਹੋਣ ਨਾਲ ਦੂਜੇ ਬੱਚੇ ਵਿੱਚ ਇੱਕ ਹੀਣ ਭਾਵਨਾ ਆਉਂਦੀ ਹੈ ਔਰ ਜਿਸ ਬੱਚੇ ਵਿੱਚ ਪਹਿਲਾਂ ਹੀ ਹੀਣ ਭਾਵਨਾ ਆ ਜਾਵੇ ਉਹ complete human being ਨਹੀਂ ਬਣ ਸਕਦਾ। ਅੱਜ ਸਕੂਲਾਂ ਵਿੱਚ ਬੱਚਿਆਂ ਨੂੰ ਬੁੱਕਸ ਨਹੀਂ ਦਿੱਤੀਆਂ ਜਾ ਰਹੀਆਂ। ਜੇਕਰ ਜਿਹੜੇ ਮਜਬੂਰ ਬੱਚੇ ਹਨ, ਜਿਨ੍ਹਾਂ ਕੋਲ ਖਾਣ ਲਈ ਰੋਟੀ ਨਹੀਂ ਹੈ, ਪਹਿਨਣ ਲਈ ਕੱਪੜੇ ਨਹੀਂ, ਜਿਨ੍ਹਾਂ ਦੀ ਲੜਾਈ ਬਾਬਾ ਸਾਹਿਬ ਡਾਕਟਰ ਅੰਬੇਦਕਰ ਨੇ ਬੜਾ ਸੰਘਰਸ਼ ਕਰਕੇ, ਕਿਉਂਕਿ ਬਾਬਾ ਸਾਹਿਬ ਡਾਕਟਰ ਅੰਬੇਦਕਰ ਦੇ ਆਪਣੇ ਚਾਰ ਬੱਚੇ, ਕਿਉਂਕਿ ਉਹ ਸਮਾਜ ਦੇ ਪਿੱਛੇ ਲੱਗੇ ਸਨ, ਉਹ ਉਨ੍ਹਾਂ ਨੂੰ ਇਲਾਜ ਨਹੀਂ ਦੇ ਸਕੇ। ਉਹ ਇਲਾਜ ਖੁਣੋਂ ਮਰ ਗਏ। ਇਸ ਕਰਕੇ ਬਾਬਾ ਸਾਹਿਬ ਡਾਕਟਰ ਅੰਬੇਦਕਰ ਲੱਗੇ ਸੀ ਕਿ ਜਿਹੜੇ ਦਲਿਤ ਸਮਾਜ ਦੇ ਬੱਚੇ ਹਨ, ਉਹ ਆਉਣ ਵਾਲੇ ਦਿਨਾਂ ਵਿੱਚ ਪੜ੍ਹ ਲਿਖ ਕੇ ਵੱਡੇ-ਵੱਡੇ ਅਫਸਰ ਬਣ ਸਕਣ ਔਰ ਸਮਾਜ ਵਿੱਚ ਆਪਣੀ ਇੱਕ ਪਿਰਤ ਪਾ ਸਕਣ। ਅੱਜ ਸਕੂਲਾਂ ਵਿੱਚ ਬੈਠਣ ਲਈ ਡੈੱਸਕ ਨਹੀਂ ਹਨ। 70 ਸਾਲ ਦੀ ਆਜ਼ਾਦੀ ਤੋਂ ਬਾਅਦ ਵੀ ਅੱਜ ਬਹੁਤ ਸਕੂਲ ਹਨ ਜਿੱਥੇ ਤੱਪੜ ਨਹੀਂ, ਅੱਜ ਵੀ ਬੱਚੇ ਬੋਰੀਆਂ ਲੈ ਕੇ ਜਾਂਦੇ ਹਨ, ਇਹ ਕਿਸ ਤਰ੍ਹਾਂ

[ਡਾਕਟਰ ਸੁਖਵਿੰਦਰ ਕੁਮਾਰ]

ਦਾ ਸਿਸਟਮ ਹੈ। ਮੈਂ ਸਮਝਦਾ ਹਾਂ ਕਿ ਇੱਕ ਜਿਹੜਾ ਬੱਚਾ ਹੈ, ਨਾਲ ਨਾਲ ਉਸ ਨੇ ਜਿੱਥੇ ਐਜੂਕੇਸ਼ਨ ਲੈਣੀ ਹੈ, ਉਸ ਦੇ ਨਾਲ ਨਾਲ ਉਸ ਦੀ ਸਿਹਤ ਵੀ ਬਹੁਤ ਚੰਗੀ ਹੋਣੀ ਚਾਹੀਦੀ ਹੈ। ਅੱਜ ਦੁਨੀਆਂ ਵਿੱਚ ਇੱਕ ਕਲਾਸ ਵਿੱਚ 30 ਬੱਚਿਆਂ ਨੂੰ ਇੱਕ ਟੀਚਰ ਦਿੱਤਾ ਜਾਂਦਾ ਹੈ। ਚੇਅਰਮੈਨ ਸਾਹਿਬ, ਤੁਸੀਂ ਦੇਖਿਆ ਹੋਣਾ ਹੈ, ਅੱਜ ਮਾਵਾਂ ਦੇ ਦੋ-ਦੋ ਤਿੰਨ-ਤਿੰਨ ਬੱਚੇ ਹਨ, ਦੋ ਬੱਚਿਆਂ ਤੋਂ ਵੱਧ ਬਹੁਤ ਘੱਟ ਹੈ। ਸਾਰਾ ਦਿਨ ਮਾਂ ਪਾਗਲ ਹੋ ਜਾਂਦੀ ਹੈ। ਕੀ ਤੁਸੀਂ ਸੋਚਦੇ ਹੋ ਕਿ ਜਿੱਥੇ ਬੱਚਿਆਂ ਨੂੰ ਬਹੁਤ ਅਟੈਂਸ਼ਨ ਦੀ ਲੋੜ ਹੁੰਦੀ ਹੈ, ਉੱਥੇ 30 ਬੱਚਿਆਂ ਨੂੰ ਇੱਕ ਟੀਚਰ ਪੜ੍ਹਾ ਸਕਦਾ ਹੈ? ਪੰਜਾਬ ਦੀ ਇਹ ਤਰਾਸਦੀ ਹੈ ਕਿ ਪੰਜਾਬ ਦੇ ਅੰਦਰ ਅੱਜ ਵੀ ਹਜ਼ਾਰਾਂ ਹੀ ਸਕੂਲ ਸਿੰਗਲ ਟੀਚਰ ਸਕੂਲ ਹਨ ਜਾਂ ਵੱਧ ਤੋਂ ਵੱਧ ਦੋ ਟੀਚਰ ਦਿੱਤੇ ਗਏ ਹਨ। ਮੈਂ ਸਮਝਦਾ ਹਾਂ ਕਿ ਹਰ ਕਲਾਸ ਵਿੱਚ, ਜੇਕਰ ਇਹ ਚਾਹੁੰਦੇ ਹਨ ਕਿ ਸਮਾਜ ਦੇ ਉਹ ਲੋਕ ਜਿਹੜੇ ਪੈਸੇ ਦੀ ਕਮੀ ਕਰਕੇ ਚੰਗੇ ਸਕੂਲਾਂ ਵਿੱਚ ਨਹੀਂ ਜਾ ਰਹੇ, ਉਨ੍ਹਾਂ ਦੀ ਇੱਕ ਕਲਾਸ ਵਿੱਚ ਇੱਕ ਟੀਚਰ ਹੋਣਾ ਬਹੁਤ ਜ਼ਰੂਰੀ ਹੈ।

**ਸ਼੍ਰੀ ਸਭਾਪਤੀ :** ਧੰਨਵਾਦ ਡਾਕਟਰ ਸਾਹਿਬ।

**ਡਾਕਟਰ ਸੁਖਵਿੰਦਰ ਕੁਮਾਰ :** ਇੱਕ ਮਿੰਟ, ਸਰ, ਪਲੀਜ਼। ਮੈਨੂੰ ਗੱਲ ਕਰ ਲੈਣ ਦਿਉ।

**ਸ਼੍ਰੀ ਸਭਾਪਤੀ :** ਥੋੜ੍ਹਾ ਥੋੜ੍ਹਾ ਸਮਾਂ ਸਾਰਿਆਂ ਨੂੰ ਦੇ ਦੇਈਏ।

**ਡਾਕਟਰ ਸੁਖਵਿੰਦਰ ਕੁਮਾਰ :** ਦੋ ਮਿੰਟ ਸਰ। ਟਾਈਮ ਵਧਾ ਲਉ, ਅਸੀਂ ਬੈਠਣ ਨੂੰ ਤਿਆਰ ਹਾਂ। ਸਰ, ਮੈਂ ਸਕੂਲ ਹੈਲਥ ਦੀ ਗੱਲ ਕਰਨ ਲੱਗਾ ਹਾਂ। ਅੱਜ ਸਕੂਲ ਹੈਲਥ ਦੇ ਨਾਂ ਤੇ ਜਿਹੜੇ ਬੱਚੇ ਹਨ, ਉਨ੍ਹਾਂ ਵਿੱਚੋਂ ਬਹੁਤ ਬੱਚਿਆਂ ਵਿੱਚ ਖੂਨ ਦੀ ਕਮੀ ਹੁੰਦੀ ਹੈ। ਚੇਅਰਮੈਨ ਸਾਹਿਬ, ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਪਿਛਲੇ ਸਾਲ 31 ਜਨਵਰੀ, 2018 ਤੱਕ ਆਇਰਨ ਅਤੇ ਫੌਲਿਕ ਐਸਿਡ ਦੀਆਂ ਗੋਲੀਆਂ ਆਈਆਂ, ਉਸ ਤੋਂ ਇੱਕ ਸਾਲ ਤੱਕ ਕੋਈ ਵੀ ਆਇਰਨ ਦੀ ਗੋਲੀ ਨਹੀਂ ਆਈ। ਉਨ੍ਹਾਂ ਨੂੰ ਪ੍ਰਾਪਰ ਡਾਈਟ ਨਹੀਂ ਮਿਲਦੀ। ਜਿਹੜਾ ਅਸੀਂ ਮਿਡ ਡੇਅ ਮੀਲ ਦਿੰਦੇ ਹਾਂ, ਜਿਹੜੀ ਉਨ੍ਹਾਂ ਨੂੰ ਡਾਈਟ ਦੀ ਲੋੜ ਹੈ, ਉਸ ਨੂੰ ਕੋਈ ਵੀ ਪ੍ਰੋਟੀਨ ਨਹੀਂ ਦਿੱਤੀ ਜਾਂਦੀ। ਸਭ ਤੋਂ ਵੱਡੀ ਗੱਲ, ਮੈਂ ਕੱਲ੍ਹ ਵੀ ਇਹ ਗੱਲ ਕਹੀ, ਪਰ ਕੱਲ੍ਹ ਤਾਂ ਮੇਰੀ ਗੱਲ ਸੁਣੀ ਨਹੀਂ ਗਈ, ਨਾ ਮੇਰੀ ਮੰਤਰੀ ਸਾਹਿਬ ਨੇ ਸੁਣੀ, ਚੱਲੋ, ਸ਼ੁਕਰ ਹੈ ਕਿ ਤੁਸੀਂ ਮੈਨੂੰ ਟਾਈਮ ਦਿੱਤਾ ਹੈ। ਸਰ, ਮੈਂ ਕੱਲ੍ਹ ਗੱਲ ਕਹੀ ਸੀ ਕਿ 10% ਲੋਕ ਇਸ ਸੁਸਾਇਟੀ ਵਿੱਚ ਗੂੰਗੇ-ਬੋਲੇ ਹਨ ਔਰ ਉਨ੍ਹਾਂ ਦੇ ਵਿੱਚੋਂ 1% ਬੱਚੇ ਉਹ ਹਨ ਜਿਹੜੇ ਗੂੰਗੇ-ਬੋਲੇ ਹਨ। ਬਾਹਰਲੇ ਡਿਵੈਲਪਡ ਕੰਟਰੀਜ਼ ਵਿੱਚ ਜਦੋਂ

ਬੱਚਾ ਜਨਮ ਲੈਂਦਾ ਹੈ, ਉਸ ਦਾ ਜਨਮ ਲੈਣ ਸਮੇਂ ਹੀ ਉਸ ਦੀ ਹੀਅਰਿੰਗ ਦੀ ਸਕਰੀਨਿੰਗ ਕੀਤੀ ਜਾਂਦੀ ਹੈ ਅਤੇ ਉਹ ਇੱਕ ਨਰਸ ਕਰਦੀ ਹੈ। ਪੰਜਾਬ ਦੇ ਅੰਦਰ ਜਿੱਥੇ ਕਹਿੰਦੇ ਹਨ ਕਿ ਅਸੀਂ ਬੱਚਿਆਂ ਦਾ ਫਰੀ ਟਰੀਟਮੈਂਟ ਕਰਦੇ ਹਾਂ, ਇੱਕ ਢਾਈ ਲੱਖ ਰੁਪਏ ਦੀ ਮਸ਼ੀਨ ਆਉਂਦੀ ਹੈ, OAE- Otoacoustic Emissions Screener ਮਸ਼ੀਨ ਹੈ, ਉਹ ਢਾਈ ਲੱਖ ਰੁਪਏ ਦੀ ਆਉਂਦੀ ਹੈ। ਪਰ ਪੰਜਾਬ ਦੀ ਬਦਕਿਸਮਤੀ ਹੈ ਕਿ.....

**ਸ਼੍ਰੀ ਸਭਾਪਤੀ :** ਡਾਕਟਰ ਸਾਹਿਬ, ਇਹ ਤਾਂ ਕੱਲ੍ਹ ਵੀ ਗੱਲ ਆ ਗਈ ਹੈ।

**ਡਾਕਟਰ ਸੁਖਵਿੰਦਰ ਕੁਮਾਰ :** ਸਰ, ਉਸੇ ਤੇ ਆ ਰਿਹਾ ਹਾਂ। ਸਰ ਟਾਈਮ ਵਧਾ ਲਓ । ਮੇਰੀ ਗੱਲ ਕਿੱਥੇ ਆਈ ਹੈ ਜੀ, ਅਜੇ ਤਾਂ ਮੇਰੀ ਗੱਲ ਆਈ ਹੀ ਨਹੀਂ ਹੈ।

**ਸ਼੍ਰੀ ਸਭਾਪਤੀ :** ਹਾਂ ਜੀ, ਸਰਦਾਰ ਕੁਲਤਾਰ ਸਿੰਘ ਸੰਧਵਾਂ ਜੀ।

**ਡਾਕਟਰ ਸੁਖਵਿੰਦਰ ਕੁਮਾਰ:** ਸਰ, ਇੱਕ ਮਿੰਟ ਦੇ ਦਿਓ ਜੀ, ਇੱਕ ਮਿੰਟ ਦੇ ਦਿਓ।

**ਸ਼੍ਰੀ ਸਭਾਪਤੀ:** ਹਾਂ ਜੀ, ਸਰਦਾਰ ਕੁਲਤਾਰ ਸਿੰਘ ਸੰਧਵਾਂ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ (ਕੋਟਕਪੂਰਾ):** ਮਾਨਯੋਗ ਚੇਅਰਮੈਨ ਸਾਹਿਬ, ਬਹੁਤ ਧੰਨਵਾਦ। ਜਿਹੜੇ ਸਾਡੇ ਸਤਿਕਾਰਯੋਗ ਮੈਂਬਰ ਸਾਹਿਬ ਗੱਲਾਂ ਕਰਕੇ ਗਏ ਹਨ ਕਿ ਪੰਜਾਬ ਵਿੱਚ ਸਰਕਾਰੀ ਐਜੂਕੇਸ਼ਨ ਦਾ ਪੱਧਰ ਬਹੁਤ ਉੱਚਾ ਹੋ ਗਿਆ ਹੈ। ਸ਼ਾਇਦ ਮੈਂ ਚਾਹੁੰਦਾ ਹਾਂ ਕਿ ਮੈਂ ਇਸ ਨਾਲ ਇਤਫਾਕ ਰੱਖਾਂ, ਮੇਰਾ ਦਿਲ ਕਰਦਾ ਹੈ ਕਿ ਮੈਂ ਇਸ ਗੱਲ ਨੂੰ ਮੰਨਾਂ, ਮੇਰੇ ਪਿੰਡ ਵਿੱਚ ਜਿਹੜਾ ਸਰਕਾਰੀ ਸਕੂਲ ਹੈ ਉਸ ਦਾ ਨਾਂ ਮੇਰੇ ਪੜਦਾਦਾ ਜੀ ਦੇ ਨਾਂ ਤੇ ਹੈ। ਮੈਂ ਜਿੰਨਾ ਆਪਣੇ ਧਾਰਮਿਕ ਸਥਾਨਾਂ ਦੀ ਇੱਜ਼ਤ ਕਰਦਾ ਹਾਂ ਉਨ੍ਹਾਂ ਹੀ ਮੈਂ ਉਸ ਸਕੂਲ ਨੂੰ ਮਹੱਤਵਪੂਰਨ ਮੰਨਦਾ ਹਾਂ ਪਰ ਮੇਰੇ ਵਿੱਚ ਇੰਨਾ ਹੌਂਸਲਾ ਨਹੀਂ ਪਿਆ ਕਿ ਮੈਂ ਆਪਣੇ ਬੱਚਿਆਂ ਨੂੰ ਉਸ ਸਕੂਲ ਵਿੱਚ ਪੜ੍ਹਾ ਸਕਾਂ। ਮੇਰਾ ਖਿਆਲ ਹੈ ਕਿ ਸੋਨੀ ਜੀ ਵੀ ਕਾਬਲ ਮੰਤਰੀਆਂ ਵਿੱਚ ਸ਼ੁਮਾਰ ਹੋਣਾ ਚਾਹੁੰਦੇ ਹੋਣਗੇ। ਸਤਿਕਾਰਯੋਗ ਰਾਜਾ ਜੀ ਨੇ ਵੀ ਕਾਫੀ ਵਾਰੀ ਸੋਨੀ ਜੀ ਦਾ ਨਾਂ ਲਿਆ ਹੈ ਕਿ ਬੜਾ ਕੰਮ ਕੀਤਾ ਹੈ ਪਰ ਇਨ੍ਹਾਂ ਦਾ ਵੀ ਆਪਣੇ ਬੱਚੇ ਨੂੰ ਸਰਕਾਰੀ ਸਕੂਲ ਵਿੱਚ ਪੜ੍ਹਾਉਣ ਦਾ ਹੌਂਸਲਾ ਨਹੀਂ ਪਿਆ ਹੋਣਾ ਹੈ। ਇਹ

[ਸਰਦਾਰ ਕੁਲਤਾਰ ਸਿੰਘ ਸੰਧਵਾਂ]

ਸਾਡੇ ਪੰਜਾਬ ਦੇ ਹਾਲਾਤ ਹਨ। ਆਪਾਂ ਟਾਈਮ ਕਿਲਿੰਗ ਨਾ ਕਰੀਏ। ਤੁਸੀਂ ਦੇਖੋ ਸ਼੍ਰੀ ਬ੍ਰਹਮ ਮਹਿੰਦਰਾ ਜੀ ਇੱਥੇ ਆ ਗਏ ਹਨ। ਇਹ ਮੇਰੇ ਪਿਤਾ ਦੀ ਉਮਰ ਦੇ ਹਨ, ਮੈਂ ਇਨ੍ਹਾਂ ਦਾ ਬਹੁਤ ਸਤਿਕਾਰ ਕਰਦਾ ਹਾਂ। ਚੇਅਰਮੈਨ ਸਾਹਿਬ, ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਦੀ ਐਜੂਕੇਸ਼ਨ ਬਾਰੇ ਕਿੰਨੀ ਸੀਰੀਅਸਨੈੱਸ ਹੈ। ਇੱਥੇ ਅੱਠ ਮੰਤਰੀ ਬੈਠੇ ਹਨ ਔਰ ਅਫਸਰ ਵੀ ਸਾਰੇ ਅੱਠ ਹੀ ਹਨ। ਇਹ ਐਜੂਕੇਸ਼ਨ ਦੇ ਟਾਪਿਕ ਨੂੰ ਆਪਾਂ ਡਿਸਕਸ ਕਰ ਰਹੇ ਹਾਂ। ਇਹ ਸਾਡੀ ਸੀਰੀਅਸਨੈੱਸ ਹੈ। ਮੈਂ ਇਹ ਚਾਹੁੰਦਾ ਹਾਂ ਕਿ ਇਹ ਇਨਕਲਾਬੀ ਹੋ ਸਕਦਾ ਹੈ ਕਿਉਂਕਿ ਮੇਰਾ ਮੰਨਣਾ ਇਹ ਹੈ ਕਿ ਸਿੱਖਿਆ, ਸੜਕ, ਸਿਹਤ, ਬਿਜਲੀ ਤੇ ਪਾਣੀ ਇਹ ਬੇਸਿਕ ਸਰਵਿਸਿਜ਼ ਹਨ ਜਿਨ੍ਹਾਂ ਤੇ ਸਰਕਾਰ ਦਾ ਸਿੱਧਾ ਧਿਆਨ ਹੋਣਾ ਚਾਹੀਦਾ ਹੈ, ਸਰਕਾਰ ਦੀ ਸਿੱਧੀ ਇਨਵਾਲਵਮੈਂਟ ਹੋਣੀ ਚਾਹੀਦੀ ਹੈ। ਦਿੱਲੀ ਵਿੱਚ ਅੱਜ ਹਰੇਕ ਗਰੀਬ, ਹਰੇਕ ਅਮੀਰ ਦਾ ਸਰਕਾਰੀ ਸਕੂਲ ਵਿੱਚ ਆਪਣਾ ਬੱਚਾ ਪੜ੍ਹਾਉਣ ਦਾ ਦਿਲ ਕਰਦਾ ਹੈ ਔਰ ਉਹ ਪੜ੍ਹਾ ਰਹੇ ਹਨ। ਦਿੱਲੀ ਵਿੱਚ ਮੰਤਰੀ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹਾ ਰਹੇ ਹਨ। ਕੀ ਇਹ ਪੰਜਾਬ ਵਿੱਚ ਨਹੀਂ ਕਰ ਸਕਦੇ ਹਨ? ਅਸੀਂ ਕਰ ਸਕਦੇ ਹਾਂ। ਮੈਂ ਹਾਊਸ ਨੂੰ ਬੇਨਤੀ ਕਰਦਾ ਹਾਂ ਔਰ ਇੱਥੇ ਜਿੰਨੇ ਸਾਡੇ ਸਾਥੀ ਬੈਠੇ ਹਨ, ਸਾਡੇ ਪ੍ਰੈਸ ਵਾਲੇ ਸਾਥੀ ਬੈਠੇ ਹਨ ਕਿ ਕਿਤੇ ਐਸਾ ਮੌਕਾ ਬਣੇ ਕਿ ਇਨ੍ਹਾਂ ਦੇ ਮਨ ਵਿੱਚ, ਜਿਹੜੇ ਇੱਧਰ ਬੈਠੇ ਹਨ, ਇਨ੍ਹਾਂ ਦੇ ਮਨ ਵਿੱਚ ਰਹਿਮ ਆ ਜਾਵੇ ਅਤੇ ਆਪਾਂ ਇੱਕ ਕਾਨੂੰਨ ਬਣਾ ਲਈਏ ਕਿ ਜਿਹੜਾ ਵੀ ਬੰਦਾ ਸਰਕਾਰੀ ਖਜ਼ਾਨੇ ਵਿੱਚੋਂ ਤਨਖਾਹ ਡਰਾਅ ਕਰਦਾ ਹੈ ਉਸ ਦੇ ਬੱਚੇ ਸਰਕਾਰੀ ਸਕੂਲ ਵਿੱਚ ਪੜ੍ਹਨ। (ਥੰਪਿੰਗ) ਇਸ ਤੇ ਅਲਾਹਾਬਾਦ ਹਾਈ ਕੋਰਟ ਨੇ ਫੈਸਲਾ ਵੀ ਦਿੱਤਾ ਹੈ। ਪਤਾ ਨਹੀਂ ਕਿੰਨੇ ਲੋਕ ਇਸ ਨਾਲ ਸਹਿਮਤ ਹੋਣਗੇ ਪਰ ਜੇ ਕਿਤੇ ਗੁਰੂ ਨੇ ਸਾਡੇ ਤੇ ਕਿਰਪਾ ਕੀਤੀ ਤਾਂ ਅਸੀਂ ਜ਼ਰੂਰ ਇਹ ਕਾਨੂੰਨ ਲਿਆਵਾਂਗੇ।

**ਸ਼੍ਰੀ ਸਭਾਪਤੀ :** ਧੰਨਵਾਦ ਸੰਧਵਾਂ ਸਾਹਿਬ। ਹਾਂ ਜੀ, ਡਾਕਟਰ ਹਰਜੋਤ ਕਮਲ ਜੀ। (ਵਿਘਨ)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਕਿਰਪਾ ਕੀਤੀ ਹੋਈ ਹੈ, ਦਿੱਲੀ ਵਿੱਚ ਇਹ ਕਾਨੂੰਨ ਲਿਆਓ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਦਿੱਲੀ ਵਿੱਚ ਅਸੀਂ ਕਰ ਦਿੱਤਾ ਹੈ ਜੀ। ਅਸੀਂ ਸਕੂਲ ਵਧੀਆ ਕਰ ਦਿੱਤੇ ਹਨ।

**ਸ਼੍ਰੀ ਸਭਾਪਤੀ :** ਹਾਂ ਜੀ, ਡਾਕਟਰ ਹਰਜੋਤ ਕਮਲ ਸਿੰਘ ਜੀ।।

**ਡਾਕਟਰ ਹਰਜੋਤ ਕਮਲ ਸਿੰਘ (ਮੋਗਾ) :** ਬਹੁਤ ਧੰਨਵਾਦ, ਚੇਅਰਮੈਨ ਸਾਹਿਬ, ਤੁਸੀਂ ਮੈਨੂੰ ਅੱਜ ਇਸ ਬਹੁਤ ਹੀ ਅਹਿਮ ਟਾਪਿਕ ਤੇ ਬੋਲਣ ਦਾ ਮੌਕਾ ਦਿੱਤਾ ਹੈ ਜਿਸ ਵਿਚ ਐਜੂਕੇਸ਼ਨ ਤੇ ਹੈਲਥ ਦੇ ਉੱਪਰ ਸਾਡੀ ਪੰਜਾਬ ਦੀ ਸਰਕਾਰ ਨੇ ਇੱਕ ਵਿਜ਼ਨ ਵੀ ਰੱਖਿਆ ਹੈ। ਇਹ ਜਿਹੜਾ ਰਾਜਾ ਜੀ ਨੇ ਐਜੂਕੇਸ਼ਨ ਦਾ ਮਤਾ ਪੇਸ਼ ਕੀਤਾ ਸੀ ਉਸ ਉੱਪਰ ਤੁਸੀਂ ਅੱਜ ਮੈਨੂੰ ਸਦਨ ਵਿੱਚ ਵਿਚਾਰ ਰੱਖਣ ਦਾ ਮੌਕਾ ਦਿੱਤਾ ਹੈ। ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਸਰ, ਇਹ ਐਜੂਕੇਸ਼ਨ ਇੱਕ ਇਹੋ ਜਿਹਾ ਮੁੱਦਾ ਹੈ ਕਿ ਜਿਸ ਬਾਰੇ ਗੁਰਬਾਣੀ ਵਿੱਚ ਵੀ ਲਿਖਿਆ ਹੈ ਕਿ "ਵਿਦਿਆ ਵੀਚਾਰੀ ਤਾਂ ਪਰਉਪਕਾਰੀ॥" ਔਰ ਸ਼ਾਸਤਰਾਂ ਵਿੱਚ ਵੀ ਲਿਖਿਆ ਹੈ ਕਿ ਜਿਹੜਾ ਮਨੁੱਖ ਵਿਦਿਆ ਤੋਂ ਬਿਨਾਂ ਹੈ ਉਹ ਪਸ਼ੂ ਦੇ ਸਮਾਨ ਹੈ। ਅੱਜ ਅਸੀਂ ਇਸ ਗੱਲ ਨੂੰ ਮਹਿਸੂਸ ਕਰਦੇ ਹਾਂ ਕਿ ਪੜ੍ਹਿਆ-ਲਿਖਿਆ ਬੰਦਾ ਹਰ ਥਾਂ ਤੇ ਰਾਜ ਕਰਦਾ ਹੈ। ਅਕਬਰ ਭਾਵੇਂ ਰਾਜਾ ਸੀ ਪਰ ਬੀਰਬਲ ਪੜ੍ਹਿਆ ਹੋਣ ਕਰਕੇ ਉੱਥੇ ਰਾਜ ਕਰਦਾ ਰਿਹਾ। ਸਰ, ਮੈਂ ਸਭ ਤੋਂ ਪਹਿਲਾਂ ਇਸ ਗੱਲ ਵਾਸਤੇ ਪੰਜਾਬ ਦੀ ਮੌਜੂਦਾ ਸਰਕਾਰ ਨੂੰ, ਸਾਡੇ ਮੁੱਖ ਮੰਤਰੀ ਸਾਹਿਬ, ਸਾਡੇ ਸਿੱਖਿਆ ਮੰਤਰੀ, ਸ਼੍ਰੀ ਓ.ਪੀ. ਸੋਨੀ ਜੀ ਅਤੇ ਸਾਡੇ ਖਜ਼ਾਨਾ ਮੰਤਰੀ, ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਦਾ ਧੰਨਵਾਦ ਵੀ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਆਪਣਾ ਵਿਸ਼ੇਸ਼ ਧਿਆਨ ਇਸ ਪਾਸੇ ਲਾਇਆ ਅਤੇ ਬੜੀਆਂ ਚੀਜ਼ਾਂ ਤੇ ਬਦਲਾਅ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਇਹ ਗੱਲ ਸਮਝਦਾ ਹਾਂ ਕਿ ਬਹੁਤ ਸਾਰੇ ਸਾਥੀ ਇਸ ਤੇ ਨੈਗੇਟਿਵ ਵਿਚਾਰ ਰੱਖਦੇ ਹਨ ਪਰ ਮੈਂ ਸਮਝਦਾ ਹਾਂ ਕਿ ਪਹਿਲੀ ਪੌੜੀ ਤੇ ਚੜ੍ਹੇ ਬਿਨਾਂ....

**ਸ਼੍ਰੀ ਸਭਾਪਤੀ :** ਹੁਣ ਸਦਨ, ਸ਼ੁੱਕਰਵਾਰ, ਮਿਤੀ 22 ਫਰਵਰੀ, 2019 ਦੇ 10.00 ਵਜੇ ਸਵੇਰ ਤੱਕ ਸਥਗਿਤ ਹੁੰਦਾ ਹੈ।

{*2.30 ਵਜੇ ਬਾਅਦ ਦੁਪਹਿਰ} (ਇਸ ਉਪਰੰਤ ਸਦਨ ਸ਼ੁੱਕਰਵਾਰ, ਮਿਤੀ 22 ਫਰਵਰੀ, 2019 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।)

-----

APPENDIX

TO

PUNJAB VIDHAN SABHA

DEBATES

Thursday, the 21st February, *2019*

*Vol. VII-No.7*

----

STARRED QUESTIONS AND ANSWERS

**ਪੀ.ਐਸ.ਪੀ.ਸੀ.ਐਲ. ਡਵੀਜ਼ਨ ਅਬੋਹਰ ਅਤੇ ਫਾਜ਼ਿਲਕਾ ਵਿੱਚ ਬਿਜਲੀ ਚੋਰੀ ਦੇ ਕੇਸਾਂ ਦੀ ਗਿਣਤੀ.**

***1931. ਸ਼੍ਰੀ ਨੱਥੂ ਰਾਮ:** ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਪੀ.ਐਸ.ਪੀ.ਸੀ.ਐਲ. ਡਵੀਜ਼ਨ ਅਬੋਹਰ ਅਤੇ ਫਾਜ਼ਿਲਕਾ ਵਿਚ 1 ਜਨਵਰੀ, 2017 ਤੋਂ ਲੈ ਕੇ 31 ਦਸੰਵਰ, 2018 ਤੱਕ (ਪਿੰਡ ਵਾਈਜ਼) ਕਿੰਨੇ ਬਿਜਲੀ ਚੋਰੀ ਦੇ ਕੇਸ ਪਕੜੇ ਗਏ ਹਨ ਤੇ ਇਨ੍ਹਾਂ ਨੂੰ (ਵਿਅਕਤੀ ਵਾਈਜ਼) ਕਿੰਨਾ ਜੁਰਮਾਨਾ ਕੀਤਾ ਗਿਆ ਹੈ;

(ਅ) ਪੀ.ਐਸ.ਪੀ.ਸੀ.ਐਲ. ਡਵੀਜ਼ਨ ਅਬੋਹਰ ਅਤੇ ਫਾਜ਼ਿਲਕਾ ਵਿਚ 1 ਜਨਵਰੀ, 2017 ਤੋਂ ਲੈ ਕੇ 31 ਦਸੰਵਰ, 2018 ਤੱਕ (ਵਿਅਕਤੀ ਵਾਈਜ਼) ਕਿੰਨੇ ਬਿਜਲੀ ਦੇ ਬਕਾਏ ਤੇ ਹਨ ਤੇ ਇਨ੍ਹਾਂ ਵਿਚੋਂ (ਪਿੰਡ ਵਾਈਜ਼) ਕਿੰਨੇ ਮੀਟਰ ਕੱਟੇ ਗਏ ਹਨ?

**ਸਰਦਾਰ ਗੁਰਪ੍ਰੀਤ ਸਿੰਘ ਕਾਂਗੜ :** 1 ਜਨਵਰੀ, 2017 ਤੋਂ ਲੈ ਕੇ 31 ਦਸੰਬਰ, 2018 ਤੱਕ ਵੰਡ ਮੰਡਲ ਅਬੋਹਰ ਅਤੇ ਫਾਜ਼ਿਲਕਾ ਅਧੀਨ ਕੁੱਲ 1821 ਬਿਜਲੀ ਚੋਰੀ ਦੇ ਕੇਸ ਫੜੇ ਗਏ ਹਨ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ ਅਤੇ ਇਨ੍ਹਾਂ ਕੇਸਾਂ ਵਿਰੁੱਧ ਲਗਭਗ 4 ਕਰੋੜ ਰੁਪਏ ਚਾਰਜ ਕੀਤੇ ਗਏ ਹਨ। ਖਪਤਕਾਰ ਅਤੇ ਪਿੰਡ ਵਾਈਜ਼ ਡਿਟੇਲ ਅਨੈਕਸਚਰ-**ਏ ਅਤੇ **ਬੀ ਤੇ ਹੈ :-

---

** Placed in the Revisor Branch.

| **ਲੜੀ ਨੰ:** | **ਡਵੀਜ਼ਨ ਦਾ ਨਾਮ** | **ਫੜ੍ਹੇ ਗਏ ਚੋਰੀ ਦੇ ਕੇਸ** |
|---|---|---|
| 1. | ਅਬੋਹਰ | 1107 |
| 2 | ਫਾਜ਼ਿਲਕਾ | 714 |
| **ਕੁੱਲ ਜੋੜ** | | **1821** |

(ਅ) 1 ਜਨਵਰੀ, 2017 ਤੋਂ 31 ਦਸੰਬਰ, 2018 ਤੱਕ ਵੰਡ ਮੰਡਲ ਅਬੋਹਰ ਅਤੇ ਫਾਜ਼ਿਲਕਾ ਅਧੀਨ ਕੁੱਲ ਬਿਜਲੀ ਦੇ ਬਕਾਏ ਦੀ ਰਕਮ/ਕੁਤਾਹੀ ਰਕਮ ਦੇ ਕੁੱਲ 32,027 ਕੇਸ ਹਨ, ਜਿਨ੍ਹਾਂ ਵਿਰੁੱਧ ਲਗਭਗ 50 ਕਰੋੜ ਰੁਪਏ ਉਗਰਾਹੁਣ ਯੋਗ ਰਕਮ ਖੜ੍ਹੀ ਹੈ। ਉਕਤ ਕੇਸਾਂ ਵਿੱਚੋਂ ਕੁੱਲ 1275 ਵੰਡ ਮੰਡਲ ਅਬੋਹਰ ਅਤੇ 272 ਵੰਡ ਮੰਡਲ ਫਾਜ਼ਿਲਕਾ ਦੇ ਖਪਤਕਾਰਾਂ ਦੇ ਕੁਨੈਕਸ਼ਨ ਪੱਕੇ ਤੌਰ ਤੇ ਕੱਟ ਦਿੱਤੇ ਗਏ ਹਨ। ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

**ਬਿਜਲੀ ਦੇ ਬਕਾਏ ਦੀ ਰਕਮ :-**

| **ਲੜੀ ਨੰ:** | **ਡਵੀਜ਼ਨ ਦਾ ਨਾਮ** | **ਬਿਜਲੀ ਦੇ ਬਕਾਏ ਦੀ ਰਕਮ ਦੇ ਕੇਸ** | **ਬਿਜਲੀ ਦੇ ਬਕਾਏ ਦੀ ਰਕਮ (ਕਰੋੜਾਂ ਵਿਚ)** |
|---|---|---|---|
| 1 | ਅਬੋਹਰ | 27853 | 47 |
| 2 | ਫਾਜ਼ਿਲਕਾ | 4174 | 3 |
| **ਕੁੱਲ ਜੋੜ** | | **32027** | **50** |

**ਖਪਤਕਾਰਾਂ ਦੇ ਕੱਟੇ ਗਏ ਕੁਨੈਕਸ਼ਨ :-**

| **ਲੜੀ ਨੰ:** | **ਡਵੀਜ਼ਨ ਦਾ ਨਾਮ** | **ਖਪਤਕਾਰਾਂ ਦੇ ਕੱਟੇ ਗਏ ਕੁਨੈਕਸ਼ਨ** |
|---|---|---|
| 1 | ਅਬੋਹਰ | 1275 |
| 2 | ਫਾਜ਼ਿਲਕਾ | 272 |
| **ਕੁੱਲ ਜੋੜ** | | **1547** |

ਖਪਤਕਾਰ ਅਤੇ ਪਿੰਡ ਵਾਈਜ਼ ਵੇਰਵੇ ਅਨੈਕਸਚਰ **ਸੀ, **ਡੀ, **ਈ ਅਤੇ **ਐਫ ਤੇ ਹਨ।

----

** Placed in the Revisor Branch.

© 2019
ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ.ਨਗਰ (ਮੁਹਾਲੀ) ਵਿਖੇ ਟਾਈਪਸੈੱਟ ਕਰਵਾ ਕੇ ਛਾਪੀ ਗਈ ।

10018/08-2019/ 230 ਕਾਪੀਆਂ ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ.ਨਗਰ,